# ਚਿਰਾਗ

ਜਨਵਰੀ-ਮਾਰਚ 2004

**January -March 2004**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ




## ਜੰਗ-ਵਿਰੋਧੀ ਕਵਿਤਾ
## ਵਿਸ਼ੇਸ਼ ਅੰਕ

ਮੁੱਲ : 15 ਰੁਪਏ ਜਨਵਰੀ-ਮਾਰਚ 2004

# ਚਿਰਾਗ (ਤਿਮਾਹੀ)

## ਜਨਵਰੀ-ਮਾਰਚ 2004

ਸੰਪਾਦਕ : ਹਰਭਜਨ ਸਿੰਘ ਹੁੰਦਲ
ਸੰਪਾਦਕੀ ਮੰਡਲ : ਡਾ. ਕਰਮਜੀਤ ਸਿੰਘ, ਸੁਰਜੀਤ ਗਿੱਲ
ਪ੍ਰਤੀਨਿਧ : ਜਰਨੈਲ ਸਿੰਘ ਕਹਾਣੀਕਾਰ (ਕੈਨੇਡਾ)


## ਤਤਕਰਾ


- ਸੰਪਾਦਕੀ — ਕੇਂਦਰੀ ਪੰਜਾਬੀ ਲੇਖਕ ਸਭਾ ਦੀ ਆਗਾਮੀ ਚੋਣ
- ਵਿਸ਼ੇਸ਼ ਕਾਲਮ — ਅਮਰੀਕਾ ਦੀ ਇਰਾਕ ਵਿਰੋਧੀ ਜੰਗ ਬਾਰੇ ਪ੍ਰਸਿੱਧ ਕਵੀਆਂ ਦੀਆਂ ਕਵਿਤਾਵਾਂ ਤੇ ਇਕ ਲੇਖ
- ਲੰਮੇਰੀ ਕਵਿਤਾ — ਸ਼ਹੀਦ ਭਗਤ ਸਿੰਘ (ਹਿੰਦੀ ਕਵੀ ਰਾਜੇਸ਼ਵਰੀ ਪ੍ਰਸਾਦ ਦਿਵੇਦੀ ਦੀ ਹਿੰਦੀ ਕਵਿਤਾ ਦਾ ਪੰਜਾਬੀ ਰੂਪ)
- ਗ਼ਜ਼ਲਾਂ — ਸੁਲੱਖਣੀ ਸਰਹੱਦੀ (ਚਾਰ ਗ਼ਜ਼ਲਾਂ), ਹਰਦਿਆਲ ਸਾਗਰ (ਦੋ ਗ਼ਜ਼ਲਾਂ) ਮੱਖਣ ਕੁਹਾੜ, ਹਰਮਿੰਦਰ ਸਿੰਘ, ਪੰਮਦੀਪ, ਪ੍ਰੇਮ ਸਾਹਿਲ, ਸੁਖਵਿੰਦਰ ਰੰਧਾਵਾ
- ਪੰਜਾਬੀ ਕਹਾਣੀ — ਢੇਰੀਆਂ (ਮਨਜੀਤ ਬਠਿੰਡਾ)
- ਜਾਪਾਨੀ ਕਹਾਣੀ— ਸ਼ੁਕਰੀਆ (ਯਮੂਨਾਰੀ ਕਵਾ ਬਾਤਾ)
- ਵਿਦੇਸ਼ੀ ਮਿੰਨੀ ਕਹਾਣੀਆਂ —ਸੁਪਨੇ ਵਿਚ ਮੱਦਦ ਅਤੇ ਜੁੱਤੀਆਂ, ਅਨੁਵਾਦਕ ਡਾ. ਦੀਪਤੀ
- ਨਜ਼ਮਾਂ— ਸੁਖਵਿੰਦਰ ਰੰਧਾਵਾ, ਅਨੇਮਨ ਸਿੰਘ (ਤਿੰਨ ਨਜ਼ਮਾਂ) ਪ੍ਰੋਮਿਲਾ ਪ੍ਰੀਤ
- ਭਾਰਤੀ ਕਵਿਤਾ— ਬਾਬੇ ਦਾ ਪੰਜਾਬੀ ਹੋਟਲ (ਹੇਮੰਤ ਕੁਕਰੇਤੀ)
- ਵਾਘਿਓਂ ਪਾਰ— ਤਿੰਨ ਕਵਿਤਾਵਾਂ (ਸ਼ਰੀਫ਼ ਕੁਰੈਸ਼ੀ) ਪੰਜਾਬ ਲੋਕ ਬੋਲੀ ਮੇਲਾ 2004, ਨਜ਼ਮ ਡਾ: ਅਯੂਬ ਮਿਰਜ਼ਾ
- ਮੁਲਾਂਕਣ — ਕੌਰਵ ਸਭਾ : ਵਿਚਾਰਧਾਰਾਈ ਪ੍ਰਸੰਗ (ਡਾ: ਕਰਮਜੀਤ ਸਿੰਘ)
  ਜਲਾਵਤਨ-ਕਹਾਣੀ ਸੰਗ੍ਰਹਿ (ਡਾ. ਅਨੂਪ ਸਿੰਘ)
- ਆਲੋਚਨਾ — ਗੁਰਭਜਨ ਗਿੱਲ ਦਾ ਕਵਿਤਾ ਦੀ ਲੋਕ-ਨਾਇਕਤਾ (ਸੂਫੀ ਅਮਰਜੀਤ),
  ਹਰਭਜਨ ਸਿੰਘ ਹੁੰਦਲ ਦੀ ਵਾਰਤਕ-ਰਚਨਾ (ਹਰਿੰਦਰ ਬਰਾੜ)
- ਪੁਸਤਕ ਪੜਚੋਲ — ਚੁੱਪ-ਚੁਪੀਤੇ ਚੇਤਰ ਚੜ੍ਹਿਆ (ਗੁਰਨਾਮ ਢਿੱਲੋਂ) ਮੋਹ ਦੀਆਂ ਪੈਣਾਂ (ਡਾ. ਗੁਰਿੰਦਰ ਪਾਲ ਸਿੰਘ)
  ਰੇਤ ਦੀਆਂ ਕੰਧਾਂ (ਸੁਰਜੀਤ ਗਿੱਲ), ਕੱਕੀ ਰੇਤ ਦੇ ਵਰਕੇ (ਸੁਲੱਖਣ ਸਰਹੱਦੀ)
- ਪੁਸਤਕ ਪ੍ਰਾਪਤੀ - ×××
- ਖਿਆਲ ਆਪੋ ਆਪਣਾ- ਇੰਦਰ ਸਿੰਘ ਖਾਮੋਸ਼, ਅਨੇਮਨ ਸਿੰਘ
- ਮੁੱਖ ਚਿਤਰ : ਜੰਗ ਵਿਰੋਧੀ ਪੋਸਟਰ



Postal Address :
Harbhajan Singh Hundal,
V. Fatu Chak,
P.O. Dhilwan,
Distt. Kapurthala - 144804
(Pb.) India.
Phone No. 01822-273188


| ਚੰਦਿਆਂ ਦਾ ਵੇਰਵਾ ---- | : |
|---|---|
| ਦੇਸ਼ ਵਾਰਸ਼ਿਕ | : 50 ਰੁ. |
| ਇਕ ਪਰਚਾ | : 15 ਰੁ. |
| ਸੰਸਥਾਵਾਂ (ਵਾਰਸ਼ਿਕ) | : 70 ਰੁ. |
| ਵਿਦੇਸ਼, ਯੂ.ਕੇ. | : 5 ਪੌਂਡ |
| ਵਾਰਸ਼ਿਕ (ਹੋਰ ਦੇਸ਼) | : 300 ਰੁ. |

ਨੋਟ- ਸਾਰੇ ਚੈੱਕ ਤੇ ਪੋਸਟਲ ਆਰਡਰ ਹਰਭਜਨ ਸਿੰਘ ਹੁੰਦਲ ਸੰਪਾਦਕ ਚਿਰਾਗ ਦੇ ਨਾਂ ਭੇਜੇ ਜਾਣ

ਚਿਰਾਗ ਡਾਇਰੈਕਟਰ ਸਿਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96 ਐਡੀਟਰ (ਪੰ) ਮਿਤੀ 3-9 1996 ਦੇ ਅਨੁਸਾਰ ਹਾਈ/ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।


ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਅਜ਼ਲ ਗ੍ਰਾਫਿਕਸ ਜਲੰਧਰ ਰਾਹੀਂ ਕੰਪੋਜ਼ ਕਰਵਾ ਕੇ ਛਾਬੜਾ ਪ੍ਰਿੰਟਰਜ਼, 203-ਏ, ਭਾਈ ਦਿੱਤ ਸਿੰਘ ਨਗਰ, ਜਲੰਧਰ (ਫੋਨ: 5081877) ਤੋਂ ਛਪਵਾ ਕੇ, ਭਾਈ ਰਤਨ ਸਿੰਘ ਟਰੱਸਟ ਬਿਲਡਿੰਗ ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।

ਪ੍ਰਕਾਸ਼ਨ ਮਿਤੀ : ਜਨਵਰੀ 2004


*ਸੰਪਾਦਕੀ ਦੀ ਥਾਂ*

# ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ) ਦੀਆਂ ਅਗਾਮੀ ਚੋਣਾਂ

ਲੰਘੇ ਕਾਫ਼ੀ ਸਮੇਂ ਤੋਂ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੀ ਵੱਖੋ-ਵੱਖ ਕਾਰਨਾਂ ਦੇ ਕਾਰਨ ਸਾਰਥਿਕਤਾ ਘਟਦੀ ਰਹੀ ਹੈ। ਇਸ ਦੀ ਇਹ ਸਥਿਤੀ, ਹਰ ਪੰਜਾਬੀ ਲੇਖਕ ਨੂੰ ਸੋਚਣ ਲਈ ਮਜਬੂਰ ਕਰਦੀ ਹੈ ਕਿ ਇਸ ਦੀ ਪ੍ਰਤਿਸ਼ਠਾ ਅਤੇ ਸ਼ਕਤੀ ਨੂੰ ਮੁੜ ਕਿਵੇਂ ਬਹਾਲ ਕੀਤਾ ਜਾਵੇ। ਇਸ ਦੇ ਲਈ ਕੌਣ, ਕਿੰਨਾ ਜ਼ਿੰਮੇਵਾਰ ਹੈ, ਇਸ ਗੱਲ ਨੂੰ ਪਾਸੇ ਛੱਡਦਿਆਂ ਅਜੋਕੀ ਸਥਿਤੀ ਵਿਚੋਂ ਬਾਹਰ ਨਿਕਲਣਾ ਹੀ ਸਾਹਮਣੇ ਰੱਖਿਆ ਜਾਣਾ ਚਾਹੀਦਾ ਹੈ। ਇਹ ਤਦ ਹੀ ਸੰਭਵ ਹੈ, ਜੇਕਰ ਅਹੁਦਿਆਂ ਦੀ ਲਾਲਸਾ ਦੀ ਥਾਂ ਸਭਾ ਦੇ ਮੋਢੀਆਂ ਦੀ ਭਾਵਨਾ ਤੋਂ ਪ੍ਰੇਰਨਾ ਲਈ ਜਾਵੇ। ਇਸ ਵਿਚ ਸਰਬ ਸੰਮਤੀ ਨਾਲ ਚੁਣੇ ਗਏ ਪਹਿਲੇ ਸਾਬਕਾ ਅਹੁਦੇਦਾਰ ਬਜ਼ੁਰਗ ਲੇਖਕਾਂ ਦਾ ਸਹਿਯੋਗ ਲਿਆ ਜਾਵੇ ਅਤੇ ਉਨ੍ਹਾਂ ਵੱਲੋਂ ਵੀ ਇਸ ਸਥਿਤੀ ਵਿਚੋਂ ਨਿਕਲਣ ਲਈ ਸੁਝਾਓ ਦਿੱਤੇ ਜਾਣੇ ਚਾਹੀਦੇ ਹਨ।

ਅਸੀਂ ਜਾਣਦੇ ਹਾਂ ਕਿ ਅੱਜ ਦਾ ਸਮਾਂ ਸਾਮਰਾਜੀ-ਵਿਸ਼ਵੀਕਰਨ ਦੀ ਕਾਲੀ ਬੋਲੀ ਹਨੇਰੀ ਦਾ ਸਮਾਂ ਹੈ, ਜਿਸ ਦਾ ਗਰਦੋ-ਗੁਬਾਰ ਸਭ ਦੀਆਂ ਦ੍ਰਿਸ਼ਟੀਆਂ ਨੂੰ ਪ੍ਰਭਾਵਿਤ ਕਰ ਰਿਹਾ ਹੈ। ਸਾਹਿਤ ਅਤੇ ਸਭਿਆਚਾਰ ਦੇ ਅਤਿਅੰਤ ਮਹੱਤਵਪੂਰਨ ਖੇਤਰ ਵਿਚ ਵਿਸ਼ਵੀਕਰਨ, ਉੱਤਰ-ਆਧੁਨਿਕਤਾ ਦੇ ਮੂੰਹ ਜ਼ੋਰ, ਬੇਲਗਾਮ ਜੰਗਲੀ ਘੋੜੇ ਉੱਪਰ ਸਵਾਰ ਹੋ ਕੇ ਦਗੜ-ਦਗੜ ਕਰ ਰਿਹਾ ਹੈ। ਪੂੰਜੀਵਾਦ, ਰਾਜਨੀਤੀ ਅਤੇ ਧਰਮ ਦੇ ਨਾਲ ਹੀ, ਸਾਹਿਤ ਤੇ ਸਭਿਆਚਾਰ ਨਾਲ ਸੰਬੰਧਿਤ ਸੰਸਥਾਵਾਂ ਨੂੰ ਵੀ ਲਾਹੇਬੰਦੇ ਧੰਦੇ ਵਿਚ ਬਦਲਣ ਦੇ ਆਹਰ ਵਿਚ ਹੈ। ਜੇ ਅਜਿਹਾ ਨਾ ਹੋ ਸਕੇ ਤਾਂ ਇਨ੍ਹਾਂ ਨੂੰ ਬੇਅਸਰ ਕਰਨ ਦੀ ਸਥਿਤੀ ਪੈਦਾ ਕਰ ਰਿਹਾ ਹੈ।

ਮਿਹਨਤਕਸ਼ ਵਰਗ ਅਤੇ ਨਿਮਨ ਮੱਧ ਵਰਗ ਇਸ ਸਮੇਂ ਬੜੇ ਭੰਬਲਭੂਸੇ ਵਿਚ ਹਨ। ਉਨ੍ਹਾਂ ਨੂੰ ਕੁਝ ਸੁੱਝ ਨਹੀਂ ਰਿਹਾ ਕਿ ਕਿਹੜੇ ਰਾਹ ਪੈਣ। ਜਿਸ ਰਾਹ ਉੱਪਰ ਪੈ ਕੇ ਉਨ੍ਹਾਂ ਦੀ ਬੰਦਖਲਾਸੀ ਹੋਣੀ ਹੈ, ਉਹ ਰਾਹ ਉਨ੍ਹਾਂ ਦੀਆਂ ਦ੍ਰਿਸ਼ਟੀਆਂ ਤੋਂ ਓਝਲ ਹੋ ਗਿਆ ਹੈ। ਇਸ ਸਮੇਂ ਉਨ੍ਹਾਂ ਦੀ ਬਾਂਹ ਫੜਨ ਵਾਲਾ ਜੇ ਕੋਈ ਹੋ ਸਕਦਾ ਹੈ ਤਾਂ ਉਹ ਸੰਵੇਦਨਸ਼ੀਲ ਬੁੱਧੀਜੀਵੀ ਲੇਖਕ ਵਰਗ ਅਤੇ ਹੋਰਨਾਂ ਖੇਤਰਾਂ ਦਾ ਬੁੱਧੀਜੀਵੀ ਵਰਗ ਹੀ ਹੈ। ਜੇ ਉਹ ਸ਼ੋਸ਼ਤ ਵਰਗਾਂ ਦੇ ਨਾਲ ਅਤੇ ਉਨ੍ਹਾਂ ਲਈ ਕੰਮ ਕਰ ਰਹੇ ਸੰਗਠਨਾਂ ਦੇ ਨਾਲ ਸਹਿਯੋਗ ਕਰੇ ਤਾਂ ਸਥਿਤੀ ਵਿਚ ਤਬਦੀਲੀ ਲਿਆਉਣੀ ਸੰਭਵ ਹੈ। ਇਸ ਸਥਿਤੀ ਦਾ ਲੇਖਕ ਬੁੱਧੀਜੀਵੀ ਵਰਗ ਤੇ ਉਨ੍ਹਾਂ ਦੇ ਪਰਿਵਾਰ ਖ਼ੁਦ ਵੀ ਸ਼ਿਕਾਰ ਹਨ। ਇਸ ਤਰ੍ਹਾਂ ਇਹ ਇਕ ਤਰ੍ਹਾਂ ਆਪਣੀ ਆਪ ਸਹਾਇਤਾ ਕਰਨੀ ਹੀ ਹੈ। ਇਸ ਦੇ ਲਈ ਇਨ੍ਹਾਂ ਦੀ ਸ਼੍ਰੋਮਣੀ ਸੰਸਥਾ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਇਕ ਅਜਿਹੀ ਸੰਸਥਾ ਹੈ, ਜੋ ਇਕ ਲਹਿਰ ਬਣਨ ਦੀ ਸੰਭਾਵਨਾ ਰੱਖਦੀ ਹੈ।

ਕੇਂਦਰੀ ਲੇਖਕ ਸਭਾ ਨਿਸ਼ਚੇ ਹੀ ਕੋਈ ਰਾਜਨੀਤਕ ਅਦਾਰਾ ਨਹੀਂ ਹੈ, ਪ੍ਰੰਤੂ ਇਹ ਵੀ ਸੱਚ ਹੈ ਕਿ ਅਜੋਕੇ ਵਰਗਾਂ ਵਿਚ ਵੰਡੇ ਸਮਾਜੀ ਪ੍ਰਬੰਧ ਵਿਚ ਇਹ ਨਿਰਲੇਪ, ਨਿਰਪੱਖ ਵੀ ਨਹੀਂ ਰਹਿ ਸਕਦਾ। ਹਾਕਮ ਵਰਗਾਂ ਦੀ ਰਾਜਨੀਤੀ ਸਾਡੇ ਜੀਵਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਹੀ ਹੈ। ਜੀਵਨ ਲਈ ਸਿਰਜਣਾਤਮਿਕ ਸਾਹਿਤ, ਅਜੋਕੀ ਸੰਕਟ-ਗ੍ਰਸਤ ਸਥਿਤੀ ਵਿਚ ਆਪਣੀ ਜ਼ਿੰਮੇਵਾਰੀ ਤਦ ਹੀ ਵਧੇਰੇ ਸਮਰੱਥ ਹੋ ਕੇ ਨਿਭਾਅ ਸਕਦਾ ਹੈ, ਜੇਕਰ ਲੇਖਕਾਂ ਦਾ ਸੰਗਠਨ ਇਕ ਸੁਰ, ਇਕ ਮੁੱਠ ਅਤੇ ਸਾਹਿਤ ਦੇ ਉਪਭੋਗੀ ਉਦੇਸ਼ਾਂ ਪ੍ਰਤੀ ਚੇਤੰਨ ਹੈ। ਕੇਂਦਰੀ ਸਭਾ ਦੇ ਸੰਵਿਧਾਨ ਅਨੁਸਾਰ 'ਸਾਹਿਤ ਅਤੇ ਸਭਿਆਚਾਰ ਨੂੰ ਸਭ ਪੱਖਾਂ ਤੋਂ ਪ੍ਰਫੁੱਲਤ ਕਰਨਾ' ਅਤੇ 'ਸਾਹਿਤ ਨੂੰ ਨਿਰੋਈਆਂ ਲੀਹਾਂ ਉੱਪਰ ਤੋਰਨ ਵਿਚ ਸਹਾਈ ਹੋਣਾ' ਦਰਜ ਹੈ। ਇਹ ਉਦੇਸ਼ ਮੈਂਬਰਾਂ ਦੇ ਖਾਸ ਕਰਕੇ ਸਭਾ ਦੀ ਕਮੇਟੀ ਦੇ ਹਰ ਅਹੁਦੇਦਾਰ ਦੇ ਸਾਹਮਣੇ ਰਹਿਣੇ ਚਾਹੀਦੇ ਹਨ। ਇਹੋ ਚਿਣਗ ਹੈ, ਜੋ ਸਭਾ-ਸ਼ਕਤੀ ਨੂੰ ਕਿਰਿਆ

ਰੱਖਦੀ ਹੈ, ਇਸ ਨੂੰ ਖੜੋਤ ਵਿਚ ਨਹੀਂ ਡਿੱਗਣ ਦਿੰਦੀ। ਇਹੋ ਹੈ ਕਿ ਜੋ ਕਮੇਟੀ ਦੇ ਮੈਂਬਰਾਂ ਨੂੰ ਮੀਟਿੰਗਾਂ ਵਿਚ ਗੈਰ-ਹਾਜ਼ਰ ਹੋਣ ਤੋਂ ਰੋਕਦੀ ਹੈ ਅਤੇ ਸਹਿਯੋਗ ਅਤੇ ਪ੍ਰਤੀਬੱਧਤਾ ਲਈ ਪ੍ਰੇਰਦੀ ਹੈ। ਜੇਕਰ ਸਭਾ ਦੀ ਕਮੇਟੀ ਅਤੇ ਮੈਂਬਰਾਂ ਵਿਚ ਇਕਸੁਰਤਾ ਦੀ ਘਾਟ ਆਉਂਦੀ ਹੈ ਤਾਂ ਇਸ ਨੂੰ ਗੰਭੀਰਤਾ ਨਾਲ ਵਿਚਾਰਨਾ ਚਾਹੀਦਾ ਹੈ। ਇਸਦੇ ਰਾਹ ਵਿਚ ਆਉਂਦੇ ਅੜਿੱਕਿਆਂ ਦੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਨੂੰ ਕੱਢ ਦਿੱਤਾ ਜਾਣਾ ਚਾਹੀਦਾ ਹੈ। ਕਿਸੇ ਸੁਆਰਥ ਜਾਂ ਲਾਲਸਾ ਨੂੰ ਪ੍ਰਮੁੱਖ ਰੱਖਣ ਵਾਲੇ ਲੋਕਾਂ ਨੂੰ ਨਿਖੇੜਿਆ ਜਾਣਾ ਚਾਹੀਦਾ ਹੈ। ਉਨ੍ਹਾਂ ਨੂੰ ਜੋੜਾਂ-ਤੋੜਾਂ ਨਾਲ ਅਹੁਦੇਦਾਰੀਆਂ ਹਥਿਆਉਣ ਦੀ ਆਗਿਆ ਨਹੀਂ ਦਿੱਤੀ ਜਾਣੀ ਚਾਹੀਦੀ। ਅਜਿਹੇ ਲੋਕ ਹੀ ਸਭਾ ਦੀ ਕਾਰਜਕੁਸ਼ਲਤਾ ਨੂੰ ਗ੍ਰਹਿਣ ਦਿੰਦੇ ਹਨ।

ਕੇਂਦਰੀ ਪੰਜਾਬੀ ਲੇਖਕ ਸਭਾ ਦੀ ਚੋਣ ਛੇਤੀ ਹੋਣ ਵਾਲੀ ਹੈ। ਅਸੀਂ ਕੇਂਦਰੀ ਸਭਾ ਦੇ ਸਧਾਰਨ ਮੈਂਬਰ ਵਜੋਂ ਸਭਾ ਦੇ ਮੈਂਬਰਾਂ ਨੂੰ ਅਪੀਲ ਕਰਨੀ ਚਾਹੁੰਦੇ ਹਾਂ ਕਿ ਸਭਾ ਨੂੰ ਮੁੜ ਕੇ ਪ੍ਰਭਾਵਕਾਰੀ ਬਣਾਉਣ ਲਈ ਸਿਰ ਜੋੜ ਕੇ ਸੋਚੀਏ ਕਿ ਇਸਦੇ ਉਦੇਸ਼ਾਂ ਨੂੰ ਕਿਵੇਂ ਪ੍ਰਾਪਤ ਕਰ ਸਕਦੇ ਹਾਂ? ਕਿਉਂ ਸਰਕਾਰਾਂ ਸਾਬਕਾ ਜਾਂ ਮੌਜੂਦਾ ਇਸ ਦੇ ਵਫ਼ਦਾਂ ਨੂੰ ਗੰਭੀਰਤਾ ਨਾਲ ਨਹੀਂ ਸੁਣਦੀਆਂ? ਕਿਵੇਂ ਸਾਹਿਤ ਆਮ ਲੋਕਾਂ ਨੂੰ ਉਤਸ਼ਾਹਿਤ ਤੇ ਚੇਤੰਨ ਕਰ ਸਕਦਾ ਹੈ'? ਕਿਵੇਂ ਪੰਜਾਬੀ ਭਾਸ਼ਾ ਦੀ ਮਹੱਤਤਾ ਤੋਂ ਲੋਕਾਂ ਨੂੰ ਗਿਆਤ ਕਰਵਾਇਆ ਜਾ ਸਕਦਾ ਹੈ? ਅਜਿਹੇ ਅਤੇ ਹੋਰਨਾਂ ਸਵਾਲਾਂ ਦੇ ਉੱਤਰ ਸਭਾ ਦੇ ਸੰਗਠਨ ਦੀ ਸਕਰਮਤਾ ਵਿਚੋਂ ਹੀ ਮਿਲਣੇ ਹਨ ਇਸ ਲਈ ਮੇਰੀ ਬੇਨਤੀ ਹੈ ਕਿ :

1. ਚੋਣ ਸਰਬ ਸੰਮਤੀ ਨਾਲ ਕਰਨ ਦਾ ਭਰਪੂਰ ਯਤਨ ਕੀਤਾ ਜਾਵੇ
2. ਕਮੇਟੀ ਵਿਚ ਪੰਜਾਬ ਦੇ ਸਾਰੇ ਹਿੱਸਿਆਂ ਦੀ ਪ੍ਰਤੀਨਿਧਤਾ ਹੋਵੇ।
3. ਕਮੇਟੀ ਉਹ ਹੀ ਮੈਂਬਰ ਲਿਆ ਜਾਵੇ ਜੋ ਸਮਾਂ ਕੱਢ ਸਕਦਾ ਹੋਵੇ।
4. ਸਰਬਸੰਮਤੀ ਨਾਲ ਕੀਤੀ ਚੋਣ ਹੀ ਅਲੇਖਕ ਮੈਂਬਰਾਂ ਦੀ ਸਮੱਸਿਆ ਨੂੰ ਹੱਲ ਕਰਨ ਦਾ ਸਭ ਤੋਂ ਵਧੀਆ ਅਤੇ ਕਾਰਗਰ ਸਾਧਨ ਬਣ ਸਕਦਾ ਹੈ।
5. ਸਰਬ ਸੰਮਤੀ ਦੇ ਉਦੇਸ਼ ਦੀ ਪ੍ਰਾਪਤੀ ਲਈ ਚੋਣ ਇਕ ਦੋ ਮਹੀਨੇ, ਜੇ ਲੋੜ ਪਵੇ ਤਾਂ ਅੱਗੇ ਪਾ ਦੇਣੀ ਚਾਹੀਦੀ ਹੈ।

ਇਹ ਕੁਝ ਸੁਝਾਅ ਹਨ, ਜੋ ਮੈਂ ਸਭਾ ਦੇ ਵਿਸ਼ਾਲ ਮੈਂਬਰਾਂ ਨਾਲ ਸਾਂਝੇ ਕੀਤੇ ਗਏ ਹਨ। ਹੋਰ ਵੀ ਸਿਆਣੇ,ਤਜਰਬੇਕਾਰ ਅਤੇ ਪ੍ਰਸਿੱਧ ਸਾਹਿਤਕਾਰਾਂ ਨੂੰ ਵੀ ਸਰਬ ਸੰਮਤੀ ਦੇ ਉਦੇਸ਼ ਨੂੰ ਅੱਗੇ ਲਿਆਉਣ ਲਈ ਵਿਚਾਰ-ਚਰਚਾ ਵਿਚ ਹਿੱਸਾ ਪਾਉਣਾ ਚਾਹੀਦਾ ਹੈ। ਆਸ ਹੈ ਕਿ ਸਭਾ ਦੇ ਭਵਿੱਖ ਲਈ ਅਸੀਂ ਸਰਬ ਸੰਮਤੀ ਦੀ ਚੋਣ ਦੇ ਉਦੇਸ਼ ਨੂੰ ਪ੍ਰਾਪਤ ਕਰ ਲਵਾਂਗੇ। *-ਸੂਫ਼ੀ ਅਮਰਜੀਤ*

## ਮੁਬਾਰਕਬਾਦ

ਸਾਹਿਤ ਅਕਾਡਮੀ ਦਿੱਲੀ ਵੱਲੋਂ ਇਸ ਵਰ੍ਹੇ ਦਾ ਸ਼੍ਰੋਮਣੀ ਪੰਜਾਬੀ ਪੁਰਸਕਾਰ ਪੰਜਾਬੀ ਦੇ ਸੁਪ੍ਰਸਿੱਧ ਨਾਟਕਕਾਰ ਡਾ. ਚਰਨ ਦਾਸ ਸਿੱਧੂ ਨੂੰ ਪ੍ਰਦਾਨ ਕੀਤਾ ਗਿਆ ਹੈ। ਇਹ ਪੁਰਸਕਾਰ ਲੇਖਕ ਨੂੰ ਸ਼ਹੀਦ ਭਗਤ ਸਿੰਘ ਬਾਰੇ ਉੱਤਮ ਨਾਟਕ ਲਈ ਦਿੱਤਾ ਹੈ। ਅਦਾਰਾ 'ਚਿਰਾਗ' ਲੇਖਕ ਦੀ ਲੰਮੀ ਘਾਲਣਾ ਦੀ ਸਵੀਕ੍ਰਿਤੀ ਉੱਤੇ ਹਾਰਦਿਕ ਵਧਾਈ ਪੇਸ਼ ਕਰਦਾ ਹੈ। *-ਅਦਾਰਾ ਚਿਰਾਗ*

ਚਿਰਾਗ ਦਾ 49ਵਾਂ ਅੰਕ ਕੌਮਾਂਤਰੀ ਪ੍ਰਸਿੱਧੀ ਦੇ ਮਾਲਕ, ਮਹਾਨ ਫਲਿਸਤੀਨੀ ਕਵੀ

**ਮਹਿਮੂਦ ਦਰਵੇਸ਼ ਕਵਿਤਾ ਵਿਸ਼ੇਸ਼ ਅੰਕ**

ਹੋਵੇਗਾ। ਜਿਸ ਵਿਚ ਕਵੀ ਦੇ ਜੀਵਨ, ਕਾਵਿ ਮਹੱਤਵ, ਸ਼ਖ਼ਸੀਅਤ ਬਾਰੇ ਲੇਖ ਅਤੇ ਕਵੀ ਦੀਆਂ ਚੋਣਵੀਆਂ ਕਵਿਤਾਵਾਂ ਛਾਪੀਆਂ ਜਾਣਗੀਆਂ। *ਸੰਪਾਦਕੀ-ਮੰਡਲ ਚਿਰਾਗ*



*ਵਿਸ਼ੇਸ਼ ਕਾਲਮ*

# ਜੰਗ ਵਿਰੋਧੀ ਕਵਿਤਾਵਾਂ

*(ਇਰਾਕ ਵਿਰੁੱਧ ਅਮਰੀਕੀ ਧੱਕੜਸ਼ਾਹ ਹਾਕਮਾਂ ਦੀ ਵਿੱਢੀ ਜੰਗ ਨੇ ਸਾਰੇ ਸੰਸਾਰ ਦੇ ਜਨਵਾਦੀ, ਅਮਨ-ਪਸੰਦ ਤੇ ਮਨੁੱਖ ਹਿਤੈਸ਼ੀ ਵਿਅਕਤੀਆਂ ਅਤੇ ਸੰਸਥਾਵਾਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਸੀ। ਖ਼ੁਦ ਅਮਰੀਕਾ ਵਿਚ ਆਮ ਲੋਕਾਂ ਤੋਂ ਬਿਨਾਂ ਕਲਾਕਾਰਾਂ ਅਤੇ ਵਿਸ਼ੇਸ਼ ਤੌਰ 'ਤੇ ਕਵੀਆਂ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਜੰਗ ਵਿਰੋਧੀ ਰਚੀਆਂ ਗਈਆਂ ਕਵਿਤਾਵਾਂ ਦੇ ਬੇਬਹਾ ਹੜ੍ਹ ਵਿਚੋਂ ਚੋਣ ਕਰਕੇ ਅਮਰੀਕਾ ਵਿਚ ਇਕ ਕਾਵਿ ਸੰਗ੍ਰਹਿ Poets Against the war ਛਪਿਆ ਹੈ। ਅਸੀਂ ਇਸ ਸੰਗ੍ਰਹਿ ਦੀ ਭੂਮਿਕਾ ਦਾ ਪੂਰਾ-ਸੂਰਾ ਅਨੁਵਾਦ ਛਾਪਣ ਦੇ ਨਾਲ ਨਾਲ ਕੁਝ ਚੋਣਵੀਆਂ ਕਵਿਤਾਵਾਂ ਵੀ ਛਾਪ ਰਹੇ ਹਾਂ। ਕੁਝ ਕਵਿਤਾਵਾਂ ਏਸੇ ਵਿਸ਼ੇ ਨਾਲ ਸਬੰਧਤ ਛਪੀ ਦੂਸਰੇ ਕਾਵਿ ਸੰਗ੍ਰਹਿ 100 poets Against the war ਵਿਚੋਂ ਵੀ ਅਨੁਵਾਦ ਕੀਤੀਆਂ ਗਈਆਂ ਹਨ।) -ਸੰਪਾਦਕ*

*"ਸਾਡਾ ਉਨ੍ਹਾਂ ਲੋਕਾਂ ਵਿਚਕਾਰ ਦਮ ਘੁੱਟਦਾ ਹੈ ਜਿਹੜੇ ਇਹ ਸਮਝਦੇ ਹਨ ਕਿ ਉਹ ਬਿਲਕੁਲ ਠੀਕ ਹਨ, ਭਾਵੇਂ ਇਹ ਮਸ਼ੀਨਾਂ ਦਾ ਖੇਤਰ ਹੋਵੇ ਜਾਂ ਉਨ੍ਹਾਂ ਦੇ ਖ਼ਿਆਲਾਂ ਦਾ। ਉਨ੍ਹਾਂ ਲੋਕਾਂ ਲਈ, ਜਿਹੜੇ ਕਿ ਸਿਰਫ਼ ਮਨੁੱਖੀ ਵਰਤਾਲਾਪ ਦੇ ਵਾਤਾਵਰਨ ਵਿਚ ਰਹਿ ਸਕਦੇ ਹਨ, ਚੁੱਪ ਰਹਿਣਾ ਸੰਸਾਰ ਦੇ ਖ਼ਾਤਮੇ ਬਰਾਬਰ ਹੈ।"* *-ਅਲਬਰਟ ਕਾਮੂ*

*ਦੇਸ਼-ਪ੍ਰੇਮੀ ਹੋਣਾ ਕੋਈ ਹਥਿਆਰ ਨਹੀਂ ਹੈ। ਦੇਸ਼ ਭਗਤ ਉਹ ਹੁੰਦਾ ਹੈ ਜੋ ਆਪਣੇ ਦੇਸ਼ ਦੀ ਜ਼ਮੀਰ ਲਈ ਤਾਣ ਲਾ ਦਿੰਦਾ ਹੈ ਜਿਵੇਂ ਉਹ ਆਪਣੀ ਹੋਂਦ ਲਈ ਤਾਣ ਲਾਉਂਦਾ ਹੈ।* *-ਐਡਰੀਨੀ ਰਿੱਚ*

ਜਦੋਂ ਮੈਨੂੰ ਲਾਰਾ ਬੁਸ਼ ਵੱਲੋਂ ਵਾਈਟ ਹਾਊਸ ਵਿਚ ਕਾਵਿ ਗੋਸ਼ਟੀ ਲਈ ਸੱਦਿਆ ਗਿਆ ਸੀ, ਮੈਂ ਆਪਣੇ ਕੁਝ ਕਵੀ ਮਿੱਤਰਾਂ ਨੂੰ ਕਵਿਤਾਵਾਂ ਭੇਜਣ ਲਈ ਕਿਹਾ, ਜਿਹੜੀਆਂ ਕਿ 'ਸਾਡੇ ਦੇਸ਼ ਦੀ ਜ਼ਮੀਰ' ਦੀ ਗੱਲ ਕਰਦੀਆਂ ਹੋਣ। ਇਹ ਕਵਿਤਾਵਾਂ ਜਾਰਜ ਬੁਸ਼ ਦੀਆਂ 'ਝਟਕਾ ਤੇ ਖ਼ੌਫ਼' ਦੀਆਂ ਯੋਜਨਾਵਾਂ ਦੇ ਵਿਰੁੱਧ ਹੋਣੀਆਂ ਸਨ, ਜਿਨ੍ਹਾਂ ਅਨੁਸਾਰ ਬਗਦਾਦ ਦੇ ਹਮਲੇ ਵਿਚ, ਲੜਾਈ ਦੇ ਪਹਿਲੇ ਦੋ ਦਿਨਾਂ ਵਿਚ 3000 ਮਿਜ਼ਾਈਲਾਂ ਦਾਗੀਆਂ ਜਾਣੀਆਂ ਸਨ। ਮੈਂ ਕਿਵੇਂ ਜਾਣ ਸਕਦਾ ਸੀ ਕਿ ਮੇਰੇ ਗਿਆਰਾਂ ਹਜ਼ਾਰ ਮਿੱਤਰ ਹੋਣਗੇ? ਜਨਵਰੀ ਦੇ ਆਖਰੀ ਹਫ਼ਤੇ ਤੇ ਫਰਵਰੀ ਦੇ ਅੰਤ ਦੇ ਵਿਚਕਾਰਲੇ ਦਿਨੀਂ, "ਜੰਗ ਦੇ ਖਿਲਾਫ਼ ਕਵੀ" ਜਥੇਬੰਦੀ ਕਈ ਇਤਿਹਾਸਕ ਛਿਣਾਂ ਦੀ ਮੇਜ਼ਬਾਨ ਬਣੀ। ਲਿਖਤੀ ਇਤਿਹਾਸ ਵਿਚ ਪਹਿਲਾਂ ਕਦੇ ਵੀ , ਏਨੇ ਕਵੀ ਇਕੋ ਸਮੂਹ ਗਾਣ ਦੇ ਰੂਪ ਵਿਚ ਨਹੀਂ ਸੀ ਬੋਲੇ। ਪਹਿਲਾਂ ਕਦੇ ਵੀ ਇਕੋ ਹੀ ਵਿਸ਼ੇ ਦਾ ਕਾਵਿ-ਸੰਗ੍ਰਹਿ ਇਸ ਮਾਤਰਾ ਵਿਚ ਪੇਸ਼ ਨਹੀਂ ਸੀ ਕੀਤਾ ਗਿਆ। ਪਹਿਲਾਂ ਕਦੇ ਵੀ ਏਨੇ ਦੂਰ-ਰਸੀ ਕੌਮੀ ਤੇ ਵਿਸ਼ਵ ਵਿਆਪੀ 'ਜੰਗ ਵਿਰੁੱਧ ਕਵੀ' ਦਿਵਸ ਨਹੀਂ ਸੀ ਮਨਾਏ ਗਏ। ਨਿਰਸੰਦੇਹ ਇਹ ਇਤਿਹਾਸਕ ਛਿਣ ਸੀ।

ਵੱਡੀ ਗਿਣਤੀ ਤੇ ਗਿਆਰਾਂ ਹਜ਼ਾਰ ਕਵੀਆਂ ਦੇ ਜੋਸ਼ ਤੋਂ ਇਲਾਵਾ ਅਸੀਂ ਕਵਿਤਾ ਨੂੰ ਅਮਰੀਕੀ ਚੇਤਨਾ ਦਾ ਹਿੱਸਾ ਪਹਿਲਾਂ ਕਦੇ ਵੀ ਇੰਝ ਨਹੀਂ ਸੀ ਬਣਾਇਆ। ਇਹ ਗੱਲ ਸਾਡੇ ਨਾਗਰਿਕਾਂ ਨੂੰ ਇਹ ਯਾਦ ਕਰਾਉਂਦੀ ਹੈ ਕਿ ਕਵਿਤਾ ਤੇ ਦੂਸਰੀਆਂ ਸਾਰੀਆਂ ਕਲਾਵਾਂ ਵੀ, ਨਿਰਸੰਦੇਹ ਸਮਾਜੀ ਤੇ ਇਤਿਹਾਸਕ ਮੁੱਦਿਆਂ ਨੂੰ ਸੰਬੋਧਨ ਹੁੰਦੀ ਹੈ।

ਕਵਿਤਾਵਾਂ ਭੇਜਣ ਲਈ ਆਪਣੀ ਬੇਨਤੀ ਕਰਨ ਤੋਂ ਬਾਅਦ ਹੀ ਮੈਨੂੰ ਪਤਾ ਲੱਗਾ ਕਿ ਮਿਸਿਜ਼ ਬੁਸ਼ ਦੇ ਇਕੱਠ ਵਿਚ ਵਾਲਟ ਵਿਟਮੈਨ, ਲੈਂਗਸਟਨ ਹਿਊਗ ਤੇ ਈਮਲੀ ਡਿਕਨਸਨ, ਤਿੰਨੇ ਹੀ ਸਾਹਿਤ ਦੇ ਸਥਾਪਤੀ ਵਿਰੋਧੀ ਤੇ ਸਭ ਤੋਂ ਵੱਧ ਮੌਲਿਕ ਕਵੀ, ਬਹਿਸ ਦਾ ਮੁੱਦਾ ਹੋਣੇ ਸਨ। ਵਾਈਟ

ਹਾਊਸ ਨੂੰ ਜਦੋਂ ਸਾਡੀ ਯੋਜਨਾ ਦਾ ਪਤਾ ਲੱਗਾ, ਤਾਂ ਕਾਵਿ-ਗੋਸ਼ਟੀ ਤੁਰੰਤ 'ਮੁਲਤਵੀ' ਕਰ ਦਿੱਤੀ ਗਈ। ਸ੍ਰੀਮਤੀ ਬੁਸ਼ ਦੀ ਬੁਲਾਰਾ ਔਰਤ ਨੇ ਆਖਿਆ, ਜਦਕਿ ਮਿਸਿਜ਼ ਬੁਸ਼ ਸਾਰੇ ਅਮਰੀਕਨਾਂ ਦੇ ਆਪਣੇ ਵਿਚਾਰਾਂ ਨੂੰ ਖੁੱਲ੍ਹ ਕੇ ਪ੍ਰਗਟ ਕਰਨ ਦੇ ਅਧਿਕਾਰ ਦਾ ਸਤਿਕਾਰ ਕਰਦੀ ਹੈ ਤੇ ਉਹ ਇਹ ਵਿਸ਼ਵਾਸ ਕਰਦੀ ਹੈ ਕਿ ਸਾਹਿਤਕ ਘਟਨਾ ਨੂੰ ਰਾਜਨੀਤਕ ਫੋਰਮ ਬਣਾ ਦੇਣਾ ਠੀਕ ਨਹੀਂ ਹੋਵੇਗਾ।" ਕਵਿਤਾ ਤੇ ਅਮਰੀਕੀ ਆਵਾਜ਼ ਬਾਰੇ ਵਾਈਟ ਹਾਊਸ ਦੀ ਏਨੀ ਗੱਲ ਹੀ ਕਾਫ਼ੀ ਹੈ। ਮੇਰੇ ਲਈ ਸੱਦੇ-ਪੱਤਰ ਤੋਂ ਨਾਂਹ ਕਰ ਦੇਣ ਦਾ ਵੀ ਵਕਤ ਨਹੀਂ ਸੀ।

ਮੇਰੀ ਪਤਨੀ ਗਰੇਅ ਫੋਸਟਰ ਅਤੇ ਸਾਡੇ ਮਿੱਤਰ ਨੈਂਸੀ ਗੀਬਿਕ ਨੇ ਕਵਿਤਾਵਾਂ ਦਾ ਉਤਾਰਾ ਕਰਨ ਲਈ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ ਸਨ ਤੇ ਅਸਾਂ ਸੋਚਿਆ ਸੀ ਕਿ ਕੁਝ ਸੈਂਕੜੇ ਕਵਿਤਾਵਾਂ ਹੋਣਗੀਆਂ। ਪਰ ਦੂਸਰੇ ਦਿਨ ਈ. ਮੇਲ ਸਿਰਨਾਵੇਂ ਵਿਚ, ਜੋ ਅਸੀਂ ਦਿੱਤਾ ਸੀ, ਉਹ ਪੂਰਾ ਭਰ ਗਿਆ ਸੀ। ਸਾਨੂੰ ਐਂਡੀ ਹਾਈਮਜ਼ ਤੇ ਯੋਜਨਾ ਦੇ ਦੂਸਰੇ ਪ੍ਰਬੰਧਕਾਂ, ਜੋ ਸੀਆਟਲ ਵਿਚਲੇ ਤਕਨੀਕੀ ਗਰੁੱਪ ਨਾਲ ਸੰਬੰਧਤ ਸਨ, ਨੇ ਬਚਾਇਆ। ਇਨ੍ਹਾਂ ਨੇ ਸਾਡੇ ਉਦੇਸ਼ ਤੋਂ ਪ੍ਰਭਾਵਤ ਹੋ ਕੇ ਵੈਬ ਸਾਈਟ ਤਿਆਰ ਕੀਤੀ। ਕੁਝ ਹੀ ਦਿਨਾਂ ਦੇ ਵਿਚ ਸਾਡੇ ਕੋਲ ਪੰਝੀ ਸੰਪਾਦਕ ਉਹ ਕਵਿਤਾਵਾਂ ਉਤਾਰਾ ਕਰਨ ਲਈ ਸਨ ਜਿਹੜੀਆਂ ਇਕ ਮਿੰਟ ਵਿਚ ਇਕ ਕਵਿਤਾ ਦੇ ਹਿਸਾਬ ਆ ਰਹੀਆਂ ਸਨ। ਜੇ ਬੁਸ਼ ਜੁੰਡਲੀ ਨੇ ਸੋਚਿਆ ਸੀ ਕਿ ਕਵਿਤਾ ਦੀ ਗੋਸ਼ਟੀ ਮਨਸੂਖ ਕਰਨ ਨਾਲ, 'ਜੰਗ-ਵਿਰੁੱਧ ਕਵੀ' ਬਾਰੇ ਆਵਾਜ਼ਾਂ ਦੀ ਉੱਠ ਰਹੀ ਕਾਂਗ ਨੂੰ ਚੁੱਪ ਕਰਾਇਆ ਜਾ ਸਕਦਾ ਹੈ ਤਾਂ ਉਹ ਹੁੰਗਾਰੇ ਤੋਂ ਡਰ ਗਏ ਨਾ ਹੀ ਸਹੀ, ਝਟਕਾ ਅਵੱਸ਼ ਖਾ ਗਏ ਹੋਣਗੇ। ਕਵੀ ਚੁੱਪ ਨਹੀਂ ਕਰਾਏ ਜਾ ਸਕਣਗੇ।

12 ਫਰਵਰੀ 2003 ਨੂੰ, ਜਿਸ ਦਿਨ ਅਸਲ ਵਿਚ ਵਾਈਟ ਹਾਊਸ ਵਿਚ ਕਾਵਿ-ਗੋਸ਼ਟੀ ਰੱਖੀ ਗਈ ਸੀ, ਸਾਰੇ ਦੇਸ਼ ਵਿਚ 'ਜੰਗ-ਵਿਰੁੱਧ ਕਵਿਤਾ' ਦੇ ਦੋ ਸੌ ਕਵਿਤਾ ਪਾਠ ਹੋ ਚੁੱਕੇ ਸਨ। ਫਰਵਰੀ 17 ਦੇ ਝੱਖੜ ਦੇ ਦਿਨਾਂ ਦੇ ਵਿਚਕਾਰ ਨਿਊਯਾਰਕ ਦੇ ਲਿੰਕਨ ਸੈਂਟਰ ਦਾ ਐਵਰੀ ਫਿਸਰਹਾਲ ਆਪਣੀ ਸਮਰੱਥਾ ਤੋਂ ਵੱਧ ਭਰ ਚੁੱਕਾ ਸੀ ਤੇ ਜੰਗ ਵਿਰੋਧੀ ਜਥੇਬੰਦੀ ਦੇ ਕਵਿਤਾ-ਪਾਠ ਦਾ ਦੂਜਾ ਗੇੜ ਚੱਲ ਰਿਹਾ ਸੀ। ਇਹ ਸਾਡੇ ਨਾਮ ਕਾਰਨ ਹੀ ਨਹੀਂ ਸੀ। ਇਕ ਸ਼ੋਰੀਲੀ ਤੇ ਜੋਸ਼ੀਲੀ ਭੀੜ ਨੇ ਕਵੀਆਂ ਦੀਆਂ ਚਾਰ ਪੀੜ੍ਹੀਆਂ ਨੂੰ ਹੱਲਾਸ਼ੇਰੀ ਦਿੱਤੀ ਸੀ। ਕਵੀ ਜਿਨ੍ਹਾਂ ਵਿਚ ਗਾਲਵੇ ਕੀਨਲ, ਸਾਲ ਵਿਲੀਅਮਜ਼, ਸਟੈਨਲੇ ਕੁਟਜ਼ ਸ਼ੈਪਾਹਿਰ, ਆਰਥਕ ਮਿਲਰ ਤੇ ਦੂਸਰੇ ਕਵੀ ਸ਼ਾਮਲ ਸਨ। ਕਵਿਤਾ, ਇਸ ਦੀਆਂ ਪਰੰਪਰਾਵਾਂ ਤੇ ਸਭਿਆਚਾਰ ਵਿਚ ਉਸ ਦੇ ਰੋਲ ਬਾਰੇ ਵਿਚਾਰ-ਵਟਾਂਦਰੇ ਕੀਤੇ ਗਏ। ਇਹ ਕਾਰਜ ਕਹਾਣੀਆਂ ਵਿਚ ਤੇ ਗਲੀਆਂ ਵਿਚ ਖੁੱਲ੍ਹੇ ਆਮ ਕੀਤਾ ਗਿਆ ਜੋ ਸ਼ਾਇਦ ਸਾਡੀ ਕੌਮ ਦੇ ਇਤਿਹਾਸ ਵਿਚ ਪਹਿਲਾਂ ਕਦੇ ਵੀ ਨਹੀਂ ਸੀ ਕੀਤਾ ਗਿਆ।

ਪੰਜ ਮਾਰਚ ਨੂੰ ਸਾਥੀ ਕਵੀਆਂ ਦੀ ਸੰਗਤ ਵਿਚ ਡਬਲਯੂ. ਐੱਸ. ਮਰਵਿਨ, ਟੈਰੀ ਟੈਂਪਿਸਟ ਵਿਲੀਅਮਜ਼ ਤੇ ਐਮਿਲੀ ਵਾਰਨ, 'ਜੰਗ ਵਿਰੋਧੀ ਕਵੀਆਂ' ਦੇ ਬੋਰਡ ਦੇ ਮੈਂਬਰ ਪੀਟਰ ਲੈਵੀਸ, ਦੇ ਨਾਲ, ਮੈਂ ਉਹੂ ਦੀ ਇਸਤਰੀ ਕਾਂਗਰਸ ਇਸਤਰੀ ਮੈਂਬਰ ਮਾਰਸੀ ਕਪਤੂਰ ਨੂੰ, ਬਿਜਲਈ ਖਰੜਾ ਪੇਸ਼ ਕੀਤਾ, ਜਿਸ ਵਿਚ ਗਿਆਰਾਂ ਹਜ਼ਾਰ ਕਵੀਆਂ ਦੀਆਂ ਤੇਰਾਂ ਹਜ਼ਾਰ ਕਵਿਤਾਵਾਂ ਦਰਜ ਸਨ। ਛੋਟੇ ਟਾਈਪ ਦੇ ਤਿੰਨ ਕਾਲਮਾਂ ਵਿਚ, ਸ਼ਾਮਲ ਕਵੀਆਂ ਦੇ ਸਿਰਫ਼ ਨਾਮ ਹੀ ਲਿਖਣ ਲਈ ਪੂਰਾ ਰਿਮ ਕਾਗਜ਼ ਲੱਗਾ ਸੀ। ਮਿਸਿਜ਼ ਕਪਤੂਰ ਨੇ ਬੜੇ ਕੋਮਲ ਭਾਵੀ ਸ਼ਬਦਾਂ ਵਿਚ ਸਾਡੇ ਦੇਸ਼ ਨੂੰ 'ਗੁੰਡਾ' ਕੌਮ ਬਣਨ ਤੋਂ ਰੋਕਣ ਦੇ ਸੰਘਰਸ਼ ਵਿਚ ਠੀਕ 'ਸ਼ਬਦਾਂ' ਦੀ ਲੋੜ ਉੱਤੇ ਜ਼ੋਰ ਦਿੱਤਾ। ਕਾਂਗਰਸਮੈਨ ਜਿਮ ਮੈਨ ਡਾਐਟ, ਡੈਨੀਸ ਕੁਨੀਚੀ ਤੇ ਮਾਤੇ ਜੋਹਨ ਕਨਵੇਅਰਜ਼ ਨੇ ਸ਼ੁਕਰਾਨਾ ਅਦਾ ਕੀਤਾ ਤੇ ਸਾਡਾ ਹੌਸਲਾ ਵਧਾਇਆ।

ਕੀ ਤੇਰਾਂ ਹਜ਼ਾਰ ਕਵਿਤਾਵਾਂ ਇਸ ਜਾਂ ਕਿਸੇ ਹੋਰ ਰਾਜ-ਪ੍ਰਬੰਧ ਨੂੰ ਜੰਗ ਲਾਉਣ ਦੀ ਯੋਜਨਾ ਤੋਂ ਰੋਕ ਸਕਦੀਆਂ ਹਨ ? ਕਈ ਉਪਰਾਲਿਆਂ ਵਿਚੋਂ ਇਹ ਵੀ ਇਕ ਯਤਨ ਹੈ ਪਰ ਇਹ ਇਕ ਜ਼ਰੂਰੀ



ਕਦਮ ਹੈ, ਜਿਵੇਂ ਕਿ ਹੋਰ ਕੋਈ ਕਦਮ, ਅਸੀਂ ਜੰਗ ਦਾ ਵਿਰੋਧ ਕਰ ਰਹੇ ਡਾਕਟਰਾਂ, ਜੰਗ ਦੇ ਵਿਰੁੱਧ ਅਧਿਆਪਕਾਂ, ਜੰਗ ਵਿਰੁੱਧ ਕਿਸਾਨਾਂ ਅਤੇ ਹੋਰ ਦੂਸਰਿਆਂ ਦੇ ਨਾਲ ਆਪਣਾ ਨਾਤਾ ਜੋੜਦੇ ਹਾਂ। 'ਜੰਗ ਵਿਰੁੱਧ ਕਵੀ' ਮੰਚ ਸਦਕਾ ਸੈਂਕੜੇ ਹੀ ਕਵਿਤਾ-ਪਾਠ ਅਤੇ ਬਹਿਸਾਂ ਸਾਰੇ ਸੰਸਾਰ ਵਿਚ ਹੋਈਆਂ ਅਤੇ ਇਤਿਹਾਸਕ ਮਹੱਤਤਾ ਵਾਲੀ ਇਕ ਦਸਤਾਵੇਜ਼ ਤਿਆਰ ਕੀਤੀ ਗਈ। ਜਦੋਂ ਸੱਜੇ ਪੱਖ ਦੇ ਸਾਡੇ ਆਲੋਚਕ ਇਹ ਸੁਝਾਅ ਦਿੰਦੇ ਹਨ ਕਿ ਚੰਗਾ ਹੋਵੇ ਕਿਸੇ ਤਰ੍ਹਾਂ ਕਵਿਤਾ ਰਾਜਨੀਤੀ ਨੂੰ ਤਿਲਾਂਜਲੀ ਦੇ ਦੇਵੇ, ਤਾਂ ਇਸ ਦੇ ਉੱਤਰ ਵਿਚ ਅਸੀਂ ਆਖਦੇ ਹਾਂ, "ਯੂਨਾਨੀਆਂ ਨੂੰ ਪੜ੍ਹੋ, ਚੀਨ ਦੀਆਂ ਪ੍ਰਾਚੀਨ ਲਿਖਤਾਂ ਨੂੰ ਪੜ੍ਹੋ, ਇਹ ਗੱਲ ਦਾਂਤੇ ਚੌਸਰ, ਮਿਲਟਨ, ਜਾਂ ਲਾਂਗ ਫੈਲੋ ਨੂੰ ਦੱਸੋ। ਵਾਲਟ ਵਿੱਟਮੈਨ, ਡਿਕਨਸਨ ਜਾਂ ਹਿਊਗਜ਼ ਨੂੰ ਦੱਸੋ। ਇਹ ਗੱਲ ਗਾਰਸ਼ੀਆ, ਲੋਰਕਾ, ਜਾਸਫ਼ ਬਰਾਡਸਕਾਈ ਤੇ ਸਾਡੇ ਦੇਸ਼ ਵਿਚ ਅੱਜ ਰਹਿ ਰਹੇ ਜਲਾਵਤਨ ਚੀਨੀ ਕਵੀਆਂ ਨੂੰ ਦੱਸੋ। ਵਾਈਟ ਹਾਊਸ ਵਿਚ ਵਿਰੋਧੀ ਵਿਚਾਰ ਰੱਖਣ ਵਾਲੇ ਕਵੀਆਂ ਦੀ ਆਵਾਜ਼ ਨੂੰ ਆਗਿਆ ਨਹੀਂ ਦਿੱਤੀ ਗਈ, ਐਪਰ ਇਹ ਆਵਾਜ਼ ਸੁਣੀ ਗਈ ਹੈ ਤੇ ਭਵਿੱਖ ਵਿਚ ਵੀ ਸੁਣੀ ਜਾਵੇਗੀ।

ਮਸੋਲੀਨਾ ਨੇ ਫ਼ਾਸ਼ਿਜ਼ਮ ਨੂੰ ਕਾਰਪੋਰੇਸ਼ਨ ਤੇ ਸਟੇਟ ਦੀ ਸ਼ਾਦੀ ਕਹਿ ਕੇ ਪਰਿਭਾਸ਼ਾ ਦਿੱਤੀ ਸੀ। ਜਦੋਂ ਮੁੱਠੀ ਭਰ ਟੋਲਾ ਸਮੁੱਚੇ ਸੰਚਾਰ ਪ੍ਰਬੰਧ ਨੂੰ ਸ਼ਿਕੰਜੇ ਵਿਚ ਜਕੜਨ ਦਾ ਯਤਨ ਕਰਦਾ ਹੈ ਅਤੇ ਹਰ ਘੰਟੇ ਬਾਅਦ ਪਾਰਟੀ ਨੀਤੀ ਨੂੰ ਦੁਹਰਾਉਂਦਾ ਹੈ ਤਾਂ ਅਸੀਂ ਫਾਸਿਸਟ ਸਟੇਟ ਵੱਲ ਵਧ ਰਹੇ ਹੁੰਦੇ ਹਾਂ। ਸੱਚਾ ਦੇਸ਼ ਭਗਤ ਪ੍ਰਸ਼ਨ ਕਰਨ ਦੇ ਕਾਰਜ ਵਿਚੋਂ ਜਨਮ ਲੈਂਦਾ ਹੈ ਤੇ ਦਲੀਲ ਭਰੇ ਹੁੰਗਾਰੇ ਉੱਤੇ ਚੱਲਦਾ ਹੈ।

ਕਵਿਤਾ ਵੀ ਪ੍ਰਸ਼ਨ ਕਰਨ ਦੀ ਪ੍ਰਕਿਰਿਆ ਵਿਚੋਂ ਹੀ ਜਨਮ ਲੈਂਦੀ ਹੈ। ਕਿਉਂਕਿ ਬਹੁਤੇ ਕਵੀ ਇੱਕੋ ਹੀ ਭਾਸ਼ਾ ਵਿਚ ਲਿਖਦੇ ਹਨ ਅਤੇ ਰਾਜਨੀਤਕ ਆਗੂ ਲੋਕਾਂ ਦੀ ਸਾਧਾਰਨ ਭਾਸ਼ਾ ਵਿਚ ਗੱਲ ਕਰਨ ਲਈ ਬਦਨਾਮ ਹਨ। ਕਵੀਆਂ ਨੂੰ ਇਸ ਗੱਲ ਦੀ ਲੋੜ ਹੈ ਕਿ ਸੰਗੀਤਕ ਅਤੇ ਬਿੰਬਮਈ ਪ੍ਰਗਟਾਵੇ ਰਾਹੀਂ ਸਪੱਸ਼ਟਤਾ ਲਿਆਉਣ ਲਈ ਯਤਨ ਕਰਨ ਅਤੇ ਜਜ਼ਬੇ ਦੀ ਈਮਾਨਦਾਰੀ ਕਾਇਮ ਰੱਖਣ। ਅਸੀਂ ਆਪਣੇ ਆਪ ਨੂੰ ਪ੍ਰਸ਼ਨ ਕਰਦੇ ਹਾਂ, ਆਪਣੀ ਕਲਾ ਨੂੰ ਤੇ ਉਨ੍ਹਾਂ ਨੂੰ ਜੋ ਰਾਜ ਕਰਦੇ ਹਨ ਅਤੇ ਵਿਦਵਤਾ ਤੇ ਦਿੱਬ-ਦ੍ਰਿਸ਼ਟੀ ਦੇ ਕਰਾਮਾਤੀ ਸੁਮੇਲ ਰਾਹੀਂ ਅਸੀਂ ਕਵਿਤਾ ਲਿਖਦੇ ਹਾਂ। ਨੋਬਲ ਪੁਰਸਕਾਰ ਜੇਤੂ ਯੂਨਾਨੀ ਕਵੀ ਜਾਰਜ ਸੈਫਰੀਸ ਨੇ ਲਿਖਿਆ ਸੀ ਕਿ "ਨਾਇਕ ਉਹ ਹੈ ਜਿਹੜਾ ਹਨੇਰੇ ਵਿਚ ਅੱਗੇ ਵੱਲ ਪੈਰ ਪੁੱਟਦਾ ਹੈ।"

ਬਹੁਤ ਸਾਰੇ ਪ੍ਰਸ਼ਨਾਂ ਵਿਚ ਇਕ ਮਹਾਨ ਪ੍ਰਸ਼ਨ, ਜਿਸ ਦਾ ਅੱਜ ਦੇ ਕਵੀਆਂ ਨੂੰ ਸਾਹਮਣਾ ਕਰਨਾ ਪੈਂਦਾ ਹੈ, ਉਹ ਇਹ ਹੈ ਕਿ ਅਸੀਂ 'ਦੂਜਿਆਂ ਦਾ ਹੱਕ ਖੋਹਣ ਵਾਲੀ ਜੰਗ' ਦੇ ਵਿਰੁੱਧ, ਇਸ ਸੰਸਾਰ ਵਿਚ ਆਪਣੀਆਂ ਪ੍ਰੰਪਰਾਵਾਂ ਨੂੰ ਅੱਗੇ ਕਿਵੇਂ ਖੜਨਾ ਅਤੇ ਬਹੁਤ ਹੀ ਤੀਬਰ ਰੂਪ ਵਿਚ ਜ਼ਾਤੀ ਤੇ ਕਈ ਵਾਰ ਅੰਤਰਮੁਖੀ ਭਵਿੱਖ ਦੇ ਸੁਪਨੇ ਨੂੰ, ਪ੍ਰਗਟ ਕਰਨ ਦੀ ਕਠਨ ਪ੍ਰੀਖਿਆ ਵਿਚੋਂ ਲੰਘਣ ਦਾ ਫਰਜ਼ ਨਿਭਾਉਣਾ ਹੈ। ਨਾਅਰੇਬਾਜ਼ੀ ਕੁਝ ਨਹੀਂ ਸਵਾਰਦੀ। ਨਾ ਹੀ, ਅਸੀਂ ਗਿਆਰਾਂ ਹਜ਼ਾਰ ਕਵੀ ਇਕੋ ਇਕ ਠੀਕ ਹੱਲ ਲੱਭਣ ਦਾ ਭਰਮ ਪਾਲਦੇ ਹਾਂ। ਅਸੀਂ ਸਿਰਫ਼ ਅਮਰੀਕੀ ਹਮਲੇ ਦੀ ਗੈਰ ਇਖਲਾਕੀ ਜੰਗ ਦਾ ਸਾਂਝਾ ਵਿਰੋਧ ਕਰਨ ਲਈ ਸਹਿਮਤ ਹੋਏ ਹਾਂ। ਅਸੀਂ ਲਿਖਦੇ ਹਾਂ, ਪੜ੍ਹਾਉਂਦੇ ਹਾਂ, ਮਰੀਜ਼ਾਂ ਦੀ ਸੇਵਾ ਕਰਦੇ ਤੇ ਭੋਜਨ ਪਕਾਉਂਦੇ ਹਾਂ, ਬੀਮਾ ਕਰਦੇ ਹਾਂ, ਖਾਣੇ ਦੀਆਂ ਪਲੇਟਾਂ ਸਾਫ਼ ਕਰਦੇ ਹਾਂ, ਕੱਛੀਆਂ ਬਦਲਦੇ ਹਾਂ, ਅਤੇ ਸਾਡੇ ਦਿਲ ਦਰਦ ਨਾਲ ਭਰੇ ਹੋਏ ਹਨ। ਕਵੀਆਂ ਵਜੋਂ ਅਤੇ ਸੰਸਾਰ ਦੇ ਸ਼ਹਿਰੀਆਂ ਵਜੋਂ ਅਸੀਂ ਇਹ ਸਭ ਕੁਝ ਕਰਦੇ ਹਾਂ, ਜੰਗ ਵਿਚ ਸਦਾ ਹੀ, ਬੇਗੁਨਾਹ ਲੋਕ ਸਭ ਤੋਂ ਵੱਧ ਦੁੱਖ ਝੱਲਦੇ ਹਨ।

ਜਿਵੇਂ ਕਿ ਕੁਝ ਲੋਕਾਂ ਨੇ ਕਿਹਾ ਹੈ, ਮੈਂ ਇਹ ਗੱਲ ਨਹੀਂ ਮੰਨਦਾ ਕਿ 'ਕਵੀ ਦੇਸ਼ ਦੀ ਜ਼ਮੀਰ

ਹੁੰਦੇ ਹਨ' ਮੇਰਾ ਵਿਸ਼ਵਾਸ ਹੈ ਕਿ ਉਹ ਖ਼ੁਦ ਜ਼ਮੀਰ ਹਨ, ਆਪਣੇ ਆਪ ਵਿਚ ਹਰ ਇਕ ਤੇ ਮੇਰਾ ਇਹ ਵੀ ਯਕੀਨ ਹੈ ਕਿ ਕੁਝ ਅਜਿਹੀਆਂ ਚੀਜ਼ਾਂ ਹਨ ਜੋ ਕਿਸੇ ਹੋਰ ਢੰਗ ਨਾਲ ਨਹੀਂ ਸਗੋਂ ਕਵਿਤਾ ਰਾਹੀਂ ਹੀ ਸਿੱਖੀਆਂ ਜਾ ਸਕਦੀਆਂ ਹਨ। ਕਵਿਤਾ ਅੰਦਰੋਂ ਉੱਠੀ ਕ੍ਰਾਂਤੀ ਦਾ ਸੋਮਾ ਹੈ। ਇਹ ਪ੍ਰਸ਼ਨ ਕਰਨ ਤੀਕ ਲੈ ਜਾਂਦੀ ਹੈ ਅਤੇ ਆਰਾਧਨਾ ਤੀਕ ਵੀ।

ਕੋਈ ਦੋ ਦਰਜਨ ਬਿਨ ਤਨਖਾਹੋਂ ਸੰਪਾਦਕਾਂ ਅਤੇ ਸੈਲੀ ਐਡਰਸਨ ਦੀ ਸਹਾਇਤਾ ਨਾਲ, ਮੈਂ ਆਪਣੀ ਸਾਂਝੀ ਰਾਇ ਦੀ ਪ੍ਰਤੀਨਿਧਤਾ ਕਰਨ ਲਈ ਦੋ ਸੌ ਕਵਿਤਾਵਾਂ ਚੁਣੀਆਂ ਹਨ। ਮੈਂ ਮੰਨਦਾ ਹਾਂ ਕਿ ਹਾਲੀ ਵੀ ਨਿਰਸੰਦੇਹ 'ਜੰਗ-ਵਿਰੁੱਧ ਕਵੀ' ਦੇ ਤਹਿਖਾਨਿਆਂ ਵਿਚ ਅਣਗਿਣਤ ਲੱਭਣ ਵਾਲੇ ਮੋਤੀ ਪਏ ਹਨ। ਸੰਸਾਰ ਦੀ ਪਿਛਲੀ ਹਜ਼ਾਰ ਸਦੀ ਦੇ ਇਤਿਹਾਸ ਵਿਚ ਅਮਰੀਕੀ ਕਵਿਤਾ ਦਾ ਲੰਘਿਆ ਸੌ ਸਾਲ ਸਭ ਤੋਂ ਮਹਾਨ ਹੈ ਅਤੇ ਇਸ ਸੰਗ੍ਰਹਿ ਵਿਚ ਕਈ ਸਭ ਤੋਂ ਵਧੀਆ ਕਵੀ ਸ਼ਾਮਲ ਕੀਤੇ ਗਏ ਹਨ, ਜਿਵੇਂ ਕਿ ਡਬਲਯੂ. ਐੱਸ. ਮਰਵਿਨ, ਐਡਰੀਈਨ ਰਿੱਚ, ਮੈਕਸੀਨ ਕੂਮਿਨ ਕਾਰੋਲਾਈਨ ਕੀਜ਼ਰ, ਗਾਲਵੇਅ ਕਿਕਲ ਤੇ ਹੋਰ ਕਈ। ਅਜਿਹੇ ਵੀ ਲੇਖਕ ਹਨ, ਜੋ ਪਹਿਲੀ ਵਾਰ ਲਿਖ ਰਹੇ ਹਨ। ਇਨ੍ਹਾਂ ਵਿਚ ਕਾਲੇ ਤੇ ਗੋਰੇ ਹਸਪਾਨਵੀ ਅਤੇ ਏਸ਼ੀਆਈ-ਅਮਰੀਕਨ ਕਵੀ ਹਨ, ਜਿਨ੍ਹਾਂ ਵਿਚੋਂ ਕੁਝ ਸੌ ਸਾਲ ਪਹਿਲਾਂ ਸ਼ਾਮਲ ਕਰਨ ਯੋਗ ਹੋ ਸਕਦੇ ਸੀ। ਸਾਡੇ ਸਭਿਆਚਾਰ ਵਾਂਗ, ਸਾਡੀ ਕਵਿਤਾ ਵੀ ਮੁਕਤੀ ਦੀ ਰਾਜਨੀਤੀ, ਨਾਗਰਿਕ ਹੱਕਾਂ ਦੀ ਰਾਜਨੀਤੀ, ਲਿੰਗ ਬਰਾਬਰੀ ਅਤੇ ਵਿਸ਼ੇਸ਼ ਕਰ ਕੇ ਆਪਸੀ ਸਭਿਆਚਾਰਕ ਪ੍ਰਾਗਣ-ਪ੍ਰਕਿਰਿਆ ਰਾਹੀਂ ਡੂੰਘੀ ਤਰ੍ਹਾਂ ਅਮੀਰ ਹੋਈ ਹੈ।

ਲਾਰਾ ਬੁਸ਼ ਨੇ 'ਕਵਿਤਾ ਅਤੇ ਅਮਰੀਕੀ ਆਵਾਜ਼' ਦੀ ਗੋਸ਼ਟੀ ਨੂੰ ਰੱਦ ਕਰ ਦਿੱਤਾ ਸੀ। ਮੈਨੂੰ ਫ਼ਖ਼ਰ ਹੈ ਕਿ ਇਸ ਦੀ ਥਾਂ ਅਸੀਂ ਜਿਉਂਦੀਆਂ ਅਮਰੀਕੀ ਆਵਾਜ਼ਾਂ ਦਾ ਇਕੋ ਹੀ ਵਿਸ਼ੇ ਬਾਰੇ ਸੰਗ੍ਰਹਿ ਤਿਆਰ ਕਰ ਦਿੱਤਾ ਹੈ। ਇਹ ਆਵਾਜ਼ਾਂ ਸਾਡੇ ਕਵੀਆਂ ਦੀਆਂ ਹਨ। ਇਹ ਸਾਡੇ ਸਮਾਜ ਦੇ ਹਰ ਭਾਗ ਵੱਲੋਂ ਆਈਆਂ ਹਨ। ਅਤੇ ਜੇ ਇਹ ਜੰਗ ਦੇ ਵਿਰੋਧ ਵਿਚ ਇਕੋ ਹੀ ਸਮੂਹ ਗਾਣ ਦਾ ਹਿੱਸਾ ਬਣੀਆਂ ਹਨ ਤਾਂ ਇਹ ਬ੍ਰਹਿਮੰਡ ਦੇ ਦਇਆ-ਭਰੇ ਵਿਚਾਰ ਨੂੰ ਵੀ ਸਾਡੇ ਦੇਸ਼ ਵੱਲੋਂ ਜਸ਼ਨ ਦੇ ਰੂਪ ਵਿਚ ਮਨਾਉਂਦੀਆਂ ਹਨ। ਕੋਈ ਸਰਕਾਰ ਸ਼ਬਦਾਂ ਦੀ ਸਰਕਾਰ ਹੁੰਦੀ ਹੈ ਅਤੇ ਜਦੋਂ ਇਹ ਸ਼ਬਦ ਲੋਕਾਂ ਨੂੰ ਗੁੰਮਰਾਹ ਕਰਨ ਲਈ ਜਾਂ ਡਰਾਉਣ ਅਤੇ ਚੁੱਪ ਕਰਾਉਣ ਲਈ ਵਰਤੇ ਜਾਂਦੇ ਹਨ ਤਾਂ ਇਹ ਹਰ ਕਵੀ ਦਾ ਕਰਤੱਵ ਹੈ ਕਿ ਉਹ ਸਪੱਸ਼ਟ ਤੇ ਨਿਰਭੈ ਹੋ ਕੇ ਬੋਲੇ।

ਸਾਮ ਹਾਮੀਲ (ਸੰਪਾਦਕ)
ਮਾਰਚ 2003

## ਜੰਗ ਵਿਰੋਧੀ-ਕਵਿਤਾਵਾਂ

**ਵਰਜੀਨੀਆਂ ਆ ਦੈਰ (ਕੈਲੇਫੋਰਨੀਆ)**

### 1. ਬਿਨਾਂ ਸਿਰਲੇਖ ਤੋਂ/ਜੀਸਸ ਆਗੂਡੋ

ਉਸ ਬੰਦੇ ਵਾਂਗ
ਜੋ ਬੱਚੇ ਨੂੰ ਮਾਰਦਾ ਹੈ
ਤੇ ਉਸ ਦੀ ਖੱਲ ਲਾਹ ਦਿੰਦਾ ਹੈ
ਉਸ ਦੀਆਂ ਹੱਡੀਆਂ ਨੂੰ ਪੀਹ ਦਿੰਦਾ ਹੈ
ਤੇ ਪੱਠਿਆਂ ਨੂੰ ਸਾੜ ਦਿੰਦਾ ਹੈ,
ਤੇ ਅੰਤੜੀਆਂ ਨੂੰ ਕੁੱਤੇ ਅੱਗੇ ਸੁੱਟ ਦਿੰਦਾ ਹੈ,
ਮਾਨ ਦਾ ਭਰਿਆ, ਉਹ ਮਾਤਾ-ਪਿਤਾ,
ਰਿਸ਼ਤੇਦਾਰਾਂ ਤੇ ਗਵਾਂਢੀਆਂ ਦੀ
ਇਕ ਮੀਟਿੰਗ ਸੱਦਦਾ ਹੈ
ਅਤੇ ਅਡੋਲ ਰਹਿ ਕੇ
ਆਪਣੇ ਬੇਕਿਰਕ ਕੰਮਾਂ ਦੇ ਵੇਰਵੇ ਦਿੰਦਾ ਹੈ,
ਫਿਰ ਬਰਾਦਰੀ ਨੂੰ ਬੇਨਤੀ ਕਰਦਾ ਹੈ,
ਕਿ ਬੱਚੇ ਨੂੰ ਫਿਰ ਜ਼ਿੰਦਾ ਕਰ ਦਿਓ
ਵਿਕਰਮ ਬਾਬੂ ਪੁੱਛਦਾ ਹੈ,
ਕੀ ਤੁਸੀਂ ਉਸ ਆਦਮੀ ਵਰਗੇ ਹੋ? •



### 3. ਲਘੂ ਨਜ਼ਮ/ਪੀਟਰ ਲੇਵੀਟ

ਹਵਾਂ ਨੂੰ ਕਵਿਤਾਵਾਂ ਨਾਲ
ਏਨਾ ਭਰ ਦਿਓ
ਕਿ ਇਹਨਾਂ ਵਿਚ ਦੀ
ਬੰਬ ਥੱਲੇ ਨਾ ਡਿੱਗ ਸਕਣ •

### 4. ਬਗਦਾਦ ਦੀ ਇਸਤਰੀ/ ਪੈਟਰੀਸ਼ੀਆ ਮੋਨਾਘਾਨ (ਸ਼ਿਕਾਗੋ)

ਉਹ ਸੁਰਖ਼ ਸੂਰਜ ਦੀ ਲੋਅ ਵਿਚ,
ਕਾਫ਼ੀ ਬਣਾਉਣ ਲਈ ਉੱਠਦੀ ਹੈ।
ਉਹ ਉਸ ਛੰਨੇ ਵਿਚੋਂ ਆਪਣੇ ਕੱਪ ਵਿਚ
ਖੰਡ ਪਾਉਂਦੀ ਹੈ, ਜਿਹੜਾ ਉਸ ਦੀ ਦਾਦੀ
ਵਰਤਦੀ ਹੁੰਦੀ ਸੀ
ਆਪਣੇ ਨਿੰਬੂ ਦੇ ਬਿਰਖ ਹੇਠ ਬੈਠ
ਉਹ ਹੌਲੀ ਹੌਲੀ ਕਾਫ਼ੀ ਦੇ ਘੁੱਟ ਭਰਦੀ ਹੈ
ਮੈਂ ਉਸ ਨੂੰ ਖ਼ਬਰਾਂ ਦੀ ਨੀਲੀ ਲੋਅ ਵਿਚੋਂ ਦੀ,
ਵੇਖ ਸਕਦਾ ਹਾਂ
ਸਵੇਰ ਦੀ ਚੁੱਪ ਵਿਚ ਉਹ
ਬੜੀ ਸ਼ਾਨ ਨਾਲ, ਸੋਚ ਸੋਚ ਕੇ ਪੈਰ ਪੁੱਟਦੀ ਹੈ,
ਆਪਣੀ ਗਰਦਨ ਤੋਂ ਵਾਲਾਂ ਨੂੰ ਝਟਕਣ ਲਈ
ਹੱਥ ਵਧਾਉਂਦੀ ਹੈ।
ਮੈਂ ਉਸ ਦੇ ਪੁੱਠੇ ਹੋਏ ਹੱਥ ਤੋਂ
ਉਮਰ ਦੇ ਪੈ ਰਹੇ ਪ੍ਰਭਾਵਾਂ
ਤੇ ਦਾਗਾਂ ਨੂੰ ਆਰੰਭ ਹੋਏ
ਵੇਖ ਸਕਦੀ ਹਾਂ।

ਦੂਰ ਪਰ੍ਹੇ ਮਰਦ ਗੱਲਾਂ ਕਰਦੇ ਹਨ
ਪਰ ਉਸ ਨੂੰ ਨਹੀਂ ਸੁਣਦੇ।
ਉਹ ਬਿਰਖ਼ ਉੱਤੇ ਬੈਠੀ ਘੁੱਗੀ ਦੀ
ਘੂੰ ਘੂੰ ਨੂੰ ਸੁਣਦੀ ਹੈ,
ਉਹ ਜਾਗ ਰਹੇ ਸ਼ਹਿਰ ਦੇ
ਨਿੱਕੇ ਸ਼ੋਰ ਨੂੰ ਸੁਣਦੀ ਹੈ,
ਉਹ ਸਾਡੇ ਵਾਂਗ ਆਪਣੇ ਦਿਲ ਦੀ
ਆਵਾਜ਼ ਨੂੰ ਸੁਣਦੀ ਹੈ।
ਆਵਾਜ਼ਹੀਣ ਆਵਾਜ਼ ਨੂੰ
ਮਰਦ ਕਹਿ ਰਹੇ ਨੇ ਕਿ ਉਹ ਮਰ ਜਾਵੇਗੀ
ਉਹ ਆਖਦੇ ਨੇ ਕਿ ਬੰਬ ਆ ਰਹੇ ਨੇ।
ਕੁਝ ਵੀ ਨਾ ਸੁਣਦੀ, ਉਹ ਉੱਠਦੀ ਹੈ
ਤੇ ਆਪਣੇ ਬੂਟੇ ਤੋਂ ਇਕ ਨਿੰਬੂ ਤੋੜਦੀ ਹੈ
ਉਹ ਇਸ ਦੀ ਸੁਗੰਧੀ ਨੂੰ ਸੁੰਘਦੀ ਹੈ
ਇਹ ਉਸ ਦੇ ਆਖ਼ਰੀ ਸਵਾਸ ਨੇ,
ਜੋ ਉਹ ਲੈਂਦੀ ਹੈ। •

### 5. ਜੰਗ ਵੇਲੇ ਦੀ ਕਵਿਤਾ/ ਸ਼ਰਮੈਨ ਪੀਰਲ

ਜੰਗ ਵਿਚ ਕਵਿਤਾ ਨੂੰ,
'ਵਾਧੂ, ਵਾਧੂ' ਰੌਲਾ ਪਾ ਕੇ
ਸ਼ਹਿਰ ਜਗਾ ਦੇਣਾ ਚਾਹੀਦਾ ਹੈ।
ਫਿਰ ਕਿਸੇ ਸਾਜ਼ਸ਼ੀ, ਵਾਂਗ
ਕਹਾਣੀ ਦੇ ਪਿੱਛੇ ਕਹਾਣੀ ਕੰਨ
ਵਿਚ ਦੱਸ ਦੇਣੀ ਚਾਹੀਦੀ ਹੈ,
ਇਹ ਨਿੱਕੀ, ਦਿਲ ਪਿਘਲਾ ਦੇਣ ਵਾਲੀ ਹੋਵੇ
ਜਿਵੇਂ ਲੜਾਈ ਲਈ ਤਿਆਰ ਕਰਦੇ
ਰਾਸ਼ਟਰਪਤੀ ਦਾ ਭਾਸ਼ਣ
ਸੁਹਲ ਏਨੀ ਕਿ ਅੱਧ ਝੁਕੇ ਝੰਡੇ ਵਾਂਗ
ਤਗੜੀ ਏਨੀ ਕਿ ਦੁਖੀ ਨੂੰ ਸਖ਼ਤ ਬਣਾ ਦੇਵੇ
ਮੋਕਲੀ ਏਨੀ ਹੋਵੇ ਕਿ ਲੋੜ ਵੇਲੇ
ਬੰਦਾ ਵਿਚ ਫੜ ਕੇ ਸੌਂ ਸਕੇ

ਕਵਿਤਾ ਇਹ ਖ਼ਬਰ ਲਿਜਾਵੇ ਕਿ ਆਦਮੀ
ਇਸ ਦੀ ਘਾਟ ਕਾਰਨ ਬੁਰੀ ਤਰ੍ਹਾਂ ਮਰ ਰਹੇ ਹਨ
ਇਹ ਜਿਊਂਦਿਆਂ ਲਈ ਦੋ ਹਰਫ਼ੀ ਹੋਵੇ
ਮੁਰਦਿਆਂ ਦੀਆਂ ਆਵਾਜ਼ਾਂ ਲਈ
ਕਾਗਜ਼ੀ ਸਪੀਕਰ।
ਇਹ ਦੁਨੀਆ ਦੀ ਆਖ਼ਰੀ
ਵਸੀਅਤ ਤੇ ਦਸਤਾਵੇਜ਼ ਹੋਵੇ
ਸੂਚੀ ਕਿ ਕੀ ਕੀ ਬਚਿਆ ਰਹੇਗਾ।
ਇਹ ਵੱਡ-ਵਡੇਰਿਆਂ ਕੋਲੋਂ ਚੁਰਾ ਲੈਂਦੀ ਹੈ
'ਸਾਸੂਨ' ਕੋਲੋਂ ਨਹਿਸ਼ ਡਾਇਰੀ
ਤੇ 'ਆਡਨ' (ਕਵੀ) ਕੋਲੋਂ ਪਿਆਰ ਦਾ ਸੱਦਾ
ਕਵਿਤਾ ਦਰਦ ਲਈ ਨੁਸਖ਼ਾ ਹੋਵੇ।
ਪਰ ਅਜਿਹੀ ਟੇਢੀ-ਮੇਢੀ ਲਿਖਤ ਨੂੰ ਪੜ੍ਹੇਗਾ ਕੌਣ
ਜਾਂ ਜ਼ਖ਼ਮਾਂ ਲਈ ਪੱਟੀ ਬਣੇ
ਸਿਵਾਏ ਇਸ ਦੇ ਕਿ
ਲਹੂ ਸ਼ਬਦਾਂ ਨੂੰ ਪੂੰਝ ਦਿੰਦਾ ਹੈ
ਸੰਭਵ ਹੈ ਜੰਗ ਬਾਰੇ ਸਾਰੀਆਂ ਕਵਿਤਾਵਾਂ ਨੂੰ

ਇਕ ਥਾਂ ਸੀਓਂ ਕੇ
ਇਕ ਵੱਡਾ ਭਾਰਾ ਕੰਬਲ ਬਣ ਸਕੇ
ਜਿਸ ਨੂੰ ਅਸੀਂ ਸਾਰੇ ਆਪਣੇ
ਮੋਢਿਆਂ ਦੁਆਲੇ ਵਲੇਟ ਲਈਏ
ਤੇ ਉਹ ਅਜਿਹੀਆਂ ਰਾਤਾਂ ਲਈ
ਸਾਨੂੰ ਨਿੱਘ ਦੇਵੇ। •

### 6. ਬਹਾਦਰ ਮਾਂ/ਗਰੇਸ ਮੋਟੇ ਡੇ ਰਾਮੋਸ

ਮੈਂ ਪੁੱਤਰਾਂ ਦੀ ਮਾਂ ਹਾਂ
ਜਦੋਂ ਜਵਾਨ ਹੋਏ
ਦੋ ਫੌਜ ਵਿਚ ਭਰਤੀ ਹੋ ਗਏ
ਸਕੂਲ ਭੇਜਣ ਲਈ ਕੋਲ ਧੇਲਾ ਨਹੀਂ ਸੀ
ਫਾਊਂਡਰੀਆਂ ਤੇ ਫੈਕਟਰੀਆਂ ਵਿਚ
ਨੌਕਰੀਆਂ ਕਰਨ ਲਈ
ਕੋਈ ਕਸਬ ਕੋਲ ਨਹੀਂ ਸੀ
ਕਿੰਨਾ ਸੌਖਾ ਸੀ ਕਿ ਦਸਖ਼ਤ ਕਰੇ
ਤੇ ਬੰਦੂਕ ਚਲਾਉਣੀ ਸਿੱਖ ਲਵੇ।
ਮੈਂ ਪੁੱਤਰਾਂ ਦੀ ਮਾਂ ਹਾਂ
ਦੋਹਾਂ ਵਿਚੋਂ ਇਕ ਜਿਹੜਾ ਨਿੱਕਾ ਸੀ
ਤੁਰ ਗਿਆ ਹੈ,
ਜਵਾਨੀ ਵਿਚ ਉਸ ਨੂੰ ਜਿਹੜੇ ਬੰਦੇ
ਲੈ ਗਏ ਸਨ
ਉਹਨਾਂ ਦੇ ਨਾਂ ਮੈਂ ਕਿੱਥੋਂ ਯਾਦ ਕਰਾਂਗੀ।
ਮੈਨੂੰ ਏਨਾ ਹੀ ਚੇਤੇ ਹੈ ਕਿ ਉਹ ਸਿਪਾਹੀ ਸਨ।
ਮੇਰੇ ਪੁੱਤਰਾਂ ਵਾਂਗ ਡਰਾਉਣੀਆਂ ਬੰਦੂਕਾਂ ਸੰਭਾਲੀ
ਉਹ ਚੰਗਾ ਜਵਾਨ ਆਦਮੀ ਸੀ
ਮੈਂ ਸਤਾਰਾਂ ਸਾਲ ਉਸ ਦੀ ਚਿੰਤਾ ਕਰਦੀ ਰਹੀ
ਤੇ ਉਹ ਉਸ ਨੂੰ ਲੈ ਗਏ
ਹੁਣ ਮੈਂ ਉਸ ਦੀਆਂ ਅਸਥੀਆਂ
ਲੱਭਦੀ ਫਿਰਦੀ ਹਾਂ
ਮੈਂ ਉਹਨਾਂ ਦੇ ਨਾਂ ਕਿੱਥੋਂ ਯਾਦ ਰੱਖਾਂਗੀ
ਮੈਂ ਇਕੱਲੀ ਉਹ ਦ੍ਰਿਸ਼ ਕਲਪਤ ਕਰਨ ਦੀ
ਕੋਸ਼ਿਸ਼ ਕਰਦੀ ਹਾਂ
ਕੀ ਉਨ੍ਹਾਂ ਦੇ ਚਿਹਰੇ ਦਾਹੜੀਆਂ ਵਾਲੇ ਸਨ
ਜਾਂ ਘੋਨੇ-ਮੋਨੇ
ਸ਼ਾਇਦ ਉਹਨਾਂ ਦੇ ਜੁੱਸੇ ਰਿਸ਼ਟ ਪੁਸ਼ਟ ਸਨ।
ਕੀ ਉਨ੍ਹਾਂ ਨੇ ਫਿੱਕੇ ਰੰਗਾਂ ਵਾਲੀਆਂ
ਵਰਦੀਆਂ ਪਾਈਆਂ ਹੋਈਆਂ ਸਨ
ਉਨ੍ਹਾਂ ਦੀਆਂ ਬੰਦੂਕਾਂ ਦੀਆਂ ਗੋਲੀਆਂ
ਕਿਵੇਂ ਸੇਧਿਤ ਸਨ?
ਮੇਰੇ ਸਿਪਾਹੀ ਪੁੱਤਰ ਘਰ ਪਰਤਦੇ ਨੇ
ਜਦੋਂ ਕਦੇ ਬੈਰਕਾਂ ਵਿਚ
ਕੁਝ ਚੁੱਪ ਚਾਂ ਹੁੰਦੀ ਹੈ
ਮੈਂ ਉਹਨਾਂ ਦੇ ਭਰਾ ਦੀ
ਮੂਰਤ ਲੁਕਾ ਦਿੰਦੀ ਹਾਂ
ਇਹਨੂੰ ਵੇਖ ਕੇ ਉਹ ਰੋਣ ਲੱਗ ਪੈਂਦੇ ਨੇ
ਤੇ ਉਸ ਨੂੰ ਯਾਦ ਕਰਦੇ ਨੇ,
ਸ਼ਾਇਦ ਉਹਨਾਂ ਵੀ (ਰੱਬ ਨਾ ਕਰੇ)
ਹੋਰਨਾਂ ਮਾਵਾਂ ਨੂੰ ਦੁੱਖ ਦਿੱਤਾ ਹੋਵੇਗਾ
ਸ਼ਾਇਦ ਜੋ ਕੁਝ ਹੁਦਾਰ ਲਿਆ
ਉਹ ਮੇਰੇ ਪੁੱਤਰ ਨੂੰ ਤਾਰਨਾ ਪਿਆ ਹੋਵੇ
ਮੈਂ ਰੋ ਵੀ ਨਹੀਂ ਸਕਦੀ
ਭਾਵੇਂ ਮੈਨੂੰ ਦੱਸਦੇ ਨੇ
ਕਿ ਰੋਣਾ ਚੰਗਾ ਹੁੰਦਾ ਹੈ।
ਤੇ ਭੁੱਲ ਜਾਣਾ ਵੀ।
ਕਿੱਥੇ ਹੈ ਮੇਰੇ ਪੁੱਤਰ ਦੀ ਲਾਸ਼
ਕਿ ਮੈਂ ਉਸ ਨੂੰ ਦਫ਼ਨਾ ਦਿਆਂ?
ਮੇਰਾ ਦੁੱਖ ਮੇਰੇ ਚਿਹਰੇ ਦੀਆਂ
ਰੇਖਾਵਾਂ ਤੋਂ ਪਤਾ ਲੱਗਦਾ ਹੈ
ਮੇਰੀਆਂ ਸੁੱਕੀਆਂ ਗੱਲ੍ਹਾਂ ਤੋਂ।
ਚੁੱਪ-ਚਾਪ, ਮੈਂ ਮਾਂ ਦੀ ਦੁੱਖ ਭਰੀ
ਹੋਣੀ ਦਾ ਵਿਰਲਾਪ ਕਰਦੀ ਹਾਂ।
ਮਨੁੱਖਾਂ ਨੂੰ ਜਨਮ ਦੇਣਾ
ਕਿ ਉਹ ਮਰਨ ਤੇ ਖ਼ੁਦ ਮਾਰੇ ਜਾਣ। •

### 7. ਨਹੀਂ/ਹੋਏ ਹਾਰਜੋ

ਹਾਂ ਇਹ ਮੈਂ ਹੀ ਸੀ
ਜੋ ਸਰਕਾਰ ਵੱਲੋਂ ਮਿਲੀ
ਬੰਦੂਕ ਪਿੱਠ ਪਿੱਛੇ ਲਟਕਾਈ
ਬਹਾਦਰੀ ਵਿਖਾ ਰਿਹਾ ਸੀ
ਮੇਰੇ ਰਿਸ਼ਤੇਦਾਰ।
ਮੈਨੂੰ ਅਫਸੋਸ ਹੈ ਮੈਂ ਜਿਵੇਂ ਚਾਹੀਦਾ ਸੀ
ਤੁਹਾਨੂੰ ਉਸ ਢੰਗ ਨਾਲ
ਜੀ ਆਇਆਂ ਨਾ ਆਖ ਸਕਿਆ।



ਨਹੀਂ
ਉਹ ਮੇਰੇ ਅੱਥਰੂ ਨਹੀਂ ਸਨ
ਮੇਰੇ ਅੰਦਰ ਭੰਡਾਰਾ ਹੈ
ਜੇ ਮੈਂ ਅੱਥਰੂਆਂ ਨੂੰ
ਪੱਥਰ ਬਣਾਉਣਾ ਨਾ ਸਿੱਖ ਸਕਿਆ
ਤਾਂ ਮੇਰੇ ਧੀਆਂ ਪੁੱਤਰ ਰੋਇਆ ਕਰਨਗੇ
ਹਾਂ ਉਹ ਮੈਂ ਹੀ ਸੀ
ਜਿਹੜਾ ਘਰ ਦੇ ਪਿਛਲੇ ਬੂਹੇ ਲਾਗੇ
ਭੀੜੀ ਗਲੀ ਵਿਚ ਖਲੋਤਾ ਸੀ
ਮੇਰੇ ਹੱਥ ਵਿਚ ਗਵਾਂਢੀਆਂ ਲਈ
ਲੋਬੀਆ ਦਾ ਕੌਲਾ ਸੀ
ਤੇ ਮੇਰੀ ਢਾਕ 'ਤੇ ਬੱਚਾ ਸੀ

ਨਹੀਂ, ਮੈਂ ਲਹੂ ਦੇ ਹੜ੍ਹ ਬਾਰੇ ਪਹਿਲਾਂ
ਅਨੁਮਾਨ ਨਹੀਂ ਸੀ ਲਾਇਆ
ਉਹ ਸਾਡੀ ਦੋਸਤੀ ਭੁੱਲ ਕੇ ਕਿਵੇਂ
ਬੱਚੇ ਤੇ ਮੈਨੂੰ ਮਾਰਨ ਲਈ ਵਾਪਸ ਪਰਤਣਗੇ।
ਹਾਂ, ਉਹ ਮੈਂ ਹੀ ਸੀ, ਨਾਚ-ਘਰ ਦੇ ਫਰਸ਼ 'ਤੇ
ਝੁਆਟਣੀਆਂ ਖਾਂਦਾ
ਅਸੀਂ ਖ਼ੁਸ਼ੀ ਵਿਚ ਏਨੀ ਰੌਣਕ ਲਾਈ।
ਮੈਂ ਉਸ ਕਮਲਿਆਂ ਵਾਲੇ ਸੰਗੀਤ ਵਿਚ
ਸਾਰੀ ਦੁਨੀਆ ਨੂੰ ਪਿਆਰਨ ਲੱਗਾ।

ਨਹੀਂ, ਮੈਂ ਗੋਲੀਆਂ ਦੇ ਸੰਗੀਤ ਵਿਚ
ਭਿਆਨਕ ਨਾਚ ਦਾ
ਅਨੁਭਵ ਨਹੀਂ ਸੀ ਕਰ ਸਕਿਆ।
ਹਾਂ, ਮੈਂ ਲਾਸ਼ਾਂ ਦੀ ਸੜਦੀ ਮੋਮ ਨੂੰ
ਉਸੇ ਵੇਲ਼ੇ ਸੁੰਘਿਆ,
ਜਦੋਂ ਉਹਨਾਂ ਨੇ ਮੇਰੀਆਂ ਕਵਿਤਾਵਾਂ ਦੇ
ਸਫ਼ਿਆਂ ਨਾਲ ਅੱਗ ਲਾਈ ਸੀ,
ਤੇ ਇਕ ਬੇਵਕੂਫ਼ ਵਾਂਗ
ਮੈਂ ਆਸ ਲਾਈ ਸੀ
ਕਿ ਸਾਡੇ ਸ਼ਬਦ ਜਾਗ ਪੈਣਗੇ
ਤੇ ਤਾਨਾਸ਼ਾਹਾਂ ਦੇ ਹੱਥਾਂ ਵਿਚਲੇ
ਤੋਪਖਾਨੇ ਨੂੰ ਜਾਮ ਕਰ ਦੇਣਗੇ,

ਨਹੀਂ, ਸਾਨੂੰ ਕੰਮ ਜਾਰੀ ਰੱਖਣਾ ਪੈਣਾ ਸੀ
ਸਾਡੇ ਦਰਦੀਲੇ ਗੀਤਾਂ ਨੇ
ਦੁਸ਼ਮਣਾਂ ਦੀਆਂ ਰੂਹਾਂ ਤੋਂ
ਹਵਾ ਨੂੰ ਸਾਫ਼ ਕੀਤਾ ਸੀ
ਹਾਂ, ਜਦੋਂ ਮੈਂ ਰਾਤ ਦਾ ਭੋਜਨ ਪਕਾ ਰਿਹਾ ਸੀ
ਮੈਂ ਲਾਗੇ ਚਾਗੇ ਦੇ ਇਲਾਕੇ ਵਿਚ
ਭਿਆਨਕ ਕਾਲੇ ਬੱਦਲਾਂ ਨੂੰ ਵੇਖਿਆ ਸੀ
ਤੇ ਮੈਂ ਰਾਖ਼ ਵਰਗੇ ਸੂਰਜ ਨੂੰ ਮੌਤ ਦਾ ਟੂਣਾ
ਕਰਦੇ ਤੱਕਿਆ ਸੀ,
ਨਹੀਂ, ਉਸ ਬਾਰੇ ਖ਼ਬਰਾਂ ਵਿਚ ਕੋਈ ਜ਼ਿਕਰ
ਨਹੀਂ ਸੀ
ਹਰ ਚੀਜ਼ ਪਹਿਲਾਂ ਵਾਂਗ ਸੀ,
ਬੇਰੁਜ਼ਗਾਰੀ ਵਧ ਗਈ ਸੀ
ਇਕ ਹੋਰ ਮਲਕਾ, ਫੁੱਲਾਂ ਸਮੇਤ ਤਖ਼ਤ 'ਤੇ ਬੈਠ
ਗਈ ਸੀ
ਤੇ ਖੇਡਾਂ ਦੀਆਂ ਰੌਣਕਾਂ ਲੱਗੀਆਂ ਸਨ।
ਹਾਂ, ਤੇਰੇ ਤੇ ਮੇਰੇ ਦੇਸ਼ ਵਿਚਕਾਰ
ਦੂਰੀ ਜ਼ਿਆਦਾ ਸੀ
ਫਿਰ ਵੀ, ਸਾਡੇ ਘਰਾਂ ਦੇ ਵਿਚਾਲੇ
ਰਾਹ ਉੱਤੇ ਬੱਚੇ ਖੇਡਦੇ ਪਏ ਸਨ
ਸਾਡਾ ਇਕ ਦੂਜੇ ਨਾਲ
ਕੋਈ ਝਗੜਾ ਨਹੀਂ ਸੀ। •

### 8. ਅਮਨ ਦੀ ਉਡੀਕ/ *ਕਾਰਲੋਸ ਰੇਅਸ*

ਅਸੀਂ ਅਮਨ ਦੀ ਸਥਾਪਤੀ
ਦੀ ਉਡੀਕ ਕਰ ਰਹੇ ਹਾਂ
ਅਸੀਂ ਫੁੱਲਾਂ ਦੇ ਖਿੜਨ
ਦੀ ਉਡੀਕ ਕਰ ਰਹੇ ਹਾਂ,
ਜੰਗ ਦੇ ਕਾਲੇ ਬੱਦਲਾਂ ਦੇ ਪਿਛਵਾੜਿਓਂ
ਅਸੀਂ ਚੰਨ ਚੜ੍ਹਨ ਦੀ ਉਡੀਕ ਕਰ ਰਹੇ ਹਾਂ
ਅਸੀਂ ਰੌਸ਼ਨੀ ਦੀ ਉਡੀਕ ਕਰ ਰਹੇ ਹਾਂ
ਅਸੀਂ ਉਡੀਕ ਕਰਦੇ ਹਾਂ
ਤੇ ਜਦੋਂ ਅਸੀਂ ਉਡੀਕਦੇ ਹਾਂ
ਅਸੀਂ ਜਸ਼ਨ ਦੇ ਗੀਤ ਗਾਉਂਦੇ ਹਾਂ
ਅਸੀਂ ਉਡੀਕਦੇ ਹਾਂ
ਤੇ ਜਦੋਂ ਅਸੀਂ ਉਡੀਕਦੇ ਹਾਂ
ਅਸੀਂ ਪਿਆਰ ਤੇ ਦੋਸਤੀ ਦੇ ਹੱਥ ਫੜਦੇ ਹਾਂ
ਗੋਰੇ ਹੱਥ,
ਕਾਲੇ ਹੱਥਾਂ ਵੱਲ ਦੋਸਤੀ ਲਈ ਵਧਦੇ ਹਨ
ਧਰਤੀ ਦੇ ਭੂਰੇ ਤੇ ਹਰੇ ਹੱਥ।

ਅਸੀਂ ਉਡੀਕਦੇ ਹਾਂ
ਤੇ ਜਦੋਂ ਅਸੀਂ ਉਡੀਕਦੇ ਹਾਂ
ਅਸੀਂ ਸਾਥੋਂ ਪਹਿਲਾਂ ਦੇ
ਅਮਨ ਦੀ ਸਿੱਖਿਆ ਦਿੰਦੇ
ਲੋਕਾਂ ਦੀ ਉਸਤਤੀ ਕਰਦੇ ਹਾਂ
ਸਾਰੇ ਹੀ ਮਾਰਟਿਨ ਲੂਥਰਾਂ,
ਸਭ ਗਾਧੀਆਂ ਦੀ।
ਅਸੀਂ ਅਮਨ ਦੀ ਕਾਇਮੀ ਦੀ
ਉਡੀਕ ਕਰ ਰਹੇ ਹਾਂ
ਤੇ ਜਦੋਂ ਅਸੀਂ ਉਡੀਕਦੇ ਹਾਂ
ਅਸੀਂ ਨੱਚਦੇ ਹਾਂ
ਅਸੀਂ ਠੰਢੀ ਪੂਰਬੀ ਪੌਣ ਨਾਲ ਨੱਚਦੇ ਹਾਂ
ਅਸੀਂ ਚੀਲ ਦੇ ਵੱਡੇ ਰੁੱਖਾਂ
ਦੀਆਂ ਟਾਹਣੀਆਂ ਦੇ ਚੀਂ ਚੀਂ
ਕਰਨ ਨਾਲ ਗੀਤ ਗਾਉਂਦੇ ਹਾਂ
ਅਸੀਂ ਧੂੜ ਦੇ ਭੂਤਾਂ
ਤੇ ਬੱਦਲਾਂ ਦੇ ਦੇਵਤਿਆਂ ਸੰਗ ਨੱਚਦੇ ਹਾਂ।
ਅਸੀਂ ਉਡੀਕ ਰਹੇ ਹਾਂ
ਤੇ ਜਦੋਂ ਅਸੀਂ ਉਡੀਕਦੇ ਹਾਂ
ਤਾਂ ਅਸੀਂ ਸੜਦੇ ਗੁਲਾਬਾਂ
ਤੇ ਸੂਰਜ ਵੱਲ ਹੌਲੀ ਹੌਲੀ ਮੂੰਹ ਮੋੜਦੇ
ਸੂਰਜ ਮੁਖੀਆਂ ਦੀ ਬੋਲੀ ਸਿਖਣ
ਦੀ ਕੋਸ਼ਿਸ਼ ਕਰਦੇ ਹਾਂ।
ਅਸੀਂ ਅਮਨ ਦੀ ਸਥਾਪਤੀ ਦੀ
ਉਡੀਕ ਕਰ ਰਹੇ ਹਾਂ
ਤੇ ਜਦੋਂ ਅਸੀਂ ਉਡੀਕਦੇ ਹਾਂ
ਅਸੀਂ ਸਹਾਇਤਾ ਲਈ
ਚੀਕਾਂ ਤੇ ਰਹਿਮ ਦੀਆਂ ਅਪੀਲਾਂ
ਸੁਣਨਾ ਸਿੱਖ ਰਹੇ ਹਾਂ
ਭਾਵੇਂ ਕਿ ਸਾਨੂੰ ਇਹ ਭਾਸ਼ਾ
ਸ਼ਾਇਦ ਆਉਂਦੀ ਨਹੀਂ ਹੁੰਦੀ
ਅਸੀਂ ਘੁੱਗੀਆਂ ਦੀ ਆਮਦ ਨੂੰ
ਸੁਣਨਾ ਸਿੱਖ ਰਹੇ ਹਾਂ।
ਅਸੀਂ ਅਮਨ ਦੀ ਆਮਦ ਦੀ
ਉਡੀਕ ਕਰ ਰਹੇ ਹਾਂ।
ਤੇ ਜਦੋਂ ਅਸੀਂ ਉਡੀਕਦੇ ਹਾਂ
ਅਸੀਂ, ਤੇਰੇ 'ਤੇ ਮੁਸਕਰਾਉਂਦੇ ਹਾਂ
ਤੁਹਾਡੇ ਸਾਰਿਆਂ ਉੱਤੇ,
ਸ਼ੀਸ਼ੇ ਵਿਚ ਤੁਹਾਡੇ ਅਤੇ ਆਪਣੇ ਉੱਤੇ।

ਭਾਵੇਂ ਭਰ ਸਰਦੀ ਹੈ,
ਪਰ ਅਸੀਂ ਫੁੱਲ, ਡੋਡੀਆਂ ਦੇ ਖੁੱਲ੍ਹਣ ਦੀ
ਉਡੀਕ ਕਰ ਰਹੇ ਹਾਂ।
ਅਸੀਂ ਅਮਨ ਦੀ ਏਨੇ ਸਬਰ ਨਾਲ
ਉਡੀਕ ਕਰਦੇ ਹਾਂ।
ਜਿੰਨਾ ਫੁਹਾਰੇ ਦੀ ਟੂਟੀ ਦੇ ਬੁੱਲਾਂ ਨਾਲ
ਲਟਕਦੇ ਪਾਣੀ ਦੇ
ਤੁਪਕੇ ਦੀ ਕਰਦੇ ਹਾਂ
ਅਸੀਂ ਇਹ ਜਾਣਦੇ ਹੋਏ ਕਿ
ਅਮਨ ਦਾ ਪਾਣੀ ਠੰਢਾ
ਮਿੱਠਾ ਹੁੰਦਾ ਹੈ, ਅਮਨ ਦੀ
ਉਡੀਕ ਕਰਦੇ ਹਾਂ
ਸਾਨੂੰ ਯਕੀਨ ਹੈ ਕਿ ਕਿਸੇ ਵੀ
ਆਦਮੀ ਦੀਆਂ
ਕਾਲੀਆਂ ਕਰਤੂਤਾਂ ਦੇ ਬਾਵਜੂਦ
ਪਾਣੀ ਦਾ ਪਾਰਦਰਸ਼ੀ
ਤੁਪਕਾ ਧਰਤੀ ਉੱਤੇ ਡਿੱਗੇਗਾ। •

### 9. ਅੱਜ ਬੋਲਣ ਦਾ ਵੇਲਾ/ *ਲਾਰੰਸ ਫਰ ਲਿੰਗੇਟੀ*

ਦੇਸ਼ ਦੇ ਆਰ ਪਾਰ
ਵਿਸ਼ਾਲ ਭਰਮ ਫੈਲਿਆ ਹੋਇਆ ਹੈ
ਤੇ ਅਮਰੀਕਾ ਆਪਣੇ ਜੌੜੇ ਟਾਵਰਾਂ ਦਾ
ਜਵਾਬੀ ਹਮਲਾ ਕਰਦਾ ਹੈ,
ਤੀਸਰੀ ਸੰਸਾਰ ਜੰਗ ਦੀ ਤਿਆਰੀ
ਤੀਸਰੇ ਜਗਤ ਨਾਲ ਜੰਗ।

ਤੇ ਵਾਸ਼ਿੰਗਟਨ ਦੇ ਦਹਿਸ਼ਤਗਰਦ
ਆਪਣੇ ਨੌਜਵਾਨਾਂ ਨੂੰ
ਸਮੁੰਦਰੀ ਜਹਾਜ਼ਾਂ ਰਾਹੀਂ
ਨਵੀਆਂ ਕਤਲਗਾਹਾਂ ਵੱਲ ਤੋਰ ਰਹੇ ਹਨ।
ਤੇ ਕੋਈ ਬੋਲਦਾ ਹੀ ਨਹੀਂ।
ਉਹ ਪੱਗਾਂ ਵਾਲਿਆਂ ਨੂੰ
ਬਾਹਰ ਕੱਢ ਰਹੇ ਹਨ
ਉਹ ਅਜੀਬ ਦਿੱਸਦੇ ਪਰਵਾਸੀਆਂ ਨੂੰ
ਚੁਣ ਚੁਣ ਕੇ ਸ਼ਿਕਾਰ ਬਣਾ ਰਹੇ ਨੇ।



ਉਹ ਸਭ ਨੌਜਵਾਨਾਂ ਨੂੰ
ਸਮੁੰਦਰੀ ਜਹਾਜ਼ਾਂ ਰਾਹੀਂ
ਦੁਬਾਰਾ ਕਤਲਗਾਹਾਂ ਵੱਲ ਭੇਜ ਰਹੇ ਨੇ
ਕੋਈ ਕੁਸਕਦਾ ਨਹੀਂ
ਤੇ ਜਦੋਂ ਉਹ ਸਾਰੇ ਵੱਡੇ ਲੇਖਕਾਂ, ਕਵੀਆਂ
ਤੇ ਚਿੱਤਰਕਾਰਾਂ ਨੂੰ ਗ੍ਰਿਫ਼ਤਾਰ
ਕਰਨ ਲਈ ਆਉਂਦੇ ਹਨ
ਕਲਾਵਾਂ ਦੀ ਕੌਮੀ ਸੰਸਥਾ ਬੋਲਦੀ ਨਹੀਂ।
ਸਭ ਨੌਜਵਾਨ ਮੌਤ ਦੇ ਮੂੰਹ ਵਿਚ
ਧੱਕੇ ਜਾ ਰਹੇ ਹਨ
ਦੂਸਰੇ ਨੌਜਵਾਨਾਂ ਨੂੰ ਕਤਲ ਕਰਨ ਲਈ
ਹੁਣ ਬੋਲਣ ਦਾ ਵੇਲਾ ਹੈ,
ਆਜ਼ਾਦੀ ਦੇ ਆਸ਼ਕੋ
ਖੁਸ਼ੀ ਦੀ ਤਲਾਸ਼ ਕਰਨ ਵਾਲਿਓ
ਨਿੱਜੀ ਸੁਪਨਿਆਂ ਵਿਚ ਡੁੱਬੇ ਪ੍ਰੇਮੀਓ
ਹੁਣ ਬੋਲਣ ਦਾ ਵੇਲਾ ਹੈ
ਐ ਚੁੱਪ ਬਹੁ ਗਿਣਤੀ ਵਾਲਿਓ
ਇਸ ਤੋਂ ਪਹਿਲਾਂ ਕਿ ਉਹ ਤੁਹਾਨੂੰ ਗ੍ਰਿਫ਼ਤਾਰ
ਕਰਨ ਲਈ ਆਉਣ
ਹੁਣ ਬੋਲਣ ਦਾ ਵੇਲਾ ਹੈ। •

### 10. ਹਾਦਸਾ / *ਵਿਕਰਮ ਬਾਬੂ (ਅਮਰੀਕੀ)*

ਸ਼ਾਮ ਦੀ ਅਖ਼ਬਾਰ ਨਾਲ
ਭੈਅ ਵੀ ਮੇਰੇ ਬੂਹੇ 'ਤੇ ਪਹੁੰਚਿਆ
ਜਿਸ ਵਿਚ ਸਰਦ ਰੁੱਤ ਤੇ ਜੰਗ ਦੀਆਂ ਖ਼ਬਰਾਂ ਸਨ
ਹਰੀ ਬਾਰਸ਼ ਅਤੇ ਅਮਨ ਦੀ ਵਾਪਸੀ ਨੂੰ
ਹੁਣ ਕਾਫ਼ੀ ਦੇਰ ਲੱਗੇਗੀ। •

### 10. ਇਹ ਕਾਫ਼ੀ ਹੈ / *ਮੈਥੀਓ ਛਨੇਡਾ*

'ਮੁਰਦਿਆਂ ਦੇ ਲਹੂ ਬਾਰੇ ਸਮਝੌਤਾ ਨਹੀਂ ਹੁੰਦਾ'
(ਚਿੱਲੀ ਜਨਰਲ ਪੀਨੋਚਿਤ ਵਿਰੁੱਧ ਰੋਸਕਾਰੀ)
ਇਹ ਗੱਲ ਦੁਬਾਰਾ ਵਾਪਰ ਰਹੀ ਹੈ
ਇਹ ਕਦੇ ਰੁਕੀ ਨਹੀਂ ਸੀ।
ਮੈਂ ਉਸ ਜੰਗ ਵਿਚ ਘਿਰ ਗਿਆ ਹਾਂ
ਜਿਸ ਵਿਚ ਮੇਰੇ ਵੱਡੇ ਵਡੇਰੇ ਮਰੇ ਸਨ।
ਮੈਂ ਇਕ ਬੰਬ ਵਿਚ ਰਹਿ ਰਿਹਾ ਹਾਂ
ਜਿਸ ਉੱਤੇ ਬਦਲੇ ਦੀ ਨਿਸ਼ਾਨੀ ਹੈ
ਤੇ ਜਿਸ ਦਾ ਫੌਲਾਦ ਮੇਰੇ ਭਰਾਵਾਂ ਦੀਆਂ
ਗਰਦਨਾਂ ਉੱਤੇ ਫਟੇਗਾ।
ਜਿਨ੍ਹਾਂ ਦਾ ਜ਼ਹਿਰ, ਮੇਰੇ ਬੱਚਿਆਂ ਦੀ ਪਿਆਸ
ਬੁਝਾਉਣ ਵਾਲੇ ਪਾਣੀ ਵਿਚ ਘੁਲ ਜਾਵੇਗਾ।

ਕਿੰਨੇ ਕੁ ਸਾਲ ਸਾਡੇ ਬੱਚਿਆਂ ਨੂੰ
ਤਾਬੂਤਾਂ ਦੀ ਤਿਆਰੀ
ਕਬਰਿਸਤਾਨ ਵਿਚ ਪੱਤਿਆਂ ਦਾ ਝੜਨਾ
ਕਬਰਾਂ ਦੇ ਪੱਥਰ
ਤੇ ਆਪਣੇ
ਸੜ ਗਲ ਰਹੀਆਂ ਲਾਸ਼ਾਂ ਨੂੰ ਤੱਕਣਾ ਪਵੇਗਾ?
ਮੈਂ ਉਸ ਜਹਾਜ਼ ਵਿਚ ਉੱਡ ਰਿਹਾ ਹਾਂ
ਜਿਸ ਦੀ ਤਬਾਹੀ ਇਨਫਰਾ-ਰੈੱਡ ਰਾਹੀਂ
ਵੇਖੀ ਜਾ ਸਕਦੀ ਹੈ
ਤੇ ਜਿਸ ਦਾ
ਮਨੁੱਖਤਾ ਦਾ ਸੰਕਲਪ ਰਾਡਾਰ
ਦੀ ਸਕਰੀਨ ਹੈ।
ਅਸੀਂ ਤੇਜ਼ ਧਾਰ ਵਾਲੀ ਮਸ਼ੀਨ ਹਾਂ
ਤੇਰੇ ਮੇਜ਼ ਵੱਲ ਵਧੀ ਆਉਂਦੀ
ਮੇਰੀ ਜੀਭ ਦੇ ਕੁਹਾੜੇ ਨੂੰ
ਤੇਲ ਦਿੱਤਾ ਹੋਇਆ ਹੈ
ਤੇ ਇਸ ਦੇ ਪੱਠੇ ਵਾਰ
ਕਰਨ ਲਈ ਤਣੇ ਹੋਏ ਨੇ
ਮੈਂ ਉਸ ਬੰਦੂਕ ਵਿਚ ਰਹਿ ਰਿਹਾ ਹਾਂ
ਜਿਸਨੂੰ ਸੌਲਾਂ-ਸਾਲਾ
ਉਮਰ ਦੇ ਸਿਪਾਹੀ ਨੇ
ਚੇਪੀਆਂ ਲਾ ਕੇ ਸਜਾਇਆ ਹੋਇਆ ਹੈ
ਤੇ ਜਿਹੜੇ ਇਹ ਪਾਖੰਡ ਕਰਦੇ
ਤੇ ਕੋਸ਼ਿਸ਼ ਕਰਦੇ ਨੇ
ਕਿ ਜੀਵਨ ਸਾਧਾਰਨ ਹੈ।

ਸਾਡੇ ਰੁੱਖ ਸਾਡੀਆਂ ਭੈਣਾਂ ਦੇ
ਲਹੂ 'ਤੇ ਪਲਦੇ ਨੇ
ਸਾਡੇ ਫਲ ਘੱਟੇ ਨੇ, ਸਾਂਝੀ ਭੌਂ ਉਪਜਾਊ
ਸਾਡੇ ਬੱਚੇ ਸ਼ੀਸ਼ੇ ਦੀਆਂ ਕੰਕਰਾਂ ਨੂੰ ਰੋਂਦੇ ਨੇ
ਤੇ ਸਾਡੇ ਨੌਜਵਾਨ ਬੂਟਾਂ
ਦੀ ਥਾਂ ਬੰਦੂਕਾਂ ਪਹਿਨਦੇ ਨੇ।

ਮੈਂ ਉਹ ਕਰੋਧੀ ਭੀੜ ਹਾਂ,
ਜਿਸਦਾ ਗੁੱਸਾ ਸਟਾਕ ਦੇ ਰੇਟਾਂ ਦੇ

ਡਿੱਗਣ ਕਾਰਨ ਭੜਕਦਾ ਹੈ,
ਜਿਸ ਕੋਲ ਭੁੱਖੇ, ਉਜੜੇ ਤੇ ਮਰ ਗਿਆਂ
ਦੀ ਚਿੰਤਾ ਕਰਨ ਲਈ ਸਮਾਂ ਨਹੀਂ।
ਮੇਰੀ ਆਵਾਜ਼ ਸੁਣੋ!
ਮੇਰੇ ਭਰਾ ਨੇ ਆਪਣੀਆਂ ਪੱਸਲੀਆਂ ਵਿਚੋਂ
ਆਪਣਾ ਦਿਲ ਕੱਟ ਕੇ ਅੱਡ ਕਰ ਲਿਆ ਹੈ
ਤੇ ਤੇਰੀ ਪਲੇਟ ਵਿਚ ਰੱਖ ਦਿੱਤਾ ਹੈ।
ਤੂੰ ਆਜ਼ਾਦੀ ਨਹੀਂ ਤੱਕੀ
ਤੇਰੀ ਖਾਲੀ ਖੋਪੜੀ ਵਿਚ
ਮੁਰਦਿਆਂ ਦੀਆਂ ਅੱਖਾਂ
ਘਾਤ ਲਾ ਕੇ ਬੈਠੀਆਂ ਹੋਈਆਂ ਹਨ।

II

ਮੈਂ ਫਲਿਸਤੀਨ ਦੇ ਬੱਚਿਆਂ ਦੇ
ਤੰਬੂ ਵਿਚ ਰਹਿ ਰਿਹਾ ਹਾਂ
ਜਿਹੜੇ ਨਿੱਤ ਸਵੇਰੇ ਜਾਗ ਕੇ
ਉਸ ਕਤਾਰ ਵਿਚ ਖਲੋ ਜਾਂਦੇ ਹਨ
ਜਿਥੇ 'ਥਾਂ ਬਦਲੀ' ਦਾ ਨਿਸ਼ਾਨ ਲੱਗਾ
ਹੋਇਆ ਹੈ,
ਜਿਹੜੇ ਉਹ ਭਾਸ਼ਾ ਬੋਲਦੇ ਨੇ,
ਜੋ ਕਾਫ਼ੀ ਨਹੀਂ ਹੈ।
ਮੁਰਦਿਆਂ ਦਾ ਖ਼ੂਨ ਸਮਝੌਤੇ
ਦੇ ਕਾਬਲ ਨਹੀਂ ਹੁੰਦਾ
ਤੇ ਦੁਸ਼ਟਾਂ ਦੀ ਵਾਈਨ ਮਿੱਠੀ ਨਹੀਂ ਹੁੰਦੀ।
ਮੈਂ ਉਸ ਰਾਜ-ਪ੍ਰਬੰਧ ਦੀ ਧਰਤੀ 'ਤੇ
ਰਹਿ ਰਿਹਾ ਹਾਂ
ਜਿਹੜਾ ਆਪਣੇ ਆਪ ਨੂੰ
ਖ਼ੁਦਾ ਦੇ ਅਧੀਨ ਰਹਿ ਰਹੀ
ਕੌਮ ਆਖਦਾ ਹੈ
ਤੇ ਜਿਸ ਨੂੰ ਸਿਰਜਣਾ ਲਈ
ਕੋਈ ਸਤਿਕਾਰ ਨਹੀਂ।
ਮੁਰਦਿਆਂ ਦਾ ਲਹੂ ਸਮਝੌਤੇ ਲਈ ਨਹੀਂ ਹੁੰਦਾ
ਤੇ ਪਾਪੀਆਂ ਦੀ ਵਾਈਨ ਮਿੱਠੀ ਨਹੀਂ ਹੁੰਦੀ।

III

ਮੈਂ ਬਾਬੀਲੋਨ ਵਿਚ ਨਿਊ ਯਾਰਕ ਤੇ
L.A. ਦੇ ਵਿਚਕਾਰ
ਕਿਤੇ ਰਹਿ ਰਿਹਾ ਹਾਂ
ਮੁਰਦਿਆਂ ਦੀ ਰੱਤ ਸਮਝੌਤਿਆਂ ਲਈ ਨਹੀਂ ਹੁੰਦੀ
ਤੇ ਬਦਮਾਸ਼ਾਂ ਦੀ ਵਾਈਨ ਮਿੱਠੀ ਨਹੀਂ ਹੁੰਦੀ।
ਮੈਂ ਮਿਰਗੀ ਦੇ ਦੌਰੇ ਦੇ ਦੁਹਰਾਓ
ਤੇ ਉਸ ਮਾਨਵ ਦੋਖੀ ਰੀਕਾਰਡ (ਤਵੇ)
ਨੂੰ ਬਾਰ-ਬਾਰ
ਰੀਕਾਰਡ ਪਲੇਅਰ ਉੱਤੇ
ਵੱਜਦੇ ਸੁਣ ਰਿਹਾ ਹਾਂ
ਜਿਸ ਨੂੰ ਕੋਈ ਬੰਦ ਨਹੀਂ ਕਰ ਸਕਦਾ
ਕਤਲ ਕੀਤੇ ਗਿਆਂ ਦਾ ਲਹੂ
ਸਮਝੌਤੇ ਵਿਚ ਵੇਚਣ ਲਈ ਨਹੀਂ ਹੁੰਦਾ
ਤੇ ਦੁਸ਼ਟਾਂ ਦੀ ਵਾਈਨ
ਪੀਣ ਦੇ ਕਾਬਲ ਨਹੀਂ ਹੁੰਦੀ
ਮੈਂ ਅੱਥਰੂਆਂ ਦੀ ਉਸ ਝੀਲ
ਵਿਚ ਰਹਿ ਰਿਹਾ ਹਾਂ
ਜਿਸ ਦੀ ਕੋਈ ਸਰਹੱਦ ਨਹੀਂ
ਉਹ ਥਾਂ ਜਿਥੇ ਲਹੂ ਵਾਧੂ ਹੈ
ਤੇ ਪਾਣੀ ਦੀ ਅਣਹੋਂਦ।
ਮੁਰਦਿਆਂ ਦਾ ਲਹੂ ਸਮਝੌਤੇ
ਦੇ ਯੋਗ ਨਹੀਂ ਹੁੰਦਾ
ਤੇ ਲੁੱਚਿਆਂ ਦੀ ਵਾਈਨ ਮਿੱਠੀ ਨਹੀਂ ਹੁੰਦੀ,
ਮੈਂ ਅਮਰੀਕਾ ਵਿਚ ਇਸ ਥਾਂ 'ਤੇ ਰਹਿ ਰਿਹਾ ਹਾਂ
ਜਿਸ ਨੇ ਹਰ ਉਸ ਚੀਜ਼ 'ਤੇ ਥੁੱਕਿਆ ਹੈ
ਜਿਸ ਨੂੰ ਮੈਂ ਪਿਆਰ ਕਰਦਾ ਹਾਂ।

## 11. ਕੁਵੈਤ ਨੂੰ ਜਾਂਦਿਆਂ/*ਅਨੀਤੇ ਐਲਨ*

ਇਕ ਸ਼ਾਮ, ਕੰਮ ਤੋਂ ਪਿੱਛੋਂ
ਉਸ ਦੇ ਡੈਸਕ ਲਾਗੇ ਖਲੋਤਿਆਂ
ਹਰ ਗੱਲ ਤੇ ਕਿਸੇ ਗੱਲ ਬਾਰੇ ਵੀ
ਗੱਲ ਨਾ ਕਰਦਿਆਂ
ਦੂਜੇ ਸ਼ਬਦਾਂ ਵਿਚ ਜ਼ਿੰਦਗੀ ਬਾਰੇ
ਗੱਲ ਕਰਦਿਆਂ, ਉਹ ਆਖਣ ਲੱਗਾ,
"ਬੱਚੇ ਵਿਗੜ ਗਏ ਨੇ।
ਉਨ੍ਹਾਂ ਸਾਹਮਣੇ ਕੋਈ ਮੰਤਵ ਹੀ ਨਹੀਂ।
ਉਹ ਪੈਸੇ ਖਰਚਣ ਲਈ ਜੀਊਂਦੇ ਨੇ,
ਉਹ ਕੋਈ ਗੱਲ ਨਹੀਂ ਸਮਝਦੇ
ਨਿਰੇ ਗੰਵਾਰ।
ਕਿਤੇ ਜੰਗ ਲੱਗੇ ਤੇ ਇਹ



ਬੰਦੇ ਦੇ ਪੁੱਤ ਬਣਨ
ਜੀਵਨ ਵਿਚ ਖੁੱਭਣ
ਜ਼ਿੰਦਗੀ ਦੇ ਅਰਥ ਕੁਝ ਸਮਝ ਆਉਣ।
ਮੈਂ ਚੱਕਰਾ ਗਿਆ। ਪ੍ਰੇਸ਼ਾਨ।
ਮੇਰੇ ਕੰਨਾਂ ਨੇ ਇਹ ਕੀ ਸੁਣਿਆ ਹੈ
"ਉਹਨਾਂ ਨੂੰ ਮੌਤ ਪਵੇ। ਜੀਵਨ ਦੇ ਅਰਥ
ਕੁਝ ਸਮਝ ਆਉਣ।"
ਛੇਤੀ ਨਾਲ ਮੈਂ ਵਾਰਤਾਲਾਪ ਖਤਮ ਕਰ ਦਿੱਤੀ,
ਜਿਵੇਂ ਕਿਸੇ ਫੈਕਟਰੀ ਵਿਚ ਮਸ਼ੀਨ ਵਿਚ
ਕਿਸੇ ਦਾ ਹੱਥ ਫਸ ਜਾਂਦਾ ਹੈ
ਉਂਗਲਾਂ ਕੱਟੀਆਂ ਜਾਣ
ਪਰ ਸਾਥੀ ਮਜ਼ਦੂਰ ਖੌਫ਼ ਵਿਚ ਖੜ੍ਹੇ ਦੇਖਦੇ ਰਹਿਣ।
ਮੈਂ ਦਿਨ ਭਰ ਲਈ ਘਰ ਚਲਾ ਗਿਆ
ਫਿਰ ਦੁਬਾਰਾ ਕਦੇ ਬਹਿਸ ਨਹੀਂ ਹੋਈ।

ਪਿਛਲੇ ਹਫ਼ਤੇ ਦੁਪਹਿਰ ਦੇ ਖਾਣੇ ਵੇਲੇ
ਆਪਣੇ ਮਨਪਸੰਦ ਵੈਸ਼ਨੂੰ ਢਾਬੇ ਵਿਚ ਬੈਠਿਆਂ?
ਮੈਂ ਪੁੱਛਿਆ, "ਕਿਵੇਂ ਗੁਜ਼ਰਦੀ ਹੈ?
ਉਸ ਨੇ ਆਪਣੀ ਮਾਂ ਦੀ ਗੱਲ ਕੀਤੀ,
ਜੋ ਮਰਨ ਕਿਨਾਰੇ ਸੀ
ਆਪਣੀਆਂ ਭੈਣਾਂ ਦੀ,
ਜਿਹਨਾਂ ਨੂੰ ਕੁਝ ਔਕੜਾਂ ਸਨ
ਤੇ ਆਪਣੇ ਸਭ ਤੋਂ ਛੋਟੇ ਪੁੱਤਰ ਬਾਰੇ
ਜੋ ਬਹਾਰ ਦੀ ਰੁੱਤੇ, ਹਾਈ ਸਕੂਲ ਤੋਂ
ਗਰੈਜੂਏਸ਼ਨ ਕਰਨ ਵਾਲਾ ਸੀ।
ਮੈਂ ਉਸ ਦੀਆਂ ਅੱਖਾਂ ਦੇ ਕੋਏ ਹੇਠਾਂ
ਥਕਾਵਟ ਦੇ ਅਰਧ-ਚੰਨ ਤੱਕੇ
ਤੇ ਉਹਨਾਂ 'ਚੋਂ ਸਮਝਿਆ
ਕਿ ਉਹ ਉਨੀਂਦਰਾ ਰਹਿੰਦਾ ਸੀ
ਆਪਣੇ ਸੌਣ ਕਮਰੇ ਦੀ ਖਿੜਕੀ ਖੋਲ੍ਹ ਕੇ
ਖਲੋਤਾ ਰਹਿੰਦਾ ਉਹ ਲਾਗਲੀ ਗਲੀ ਉੱਤੇ
ਨਿਰੰਤਰ ਨਜ਼ਰ ਰੱਖਦਾ ਸੀ
ਤੇ ਫ਼ਿਲਿਪ ਦਾ ਕਿਵੇਂ?
ਮੈਂ ਪਰਿਵਾਰ ਦੇ ਉਸ ਮੈਂਬਰ ਬਾਰੇ ਪੁੱਛਿਆ
ਜਿਸ ਬਾਰੇ ਉਹਨੇ ਗੱਲ ਨਹੀਂ ਸੀ ਕੀਤੀ
ਪਲੇਠੀ ਦੇ ਪੁੱਤ ਬਾਰੇ
ਜੋ 10 ਸਤੰਬਰ 2001 ਨੂੰ ਜਹਾਜ਼ੀਆਂ
ਵਿਚ ਭਰਤੀ ਹੋ ਗਿਆ ਸੀ।
"ਫਿਲਿਪ ਕੁਵੈਤ ਪਹੁੰਚਣ ਵਾਲਾ ਹੈ"
ਉਸ ਨੇ ਸਾਧਾਰਨ ਢੰਗ ਨਾਲ ਕਿਹਾ
ਇਕ ਦੋ ਦਿਨਾਂ ਵਿਚ, ਉਹ ਇਰਾਕੀ ਸਰਹੱਦ
ਲਾਗੇ ਜਾ ਕੈਂਪ ਲਾਵੇਗਾ।"
ਅਸਾਂ ਦੋਵਾਂ ਮੇਜ਼ ਵੱਲ ਤੱਕਿਆ
ਤੇ ਆਪਣੀ ਚਾਹ ਪੀਤੀ।
ਸਾਡੇ ਵਿਚਕਾਰ ਪੁਰਾਣੀ
ਵਾਰਤਾਲਾਪ ਹਵਾ ਵਿਚ
ਤੈਰਦੀ ਰਹੀ ਤੇ
ਇਸ ਨੇ ਕਿਸੇ ਕੌੜੀ ਤੇ ਸਖ਼ਤ
ਗੱਲ ਨਾਲ ਚੁੱਪ ਨੂੰ ਭਰ ਦਿੱਤਾ।
ਮੈਂ ਉਹ ਸਵਾਲ ਨੂੰ ਘੁੱਟ ਗਿਆ
ਜੋ ਮੇਰਾ ਬੁੱਲ੍ਹਾਂ 'ਤੇ ਸੀ
ਤੇ ਮੈਂ ਹਰ ਸਵਾਸ ਨਾਲ ਪ੍ਰਾਰਥਨਾ ਕਰਦਾ ਹਾਂ
ਕਿ ਉਸ ਦਾ ਕਦੇ ਵੀ ਜਵਾਬ ਨਾ ਮਿਲੇ।

## 12. ਜੰਗ ਤੋਂ ਪਹਿਲਾਂ ਦੇ ਦਿਨ/*ਲੀਨ ਐਂਡ ਗਰਲੀ*

ਮੇਰੇ ਲਈ ਇਹ ਗੱਲ ਨਵੀਂ ਹੈ
ਤੇ ਮੈਨੂੰ ਆਪਣੀਆਂ ਦਲੀਲਾਂ 'ਤੇ ਭਰੋਸਾ ਨਹੀਂ
ਇਰਾਕ ਸੰਸਾਰ ਵਿਚ ਸਭ ਤੋਂ ਵੱਧ
ਖਜੂਰਾਂ ਪੈਦਾ ਕਰਨ ਵਾਲੇ ਦੇਸ਼ਾਂ ਵਿਚੋਂ ਹੈ।
ਮੈਨੂੰ ਉੱਨ ਦੀਆਂ
ਜੁਰਾਬਾਂ ਪਾਉਣੀਆਂ ਚਾਹੀਦੀਆਂ ਸੀ
ਪਿਛਲੇ ਹਫ਼ਤੇ ਇਕ ਮਿੱਤਰ ਨੇ ਮੈਨੂੰ
ਇਕ ਚਿੱਟਾ ਬਿੱਲਾ ਦਿੱਤਾ
ਮੈਂ ਕਿਹਾ, "ਮੈਂ ਜੰਗ ਦੇ ਵਿਰੁੱਧ ਹਾਂ।
ਪਰ ਮੈਂ ਬਿੱਲਾ ਲਾਉਣ ਲਈ ਤਿਆਰ ਨਹੀਂ।,"
ਟਾਈਮ ਹੋ ਗਿਆ ਸੀ
ਮੈਂ ਆਪਣੀ ਪਲਾਸਟਿਕ
ਦੀ ਸ਼ੀਟ ਲਪੇਟਦਾ ਹਾਂ
ਮੇਰੇ ਜਿਸਮ ਨੇ ਬਰਫ਼ ਵਿਚ
ਇਕ ਮੋਰੀ ਕਰ ਦਿੱਤੀ ਹੈ
ਕਦੇ ਜਿਥੇ ਮੇਰੀਆਂ ਲੱਤਾਂ ਹੁੰਦੀਆਂ ਸਨ
ਦਸਤਾਨੇ ਪਾਈ ਇਕ ਬੰਦਾ
ਮੈਨੂੰ ਇਕ ਬਿੱਲਾ ਦਿੰਦਾ ਹੈ,
ਮੈਂ ਇਸ ਨੂੰ ਪਾ ਲਿਆ ਹੈ

ਤੇ ਲਿਖੇ ਜਾਣ ਲਈ ਤਿਆਰ ਹਾਂ।

### 13. ਪੈਟਰੋਲ ਦੀ ਲੋੜ/ *ਨਜੀਦ ਨਾਫੀਸੀ*

ਮੈਨੂੰ ਤੇਰੀ ਲੋੜ ਨਹੀਂ, ਪੈਟਰੋਲ!
ਦੇਰ ਤੀਕ ਮੈਂ ਸਮਝਦਾ ਰਿਹਾਂ
ਕਿ ਤੂੰ ਮੇਰੇ ਲਈ ਬਲ਼ਦਾ ਹੈਂ
ਹੁਣ ਮੈਂ ਵੇਖਦਾ ਹਾਂ
ਕਿ ਮੈਂ ਤੇਰੇ ਲਈ ਬਲ਼ਦਾ ਹਾਂ।
ਮੈਂ ਨਹੀਂ ਕਹਿੰਦਾ ਕਿ
ਮਿੱਟੀ ਦੇ ਤੇਲ ਨਾਲ ਬਲ਼ਦੇ
ਹੀਟਰ ਨੇੜੇ ਬੈਠਣਾ ਤੇ
ਡਿੱਗਦੀ ਬਰਫ਼ ਨੂੰ ਤੱਕਣਾ
ਚੰਗਾ ਨਹੀਂ ਲੱਗਦਾ।
ਕਿ ਖਾਲੀ ਮੈਦਾਨ ਵਿਚ
ਪੰਪ ਪਾਣੀ ਨਹੀਂ ਲਾਉਂਦਾ।
ਫਿਰ ਵੀ ਮੈਨੂੰ ਯਕੀਨ ਨਹੀਂ ਆਉਂਦਾ।
ਹੇ ਸੱਤ ਸਿਰਾਂ ਵਾਲੇ ਅਜਗਰ
ਤੇਰੇ ਮੂੰਹ ਵਿਚੋਂ
ਮੇਰੀ ਧਰਤੀ ਮਾਂ ਦੀ ਰੂਹ ਲਈ
ਅੱਗ ਨਿਕਲਦੀ ਹੈ
ਮੈਂ ਤੇਰੇ ਸਕੂਲ ਵਿਚੋਂ
ਗੁਲਾਮੀ ਦਾ ਸਬਕ ਪੜ੍ਹਿਆ
ਤਾਂ ਕਿ ਕਬੀਲੇ ਦਾ ਖ਼ਾਨ
ਆਪਣੇ ਪੁੱਤਰ ਨੂੰ ਲੰਡਨ ਭੇਜ ਸਕੇ
'ਮੋਹਾਮਾਰਾ' ਦੀ ਸ਼ਾਹੀ ਫੌਜ ਨੇ
ਮੇਰੇ 'ਇਨਸਾਫ਼ ਦੇ ਘਰ' ਦਾ ਸੁਪਨਾ
ਭੰਗ ਕਰ ਦਿੱਤਾ
ਗਲੀ ਵਿਚ ਮੇਰਾ ਲਹੂ ਡੋਲ੍ਹਿਆ ਗਿਆ
ਇਹ ਲਹੂ ਸਿਆਹੀ ਦਾ ਰੂਪ ਧਾਰ ਗਿਆ
ਤਾਂ ਕਿ ਕਲਮਾਂ ਗੁਲਾਮੀ ਦੇ
ਨਵੇਂ ਅਹਿਦਨਾਮੇ ਲਿਖ ਸਕਣ।
ਕੁਫ਼ਰ ਦੇ ਸ਼ਾਨਦਾਰ ਗੇਟ
ਤੇਰੀਆਂ ਹੀ ਚਾਬੀਆਂ ਨਾਲ ਖੁੱਲ੍ਹਦੇ ਸੀ।
ਹੇ ਈਸਾ ਵਿਰੋਧੀ ਖੋਤੇ
ਅੱਜ ਮਸੀਹਾ ਤੇਰੀ ਹੀ ਸਵਾਰੀ ਕਰਦਾ ਹੈ
ਤੂੰ ਇਸ ਰਿਆਸਤ ਨੂੰ
ਸਵਰਗੀ ਤਖ਼ਤ 'ਤੇ ਬਿਠਾਇਆ
ਤੇ ਇਸਦੇ ਬੂਟ ਪਾਲਸ਼ ਕਰ ਕੇ ਚਮਕਾਏ
ਤੂੰ ਉਸ ਦੀ ਸੱਤ ਸਿਰਾਂਵਾਲੀ
ਲਾਠੀ ਉੱਪਰ ਉਠਾਈ
ਤੇ ਜਦੋਂ ਵੀ ਮੈਂ ਇਸ ਨੂੰ ਹੇਠਾਂ
ਲਿਆਉਣ ਦੀ ਕੋਸ਼ਿਸ਼ ਕੀਤੀ
ਤੂੰ ਇਸ ਦੀ ਕੰਬਦੀ ਦੇਹ ਹੇਠਾਂ
ਆਪਣੇ ਤਗੜੇ ਸ਼ਤੀਰ ਡਾਹ ਦਿੱਤੇ
ਨਹੀਂ ਮੈਨੂੰ ਨਹੀਂ ਤੇਰੀ ਲੋੜ ਪੈਟਰੋਲ।
ਐ ਖ਼ੂਨੀ ਨਦੀ।
ਦੇਰ ਤੀਕ ਮੈਂ ਸੋਚਦਾ ਰਿਹਾ
ਕਿ ਤੂੰ ਮੈਨੂੰ ਲਹੂ ਦਿੰਦੀ ਰਹੀ
ਹੁਣ ਮੈਂ ਵੇਖਿਆ ਹੈ
ਕਿ ਤੂੰ ਮੇਰਾ ਲਹੂ ਪੀਂਦੀ ਏਂ। •

### 14. ਸੁਰਖ਼ ਹੈਵਾਨ/ *ਰਾਬਰਟ ਡੇਵਿਡਸੰਨ*

ਬੱਚਿਓ!!
ਕੀ ਤੁਹਾਨੂੰ ਸੁਰਖ ਹੈਵਾਨ ਗਰਜਦਾ
ਨਹੀਂ ਸੁਣਦਾ?
ਕਿਲ੍ਹੇ ਦੀਆਂ ਬਾਹੀਆਂ
ਉੱਤੇ ਪਹਿਰੇ ਲਾਓ।
ਸੀਖਾਂ ਵਾਲਾ ਬੂਹਾ ਬੰਦ ਕਰ ਦਿਓ।
ਕੀ ਤੁਹਾਡੇ ਕੋਲ ਖਡੌਣਾ-ਬੰਦੂਕਾਂ ਨਹੀਂ
ਇਨ੍ਹਾਂ ਨੂੰ ਲਾਗੇ ਰੱਖ ਲਓ
ਆਪਣੀਆਂ ਗੁੱਡੀਆਂ
ਦੇ ਕੱਪੜੇ ਤੇ ਕੋਟ ਵੀ
ਇਨ੍ਹਾਂ ਨੂੰ ਬੱਚਾ-ਗੱਡੀਆਂ ਉੱਤੇ ਲੱਦ ਲਵੋ।
ਹੈਵਾਨ ਸ਼ਹਿਰ ਦੀਆਂ ਗਲੀਆਂ ਦੇ ਉੱਤੋਂ ਦੀ
ਫੈਲਦਾ ਆਉਂਦਾ ਹੈ
ਤੇ ਉਹ ਆਪਣੀਆਂ ਵੀਣੀਆਂ ਨਾਲ
ਅਸਮਾਨ ਨੂੰ ਨਹੁੰਦਰਾਂ ਮਾਰਦਾ ਤੇ
ਅੱਡੀ ਲਾਈ ਆ ਰਿਹਾ ਹੈ
ਕੀ ਤੁਸੀਂ ਡਰ ਤੇ ਨਹੀਂ ਗਏ?
ਇਹ ਬਘਿਆੜ-ਮੂੰਹਾ ਨਿਰੀ ਪਲੇਗ ਜੇ
ਇਸ ਕਿਰਲੇ ਦੀ ਪੂਛ ਨਿਰੀ ਭੁੱਖ ਮਰੀ
ਤੇ ਇਸ ਦੀ ਬਿੱਲੀ ਤੱਕਣੀ
ਵਿਚ ਕਰੋਧ ਭਰਿਆ ਪਿਆ ਸੀ।



ਬੱਚਿਓ!
ਇਸ ਨਾਚੇ ਮਸਖਰੇ ਦੀ ਕੋਈ ਸੁਰੱਖਿਆ ਨਹੀਂ
ਨਾ ਇਸ ਦੇ ਘੁੰਮਦੇ ਚਾਕੂ ਤੇ
ਇਸਦਾ ਰੋਗਨ ਚਿਹਰਾ
ਇਹ ਗੰਜਾ ਕਾਢਕਾਰ
ਇਕ ਨਵੀਂ ਜੁਗਤ ਵਿਖਾ ਰਿਹਾ ਜੇ
ਉਹ ਟਾਹਣੀ ਸੁੱਟਦਾ ਹੈ
ਤੇ ਨਜ਼ਰੋਂ ਉਹਲੇ ਹੋ ਜਾਂਦਾ ਜੇ,
ਲੱਕੜੀ ਦੇ ਸੈਨਿਕ ਸੰਦੂਕ
ਵਿਚ ਹੀ ਬੰਦ ਰਹਿੰਦੇ ਨੇ
ਉਹ ਇਸ ਦੀ ਪੀਲੀ ਮੋਮ ਦੀ
ਮੁਹਰ ਨਹੀਂ ਤੋੜ ਸਕਦੇ।

ਬੱਚਿਓ!
ਸੁਪਨਿਆਂ ਦੇ ਕਿਲੇ ਵਿਚੋਂ ਭੱਜ ਨਿਕਲੋ
ਬਚਾਅ ਦੀ ਰੇਖਾ ਵਾਹੋ।
ਵਹਿਸ਼ੀ ਜਾਨਵਰ ਨੇੜੇ ਨੇੜੇ ਆ ਰਿਹਾ ਹੈ। •

### 15. ਬੀਬੀ ਰਾਣੀ ਕਵਿਤਾ ਤੋਂ ਡਰ ਨਾ!

(ਸ੍ਰੀਮਤੀ ਬੁਸ਼ ਦੇ ਨਾਂ) *ਰੀਬੇਕਾ ਸੈਲਰਸ*

ਬੀਬੀ ਰਾਣੀ ਕਵਿਤਾ ਤੋਂ ਡਰ ਨਾ!
ਜਿਨ੍ਹਾਂ ਦਾ ਤੂੰ ਸਤਿਕਾਰ ਕਰਦੀ ਹੈਂ
ਟਵੇਨ
ਵਿੱਟ ਮੈਨ
ਦਿਊਗਜ਼
ਏਥੋਂ ਤੀਕ ਕਿ ਤੇਰੀ 'ਈਮੀਲੀ' ਵੀ
ਉਹਨਾਂ ਸਭ ਨੇ, ਸ਼ਹਿਦ ਦੀਆਂ ਮੱਖੀਆਂ
ਤੇ ਘਾਹ ਦੀਆਂ ਤਿੜ੍ਹਾਂ ਤੋਂ
ਪਾਰ ਬਾਰੇ ਲਿਖਿਆ ਹੈ।
ਉਨ੍ਹਾਂ ਮਨੁੱਖੀ ਹਾਲਤ ਬਾਰੇ ਲਿਖਿਆ ਹੈ।
ਹੁਣ ਤੂੰ ਸਰਬ-ਸਮਿਆਂ ਦੀ
ਮਨੁੱਖੀ ਦਸ਼ਾ ਵੱਲ
ਪਿੱਠ ਕਿਵੇਂ ਕਰ ਸਕਦੀ ਹੈਂ?

ਹੁਣ ਵੇਲਾ ਹੈ
ਕਿ ਮਿਠਾਸ, ਨੇਕੀ ਤੇ ਦੀਵਾਨਖ਼ਾਨਿਆਂ
ਦੀਆਂ ਦਿਲ-ਲਗੀਆਂ
ਲਈ ਪੜ੍ਹੀ ਜਾਂਦੀ ਕਵਿਤਾ ਤੋਂ
ਪਰ੍ਹੇ ਵੀ ਤੱਕਿਆ ਜਾਵੇ
ਤੇ ਉਸ ਕਵਿਤਾ
ਸਗੋਂ ਸਮੁੱਚੀ ਕਵਿਤਾ ਦੇ
ਚਿੰਤਨ ਬਾਰੇ ਸੋਚਿਆ ਜਾਵੇ
ਜੋ ਇਹ ਉਭਾਰਦੀ ਹੈ।
ਚੁੱਪ ਨਾ ਰਹਿਣਾ
ਸਗੋਂ ਸੋਚ ਨੂੰ
ਤੇ ਸਵਾਲ ਨੂੰ ਉਕਸਾਉਣਾ।
ਉਨ੍ਹਾਂ ਅੱਖਾਂ ਨੂੰ ਅਣਡਿੱਠ ਨਾ ਕਰਨਾ।
ਬੱਚਿਆਂ ਦੀਆਂ ਅੱਖਾਂ ਨੂੰ
'ਖਾਲੀਪਨ' ਨੂੰ ਦਰਸਾਉਂਦੇ ਕਾਲੇ ਚੰਨ'
ਬੀਬੀ ਰਾਣੀ!
ਜੰਗ ਨੂੰ ਹੱਲਾਸ਼ੇਰੀ ਨਾ ਦੇ।
ਬੱਚਿਆਂ ਨੂੰ ਜੀਊਣ ਦੇ!
ਬੀਬੀ ਰਾਣੀ, ਇਨ੍ਹਾਂ ਨੂੰ ਡਰਾ ਧਮਕਾ ਨਾ
ਲੋਕਾਂ ਨੂੰ ਬੋਲਣ ਦੇ।
ਕਵੀਆਂ ਦੀ ਸਰਪ੍ਰਸਤੇ!
ਉਨ੍ਹਾਂ ਵੱਲ ਪਿੱਠ ਨਾ ਕਰ!
ਆਪਣੇ ਦੀਵਾਨਖਾਨੇ ਨੂੰ ਖੋਲ੍ਹ ਦੇ
ਕਵੀਆਂ ਨੂੰ ਕਵਿਤਾਵਾਂ ਪੜ੍ਹਨ ਦੇ
ਬੀਬੀ-ਰਾਣੀ! •

### 16. ਬਾਜ਼ ਬਨਾਮ ਘੁੱਗੀ/ *ਹਾਲ ਸਰੋਵਿਟਜ਼*

ਪਿਤਾ ਨੇ ਕਿਹਾ
'ਬਹੁਤੇ ਲੋਕ ਸਰਕਾਰ ਦੀਆਂ
ਜੰਗ ਬਾਰੇ ਕੋਸ਼ਿਸ਼ਾਂ ਦੀ ਹਾਮੀ
ਭਰਨ ਲੱਗਦੇ ਹਨ'
ਪਰ ਜਦੋਂ ਉਨ੍ਹਾਂ ਦਾ ਕੋਈ ਨੇੜੂ
ਫੌਜ ਵਿਚ ਜਬਰੀ ਭਰਤੀ
ਕਰ ਲਿਆ ਜਾਂਦਾ ਹੈ।
ਤਾਂ ਅਚਾਨਕ ਉਹਨਾਂ ਦੀ ਸੁਰ
ਬਦਲ ਜਾਂਦੀ ਹੈ
ਤੇ ਉਹ ਸਰਕਾਰ ਨੂੰ ਕਿੰਤੂ-ਪ੍ਰੰਤੂ
ਕਰਨ ਲੱਗਦੇ ਨੇ।"
ਮੇਰੇ ਮਿੱਤਰ ਦਾ ਪਿਤਾ ਵੀ ਇਕ ਬਾਜ਼ ਸੀ
ਜਦੋਂ ਉਸ ਦੇ ਪੁੱਤਰ ਨੂੰ
ਜਬਰੀ ਭਰਤੀ ਦਾ ਨੋਟਿਸ ਮਿਲਿਆ

ਉਹ ਘੁੱਗੀ ਬਣ ਗਿਆ
ਜੰਗ ਦੇ ਵਿਰੋਧੀਆਂ ਉੱਤੇ ਝਪਟਣ ਦੀ ਥਾਂ
ਉਸ ਨੇ ਘੁੱਗੀ ਵਾਂਗ ਗੁਟੇਕਣਾ
ਸ਼ੁਰੂ ਕਰ ਦਿੱਤਾ
ਹੁਣ ਉਸ ਦੀ ਗੱਲ ਸੁਣਨੀ, ਸੌਖੀ ਹੈ
ਕਿਉਂਕਿ ਹੁਣ ਉਹ ਕਿਸੇ ਦੇ
ਖੰਭ ਨਹੀਂ ਪੁੱਟਦਾ
ਸ਼ਰਮ ਦੀ ਗੱਲ ਹੈ ਕਿ ਉਸ ਦੀ
ਸ਼ਖ਼ਸੀਅਤ ਦਾ ਸੁਧਾਰ ਕਰਨ ਲਈ
ਉਸ ਦੇ ਲੜਕੇ ਦੀ
ਸੰਭਾਵੀ ਮੌਤ ਦੀ ਲੋੜ ਸੀ। •

### 17. ਕੀ ਅਜਿਹੇ ਬੱਚੇ ਹਨ ?/*ਰਾਬਰਟ ਪ੍ਰੀਸਦ*

ਕੀ ਕਿਤੇ ਅਜਿਹੇ ਬੱਚੇ ਹਨ
ਜੋ ਜ਼ਖ਼ਮਾਂ ਦੀ ਉਡੀਕ ਕਰਦੇ ਹਨ
ਆਪਣੇ ਮਾਸ ਵਿਚ ਨਾਪਾਲਮ ਬੰਬ
ਦੇ ਫੁੰਕਾਰਿਆਂ ਲਈ ਉਤਸਕ ਹਨ।
ਜੋ ਫਟਣ ਵਾਲੇ ਗੋਲਿਆਂ ਤੋਂ
ਆਪਣਾ ਅੰਗੂਠਾ
ਕਟਾਉਣਾ ਚਾਹੁੰਦੇ ਹੋਣ।
ਕੀ ਉਹ ਕਰੂਪ ਹੋਣ ਤੇ ਹੱਥ ਪੈਰ
ਕਟਾਉਣ ਲਈ ਤਾਂਘਦੇ ਹਨ?
ਤੰਦੂਰਾਂ ਵਿਚ ਸੜ ਕੇ ਰਾਖ਼ ਬਣ
ਲਈ ਲੋਚਦੇ ਹਨ।
ਕੀ ਅਜਿਹੇ ਬੱਚੇ ਹਨ ?
ਜੋ ਗੋਲੀਆਂ ਦੇ ਕੇਂਦਰੀ ਨੁਕਤਿਆਂ ਨੂੰ
ਸਮਝਣ ਦੀ ਕੋਸ਼ਿਸ਼ ਕਰਦੇ ਹਨ
ਜੋ ਬੰਬਾਂ ਦੇ ਚੁੱਲ੍ਹਿਆਂ ਉੱਤੇ
ਕਿਸੇ ਆਸ ਨਾਲ ਚੌਫ਼ਾਲ
ਲੰਮੇ ਪੈਣ ਲਈ ਤਿਆਰ ਹਨ?
ਕੀ ਅਜਿਹੀਆਂ ਪਵਿੱਤਰ ਮੌਤਾਂ ਲਈ
ਅਜੇ ਵੀ ਕਤਾਰਾਂ ਬਣਾ ਕੇ ਖਲੋਂਦੇ ਹਨ।
ਮੈਨੂੰ ਪੁੱਛਣਾ ਬਣਦਾ ਹੈ
ਕੀ ਰੂਹ ਤੇ ਮਾਸ ਦਾ ਸੰਜੋਗ
ਅਜੇ ਵੀ ਕੱਟੇ ਜਾਣ ਲਈ ਤਾਂਘਦਾ ਹੈ?
ਆਕਾਸ਼ ਵਿਚ ਕੁੱਦਣ ਲਈ ਬਿਹਬਲ।
ਕੀ ਸਾਡੇ ਸਾਰੇ ਸ਼ਬਦ ਚੁੱਪ
ਲਈ ਚਿੰਨ੍ਹ-ਮਾਤਰ ਹਨ
ਸਥਿਰ ਤਿੜ-ਤਿੜ
ਲਹੂ ਨੂੰ ਅੱਗ ਲਾਉਣਾ
ਦਿਲ ਨੂੰ ਖੋਰਨ ਲਈ ਪਲੀਤਾ ਲਾਉਣਾ
ਕੀ ਆਪਾਂ ਸਾਰੇ
ਆਪਣੇ ਆਪਣੇ ਢੰਗ ਨਾਲ,
ਜੀਵਾਂ ਦੀ ਤਬਾਹੀ ਦੀ ਸਾਜ਼ਿਸ਼ ਕਰਦੇ ਹਾਂ?
ਜਾਂ ਕੀ ਆਪਾਂ ਸਾਰੇ
ਹਰ ਵਾਰ ਜੰਗ ਵਿਚ ਗੁੰਮਰਾਹ ਕਰ ਕੇ
ਝੋਕ ਦਿੱਤੇ ਜਾਂਦੇ ਹਾਂ? •

### 18. ਦੂਸਰੇ ਵਹਿਸ਼ੀ ਵੀ ਨਾਲ ਆਉਣਗੇ

*ਮਹਿਮੂਦ ਦਰਵੇਸ਼*

ਦੂਸਰੇ ਵਹਿਸ਼ੀ ਵੀ ਆਉਣਗੇ
ਸ਼ਹਿਨਸ਼ਾਹ ਦੀ ਮਲਕਾ ਉਧਾਲੀ ਜਾਵੇਗੀ।
ਖ਼ੂਬ ਢੋਲ ਵੱਜਣਗੇ
ਢੋਲ ਵੱਜਣਗੇ ਤੇ ਘੋੜੇ
'ਈਜੀਮਾਨ' ਤੇ 'ਡਾਰਡੇਨੀਲੀਸ' ਤੀਕ
ਮਨੁੱਖੀ ਲਾਸ਼ਾਂ ਦੇ ਹੜ੍ਹ ਨੂੰ ਪੈਰਾਂ ਹੇਠ ਮਧੋਲਣਗੇ
ਤੇ ਅਸੀਂ ਕਿਉਂ ਚਿੰਤਾ ਕਰੀਏ?
ਭਲਾ ਸਾਡੀਆਂ ਪਤਨੀਆਂ
ਨੇ ਘੋੜਿਆਂ ਦੀਆਂ ਦੌੜਾਂ ਤੋਂ ਕੀ ਲੈਣਾ ਹੈ?
ਸ਼ਹਿਨਸ਼ਾਹ ਦੀ ਮਲਕਾ ਨੂੰ
ਚੁੱਕ ਲਿਆ ਜਾਵੇਗਾ
ਢੋਲ ਖ਼ੂਬ ਵੱਜਣਗੇ
ਤੇ ਦੂਸਰੇ ਵਹਿਸ਼ੀ ਵੀ ਨਾਲ ਆਉਣਗੇ
ਇਹ ਜਾਂਗਲੀ ਲੋਕ ਉੱਜੜੇ
ਸ਼ਹਿਰਾਂ ਦੇ ਖਾਲੀਪਨ ਨੂੰ ਭਰਨਗੇ
ਸਮੁੰਦਰ ਦੀ ਸਤਹਿ ਤੋਂ ਜ਼ਰਾ ਉਤਾਂਹ ਕਰਕੇ
ਆਪਾ ਧਾਪੀ ਦੇ ਯੁੱਗ ਵਿਚ,
ਤਲਵਾਰ ਨਾਲੋਂ ਵੱਧ ਤਾਕਤਵਰ ਹੋਣਗੇ
ਪਰ ਸਾਨੂੰ ਇਸ ਦੀ ਕਾਹਦੀ ਚਿੰਤਾ
ਸਾਡੇ ਬੱਚਿਆਂ ਦਾ ਇਸ ਨਾਲ ਕੀ ਵਾਸਤਾ?
ਢੋਲ ਉੱਚੀ ਉੱਚੀ ਵੱਜਣਗੇ
ਤੇ ਦੂਸਰੇ ਦੁਸ਼ਟ ਵੀ ਆਉਣਗੇ
ਮਹੱਲ ਵਿਚੋਂ ਸ਼ਹਿਨਸ਼ਾਹ ਦੀ ਮਲਕਾ,
ਉਸ ਦੀ ਸੇਜ ਤੋਂ



ਉਧਾਲੀ ਜਾਵੇਗੀ।
ਆਪਣੇ ਸੌਣ ਕਮਰੇ ਵਿਚੋਂ
ਸ਼ਹਿਨਸ਼ਾਹ ਨਵੀਂ ਵਹੁਟੀ ਦੀ ਵਾਪਸੀ ਲਈ
ਸੈਨਿਕ ਮੁਹਿੰਮ ਚਲਾਏਗਾ
ਪਰ ਸਾਨੂੰ ਕਾਹਦਾ ਫਿਕਰ?
ਇਸ ਸੰਖੇਪ ਸ਼ਾਦੀ ਨਾਲ
ਪੰਜਾਹ ਹਜ਼ਾਰ ਲਾਸ਼ਾਂ ਨਾਲ ਕੀ ਸੰਬੰਧ ?
ਕੀ ਕਵੀ ਹੋਮਰ ਸਾਡੇ ਬਾਅਦ
ਦੁਬਾਰਾ ਜਨਮ ਲਵੇਗਾ?
ਮਿੱਥ ਭੀੜ ਲਈ ਆਪਣੇ ਬੂਹੇ ਖੋਲ੍ਹੇਗੀ।

### 19. ਗੰਭੀਰ ਬਣੋ

ਸ਼ਾਇਦ ਬਰਫ਼ ਪਵੇ।
ਉਹ! ਗੰਭੀਰ ਹੋ ਜਾਓ।
ਸਾਨੂੰ ਪਤਾ ਵਾਸ਼ਿੰਗਟਨ
ਝੰਡੀਆਂ ਬਣਾਉਣ ਲਈ ਪ੍ਰਸਿੱਧ ਹੈ।
ਤੇ ਪੋਸਟਰਾਂ ਲਈ।
ਲੋਕ-ਰਾਜ ਦੇ ਮਿੱਥ ਲਈ ਉਦਾਸੀ ਦਾ ਨਾਂ।
ਸੁਪਰੀਮ ਕੋਰਟ ਨੇ ਸਰਕਾਰ ਦੇ
ਮੁੱਖੀ ਨੂੰ ਨਿਯੁਕਤ ਕੀਤਾ।
ਇਕ ਰੀਪਬਲਿਕਨ ਸੁਪਰੀਮ ਕੋਰਟ
ਨੇ ਰੀਪਬਲਿਕਨ ਪ੍ਰਧਾਨ ਨਿਯੁਕਤ ਕੀਤਾ।
ਪਰ ਕੀ ਹੁੰਦਾ ਹੈ ਰਾਸ਼ਟਰਪਤੀ ?
ਤੇ ਕੀ ਹੁੰਦਾ ਹੈ ਲੋਕ-ਰਾਜ?
ਹੁਣ ਉਹ ਸਾਰੇ ਦੂਸਰੇ ਦੇਸ਼,
ਉਹ ਰਿਆਸਤਾਂ
ਉਹ ਲੋਕ ਰਾਜ
ਆਪਣੇ ਜ਼ਾਲਮਾਂ ਦੇ ਅਧੀਨ ਕਿਵੇਂ ਰਹਿੰਦੇ ਨੇ!
ਕਿਵੇਂ ਗਰੀਬ ਗਲੀਆਂ ਵਿਚ ਮਰਦੇ ਨੇ!
*(ਪੰਜਾਬੀ ਅਨੁਵਾਦ : ਹ. ਸ. ਹ)*

### 20. ਜੰਗ ਤੇ ਪਰਿਵਰਤਨ/*ਹਰਭਜਨ ਸਿੰਘ ਹੁੰਦਲ*

ਨੌਜਵਾਨ ਸੀ,
ਉਸ ਦੇ ਸ਼ੌਕ ਅਵੱਲੇ ਸਨ।
ਸੂਖਮ ਸੁਪਨੇ ਪੱਲੇ ਸਨ
ਦੇਸ਼ , ਦੇਸ਼ ਤੋਂ
ਰਿਸ਼ਤੇਦਾਰ ਤੇ ਯਾਰ ਉਸ ਦੇ
ਕਈ ਤੋਹਫ਼ੇ ਭਿਜਵਾਉਂਦੇ ਸਨ।
ਵਤਨ ਪਰਤਦੇ
ਜੋ ਆਖੇ, ਲੈ ਆਉਂਦੇ ਸਨ।
ਦੇਸ ਦੇਸ ਦੇ ਵੰਨ-ਸੁਵੰਨੇ
ਟਿਕਟਾਂ, ਸਿੱਕੇ ਤੇ ਕਈ ਝੰਡੇ
ਕੌਮੀ ਚਿੰਨ੍ਹ ਇਕੱਠੇ ਕਰਦਾ
ਝਾੜ-ਪੂੰਝ ਕੇ ਨਿੱਤ ਉਹਨਾਂ ਨੂੰ
ਥਾਂ-ਸਿਰ ਧਰਦਾ
ਵੇਖ-ਵੇਖ ਕੇ ਘਰ ਵਾਲੇ ਨਿੱਤ ਹੱਸਦੇ ਸੀ
ਆਏ ਗਿਆਂ ਨੂੰ ਸ਼ੌਕਾਂ ਬਾਰੇ ਦੱਸਦੇ ਸੀ।
ਇਸੇ ਗੇੜੇ ਜਦ ਵੱਡੀ ਭੈਣ ਬਦੇਸ਼ੋਂ ਪਰਤੀ
ਅਮਰੀਕਾ ਦਾ ਕੌਮੀ ਝੰਡਾ
ਉਸ ਲਈ ਲੈ ਕੇ ਆਈ ਸੀ।
ਕਿੱਥੋਂ ਮਿਲਿਆ ਤੇ ਕਿੰਝ ਮਿਲਿਆ
ਚਾਂਈਂ ਚਾਂਈਂ ਸਾਰੀ ਬਾਤ ਸੁਣਾਈ ਸੀ।
ਐਪਰ ਭੈਣ ਨੂੰ ਕੀ ਖ਼ਬਰਾਂ ਸੀ
ਪਿੱਛੋਂ ਕੀ ਸਨ ਭਾਣੇ ਵਰਤੇ
ਉਸ ਦੇ ਸ਼ੌਕਾਂ ਵਿਚ ਤਬਦੀਲੀ
ਕੀ ਆਈ ਸੀ
ਗੁੱਸੇ ਅੰਦਰ
ਖੋਲ੍ਹ ਕੇ ਉਸ ਅਮਰੀਕਨ ਝੰਡਾ
ਆਪਣੇ ਕੁੱਤੇ ਟਾਈਗਰ ਅੱਗੇ ਸੁੱਟ ਦਿੱਤਾ
ਸੁੰਘਦੇ ਸਾਰ ਸਿਆਣੇ ਕੁੱਤੇ
ਲੀਰਾਂ ਲੀਰਾਂ ਕਰ ਦਿੱਤਾ।
ਪ੍ਰਸ਼ਨ ਜਿਹਾ ਇਕ ਸਭ ਦੇ ਸਾਂਹਵੇਂ ਧਰ ਦਿੱਤਾ
ਪੁੱਛਣ ਉੱਤੇ ਭੈਣ ਨੂੰ ਉਸ ਨੇ
ਸਾਰੀ ਗੱਲ ਸਮਝਾਈ ਸੀ।
"ਇਹ ਉਹ ਦੇਸ਼ ਹੈ ਜਿਹੜਾ ਥਾਂ ਥਾਂ
ਜੰਗ ਭੜਕਾਉਂਦਾ ਰਹਿੰਦਾ ਹੈ
ਬਿਨਾਂ ਬਹਾਨੇ ਬੰਬ ਗਿਰਾਉਂਦਾ ਰਹਿੰਦਾ ਹੈ।
ਨਵੇਂ ਬਣਾਏ ਆਪਣੇ ਸ਼ਸਤਰ
ਨਿੱਤ ਅਜ਼ਮਾਉਂਦਾ ਰਹਿੰਦਾ ਹੈ
ਟੰਗ ਅੜਾਉਂਦਾ ਰਹਿੰਦਾ ਹੈ
ਉਸ ਦੇ ਝੰਡੇ ਨੂੰ ਹੱਥ ਲਾਉਣਾ ਲਾਹਨਤ ਹੈ।"
ਭੋਲੀ ਭੈਣ ਭਲਾ ਕੀ ਜਾਣੇ
ਉਸ ਦੇ ਹਿਰਦੇ ਕੀ ਤਬਦੀਲੀ ਆਈ ਸੀ
ਸਾਰੀ ਘਟਨਾ
ਭੈਣ ਲਈ ਜਿਵੇਂ ਪਰਾਈ ਸੀ। (6.4.03.)

## ਸ਼ਹੀਦ ਭਗਤ ਸਿੰਘ

*ਰਾਜੇਸ਼ਵਰੀ ਪ੍ਰਸ਼ਾਦ ਦਿਵੇਦੀ*

I

ਕਾਲੀ ਰਾਤ ਭਾਰੀ !
ਪਹਿਰੇਦਾਰ ਚੁਕੰਨੇ!
ਤੇ ਸੰਗੀਨਾਂ ਤਣੀਆਂ ਹੋਈਆਂ!
ਕੁਝ ਇਸ ਤਰ੍ਹਾਂ
ਕਿ ਰੋਹਬਦਾਬ-ਵਾਲਾ ਬਾਲਕ ਜ਼ਿੰਦਗੀ ਦਾ
ਸਹਿਮ ਸਹਿਮ ਜਾਂਦਾ ਹੈ!

ਅਜੇ ਹੁਣੇ ਹੁਣੇ ਹੀ ਹੱਤਿਆ ਹੋਈ ਹੈ
ਨਵ-ਜਨਮੇਂ ਬਾਲ ਦੀ,
ਫਿਰ ਵੀ ਬੇਚੈਨ
ਪਾਸੇ ਮਾਰਦਾ ਪਿਆ ਹੈ ਹਤਿਆਰਾ
ਧੁੰਦ ਹੈ, ਹਨੇਰਾ ਹੈ, ਸ਼ੱਕ ਹੈ ਵੱਡਾ
ਕਿ ਨਾ ਜਾਣੇ ਕਿਹੜੀ ਕੁੱਖ ਵਿਚ
ਪਲ ਰਿਹਾ ਹੈ ਕਾਲ!

ਜਾਸੂਸੀ ਨਿਗਾਹਾਂ ਦੇ ਨਾਲ,
ਢੂੰਡਦਾ ਹੈ ਨੁੱਕਰਾਂ, ਕੋਨਿਆਂ ਵਿਚੋਂ
'ਯਲਸੀਸੀਅਨ'-ਕੁੱਤੇ ਜਿਹਾ
ਸੁੰਘਦਾ ਹੈ, ਇਨਕਲਾਬੀ ਬੱਚੇ ਨੂੰ
ਮੌਤ ਦੀ ਛਾਂ ਹੇਠ
ਮੌਤ ਲਈ ਬੇਸਬਰ ਹੈ ਹਤਿਆਰਾ! •

II

ਮੌਤ ਨਹੀਂ ਸੀ ਖਿੱਚ ਲਿਆਈ
ਆਪਣੀ ਸਰਦਲ ਉੱਤੇ
ਉਹ ਖੁਦ ਮਰ ਗਈ ਸੀ
ਜ਼ਿੰਦਗੀ ਦੇ ਮੈਦਾਨਾਂ ਵਿਚ,
ਇਕ ਮੱਸਿਆ ਦੀ ਰਾਤ
ਇਕ ਚਮਕਦੀ ਸਵੇਰ ਨੂੰ
ਉਹ ਸਾਹ ਸਤ ਹੀਣ ਹੋਈ ਪਈ ਸੀ।
ਸਰਫ਼ਰੋਸ਼ੀ ਦਾ ਤਮਗਾ ਬੰਨ੍ਹਣ ਸਦਕਾ
ਆਜ਼ਾਦੀ ਦਾ ਸਿਰ ਕਿਵੇਂ ਝੁਕਦਾ
ਅਨਿਆਂ ਦੇ ਚਰਨਾਂ ਉੱਤੇ
ਉਸ ਨੇ ਕੱਟੇ ਹੀ ਜਾਣਾ ਸੀ
ਲਹੂ-ਕਣ ਬਣਨਾ ਹੀ ਸੀ।

III

ਸਾਡੇ ਕੋਲ ਤਲਵਾਰਾਂ ਵੀ ਸਨ
ਤੇ ਢਾਲਾਂ ਵੀ
ਕੌਣ ਕਹਿੰਦਾ ਹੈ!
ਕਿ ਅਸੀਂ ਉਨ੍ਹਾਂ ਦੀ ਵਰਤੋਂ ਨਹੀਂ ਕੀਤੀ।
ਇਸ ਹੱਦ ਤੀਕ,
ਕਿ ਸਾਡੇ ਕਰਵਟ ਬਦਲਣ ਨਾਲ
ਦੁਸ਼ਮਣ ਦੀ ਨੀਂਦ ਉੱਖੜ ਜਾਂਦੀ ਸੀ
ਮੱਥੇ 'ਤੇ ਪਸੀਨਾ ਆ ਜਾਂਦਾ ਸੀ।

ਸਾਡੇ ਸਿਰ ਕੱਟੇ ਜ਼ਰੂਰ ਗਏ
ਇਸ ਲਈ ਨਹੀਂ
ਕਿ ਉਹ ਕੱਟੇ ਜਾਣ ਲਈ ਹੀ ਸਨ
ਕਿ ਦੁਸ਼ਮਣ ਦੀ ਤਾਕਤ
ਸਮੁੰਦਰ ਦੀਆਂ ਲਹਿਰਾਂ ਵੀ ਤੋਲ ਨਹੀਂ ਸੀ
ਸਕਦੀਆਂ।
ਸਗੋਂ ਅਸੀਂ ਸਿਰ ਉਠਾਣ ਦੀ
ਕੀਮਤ ਤਾਰੀ ਸੀ। •

IV

ਮੇਰੀਆਂ ਅੱਖਾਂ ਵਿਚ ਇਤਿਹਾਸ ਦੀ ਰੌਸ਼ਨੀ ਹੈ
ਜਿਸ ਵਿਚੋਂ ਵਿਖਾਈ ਦਿੰਦਾ ਹੈ ਉਹ ਨੌਜਵਾਨ
ਨੂਰਾਨੀ ਚਿਹਰਾ
ਦਿਲ ਖਿੱਚਵੀਂ ਚਾਲ-ਢਾਲ
ਬੇਪਵਾਹੀ ਤੇ ਤਲਖ਼ੀ

ਦਿਲਾਂ ਦੀ ਥਾਹ ਪਾਉਂਦੀਆਂ ਅੱਖਾਂ
ਮੁੱਛਾਂ ਜਵਾਨਾਂ ਵਰਗੀਆਂ
ਉਹ ਸਾਡੇ ਕੋਲ ਆਉਂਦਾ ਹੈ
ਦਿਲਾਂ ਦੇ ਕਰੀਬ!
ਦਿਲਾਂ ਵਿਚ ਉਤਰ ਜਾਂਦਾ ਹੈ
ਬੇਚੈਨ ਕਰ ਦੇਣ ਵਾਲੇ ਜਲ ਵਾਯੂ ਵਿਚ।
ਦੋਸਤੀ ਲਈ ਵਧੇ ਹੋਏ ਉਸ ਦੇ ਮਜ਼ਬੂਤ ਹੱਥ
ਮੱਸਿਆ ਦੀ ਕਾਲੀ ਰਾਤ ਵਾਂਗੂੰ ਫੈਲੇ।
ਸਮੇਂ ਦੇ ਹਨੇਰੇ ਨੂੰ
ਚਾਕੂ ਦੇ ਵਾਂਗ ਪਾੜਦੀ ਚਲੀ ਜਾਂਦੀ ਦਲੇਰੀ
ਦਾ ਸਾਥ ਚਾਹੁੰਦੇ ਹਨ।



V

ਸਵੇਰ ਦੇ ਧੁੰਦਲਕੇ ਵਿਚ
ਤੁਸੀਂ ਅੱਖਾਂ ਭਰ ਕੇ
ਸੂਰਜ ਦੀ ਥਾਹ ਪਾ ਸਕਦੇ ਹੋ
ਐਪਰ, ਜ਼ਰਾ ਦਿਨ ਚੜ੍ਹਦੇ ਹੀ,
ਤੁਹਾਡੀਆਂ ਅੱਖਾਂ ਚੁੰਧਿਆ ਜਾਣਗੀਆਂ
ਕਾਲੀਆਂ ਕਰਤੂਤਾਂ ਉਜਾਗਰ ਹੋ ਜਾਣਗੀਆਂ
ਵਕਤ ਦੀ ਨਜ਼ਾਕਤ ਨੂੰ,
ਤੁਸੀਂ ਪਛਾਣਦੇ ਹੋ
ਤੇ ਦੁਨੀਆ ਦੀਆਂ ਨਜ਼ਰਾਂ 'ਚੋਂ ਬਚਣ ਲਈ,
ਸਾਹ ਰੋਕ ਲੈਂਦੇ ਹੋ।
ਪਰ ਇੰਝ ਭਲਾ ਕਿੰਨੀ ਦੇਰ ਤੀਕ ਚੱਲੇਗਾ!
ਤੁਹਾਡੀ ਖੁਸ਼ਨਸੀਬੀ ਬਣ ਕੇ
ਤੁਹਾਡੇ ਹੀ ਹੱਥੋਂ
ਬੁਰਾ ਵਕਤ ਆਉਂਦਾ ਹੈ।
ਵਕਤ ਦੇ ਹਨੇਰੇ ਵਿਚ
ਤੁਸੀਂ ਇਤਿਹਾਸ ਦੇ ਲਹੂ-ਲਿੱਬੜੇ ਪੰਨਿਆਂ ਨੂੰ
ਪਾੜਨ ਲਈ ਹੱਥ ਵਧਾਉਂਦੇ ਹੋ
ਕਿ ਉਸ ਨੂੰ ਦਫ਼ਨ ਕਰ ਦਿਉਗੇ
ਸੱਤ ਤੈਹਾਂ ਦੇ ਹੇਠਾਂ
ਤੇ ਤੁਹਾਡੇ ਚਿਹਰੇ ਲਹੂ ਦੇ ਛਿੱਟਿਆਂ ਨਾਲ
ਦਾਗ਼ਦਾਰ ਹੋ ਜਾਂਦੇ ਨੇ
ਲਹੂ ਵਿਚ ਭਿੱਜ ਜਾਂਦੇ ਨੇ ਤੁਹਾਡੇ ਹੱਥ।
ਜੰਗਲ-ਪਾਰਟੀ ਦੇ ਡਾਕੂਆਂ ਵਾਂਗੂੰ
ਤੁਸੀਂ ਲੁਕਦੇ ਹੋ
ਆਪਣੇ ਹੀ ਝੂਠ ਦੇ ਸੰਘਣੇ ਜੰਗਲ ਵਿਚ,
ਪਰ ਤੁਹਾਡੀਆਂ ਮੁਸ਼ਕਲਾਂ
ਵਧਦੀਆਂ ਹੀ ਜਾਂਦੀਆਂ ਨੇ ।
ਤੁਹਾਡੀਆਂ ਅੱਖਾਂ ਦੇ ਸਾਹਮਣੇ
ਤਰਨ ਲੱਗਦੇ ਨੇ ਇਤਿਹਾਸ ਦੇ ਕੁਝ ਮਜ਼ਬੂਤ ਹੱਥ
ਕੁਝ ਤਲਖ਼ ਚਿਹਰੇ
ਜੋ ਕਰੋੜਾਂ ਲੋਕਾਂ ਦੀਆਂ ਅੱਖਾਂ ਦੀ ਰੌਸ਼ਨੀ ਹਨ
ਜ਼ੁਬਾਨ ਹੈ
ਤਲਵਾਰ ਤੇ ਢਾਲ ਹੈ
ਉਹਨਾਂ ਦੇ ਦਿਲ
ਜਿਉਂਦੇ ਨੇ ਅਜੇ ਤੀਕ ਵੀ
ਇਹ ਵੇਖ ਕੇ
ਇਸ ਹਨੇਰੇ ਦੌਰ ਵਿਚ ਵੀ
ਤੁਹਾਡੇ ਚਿਹਰੇ ਉੱਤੇ
ਖ਼ੌਫ਼ ਦੇ ਪਰਛਾਵੇਂ ਦੌੜਨ ਲੱਗਦੇ ਹਨ।
ਮਨ ਨੂੰ ਪਰਚਾਉਣ ਲਈ,
ਤੁਸੀਂ ਉਸ ਨੂੰ
ਫਾਂਸੀ ਦੇ ਫੰਧੇ ਨਾਲ ਲਟਕੀ ਹੋਈ
ਲਾਸ਼ ਵਾਂਗੂੰ ਯਾਦ ਕਰਦੇ ਹੋ
ਅਤੇ ਤੁਹਾਡੀ ਜੀਭ ਕੰਬ ਜਾਂਦੀ ਹੈ
ਸੰਘ ਸੁੱਕ ਜਾਂਦਾ ਹੈ
ਕੰਨਾਂ ਵਿਚ ਸੰਨਾਟਾ ਛਾ ਜਾਂਦਾ ਹੈ।

VI

ਸਾਡੇ ਲੋਕ ਆਖਦੇ ਨੇ
ਇਹ ਦੌਰ ਨਿਰਾਸਤਾ ਦਾ ਹੈ
ਐਪਰ ਇਸ ਦਾ ਮਤਲਬ ਇਹ ਨਹੀਂ
ਕਿ ਅਸੀਂ ਹਿੰਮਤ ਹਾਰ ਗਏ ਹਾਂ
ਤੇ ਹਥਿਆਰ ਸੁੱਟ ਦੇਵਾਂਗੇ।
ਤੁਸੀਂ ਜੋ
ਜ਼ਿੰਦਗੀ ਦੇ ਨਕਸ਼ੇ ਵਿਚ
ਮਸਰਾਂ ਦੀ ਦਾਲ ਮਾਤਰ ਹੋ
ਤੁਹਾਡੇ ਅੱਗੇ ਹਥਿਆਰ ਸੁੱਟਣ ਦਾ ਖਿਆਲ,
ਸਾਡੇ ਜ਼ਿਹਨ ਵਿਚ ਆਉਂਦਾ ਹੀ ਨਹੀਂ।
ਗੱਲ ਸਿਰਫ਼ ਏਨੀ ਹੈ ਕਿ
ਸਮਾਂ ਲੰਮੇਰਾ ਹੋ ਗਿਆ ਹੈ
ਤੇ ਤੁਹਾਨੂੰ ਅਸੀਂ ਹਾਰ ਨਹੀਂ ਦੇ ਸਕੇ!

VII

ਅਸੀਂ ਉਸ ਦੇ ਕਿੱਸੇ ਸੁਣੇ ਸੀ
ਬਚਪਨ ਤੋਂ ਹੀ
ਸ੍ਰੀਮਦ ਭਗਵਤ ਗੀਤਾ ਵਾਂਗੂੰ ਨਹੀਂ
ਟੋਟਿਆਂ ਵਿਚ
ਹਜ਼ਾਰ ਮੁੱਖਾਂ ਤੋਂ
ਹਜ਼ਾਰ ਸ਼ਕਲਾਂ ਵਿਚ।
ਅਤੇ ਸਭ ਦੇ ਚੇਤੇ ਵਿਚ
ਉਸ ਦੀਆਂ ਸ਼ਾਨਦਾਰ ਮਿਸਾਲਾਂ ਸਨ
ਜ਼ਿੰਦਾ-ਦਿਲੀ ਦਾ ਉਹ ਦੁਰਲੱਭ ਤੁਹਫ਼ਾ
ਜਿਸ ਨੂੰ ਜ਼ੁਬਾਨਾਂ ਤੋਂ ਕਿਰਦਿਆਂ
ਉਮਰ ਦੀ ਲੋੜ ਨਹੀਂ।

ਅੱਗ ਉਗਲਦੀਆਂ ਅੱਖਾਂ
ਹਾਕਮਾਂ ਦੇ ਲੂੰ ਕੰਡੇ ਹੋ ਜਾਂਦੇ
ਜ਼ਾਲਮਾਂ ਦੇ ਸਿਰ ਕੱਟੀਦੇ
ਸੰਸਦ ਵਿਚ ਬੰਬ ਫਟਦੇ
ਸਭ ਗ੍ਰਿਫ਼ਤਾਰ ਹੁੰਦੇ
ਸਭ ਜੁਰਮ ਦਾ ਇਕਬਾਲ ਕਰਦੇ
ਫਾਂਸੀ ਦੇ ਫੰਧੇ, ਜਿਉਂਦੇ ਹੁੰਦੇ
ਸਭ ਸੂਲੀ ਚੜ੍ਹਦੇ
ਹਵਾਵਾਂ ਵਿਚ ਖਿੱਲਰ ਜਾਂਦੇ

ਬਿਆਨ ਦੇਣ ਦੇ ਇਤਨੇ ਗਜ਼ਬ ਦੇ ਅੰਦਾਜ਼
ਕਿ ਹਰ ਕੋਈ ਨੌਜਵਾਨ ਅਨੁਭਵ ਕਰਦਾ
ਹਰ ਕੋਈ ਉਸ ਦੀ ਟੋਲੀ ਵਿਚ
ਜੂਝ ਰਿਹਾ ਹੁੰਦਾ
ਹਰ ਕੋਈ ਜਾਂਬਾਜ਼, ਸ਼ੇਰਦਿਲ ਹੋ ਜਾਂਦਾ।
ਕੋਈ ਇਹ ਨਹੀਂ ਸੀ ਆਖਦਾ
ਕਿ ਉਹ ਪੰਜਾਬ ਦਾ ਇਕ ਸਿੱਖ ਸੀ
ਉਹ ਤਾਂ ਸਭ ਦੇ ਵਿਹੜੇ ਵਿਚ
ਪਲਿਆ ਤੇ ਜਵਾਨ ਹੋਇਆ ਸੀ
ਉਹ ਤੇ ਸਭ ਦਾ ਬੇਟਾ ਸੀ
ਉਹ ਤੇ ਸਭ ਦਾ ਸਾਥੀ ਸੀ
ਉਹ ਤੇ ਸਭ ਦਾ ਹੀ ਨਾਇਕ ਸੀ
ਜੋ ਇਸ ਦੇਸ਼ ਦੀ ਮਿੱਟੀ
ਵਿਚ ਘੁਲ ਗਿਆ ਸੀ
ਇਨਸਾਨੀਅਤ ਦੀ ਸਰਦਲ 'ਤੇ
ਝੁਕ ਗਿਆ ਸੀ

ਸਭ ਆਜ਼ਾਦੀ ਦੇ ਸੁਪਨੇ ਵੇਖਦੇ
ਸਭ ਦੇ ਹੀ ਦਿਲਾਂ ਵਿਚ
ਨਫ਼ਰਤ ਕਰਦੀ ਨਜ਼ਰ
ਤੇ ਪਿਆਰ ਦਾ ਜਜ਼ਬਾ ਪੈਦਾ ਹੁੰਦਾ।

ਕਿੰਨੀ ਵਾਰ
ਦਿਲ ਭਰ ਆਏ
ਤੇ ਅੱਖਾਂ ਗਿੱਲੀਆਂ ਹੋਈਆਂ।
ਅਸੀਂ ਜਦੋਂ ਵੀ ਜੀ ਕਰਦਾ
ਆਪਣੀਆਂ ਕਥਾ-ਯਾਦਾਂ ਵਿਚ
ਉਸ ਦੀ ਸ਼ਾਨ ਵੇਖ ਲੈਂਦੇ
ਉਸ ਦਾ ਸਾਥ ਮਾਣ ਲੈਂਦੇ।
ਤੇ ਏਨੀ ਅੱਗ
ਕਿ ਇਸ ਹਨੇਰੇ ਸਮੇਂ ਨੂੰ
ਸਾੜ ਕੇ ਸਵਾਹ ਕਰ ਦਿੰਦੇ।

## VIII

ਜ਼ਿਲਾ ਲਾਇਲਪੁਰ ਦਾ ਪਿੰਡ ਬੰਗਾ
ਕਿਸ ਦੇਸ਼ ਵਿਚ ਪੈਂਦਾ ਹੈ ਭਗਤ ਸਿੰਘਾ?
ਕੀ ਤੂੰ ਜਾਣਦਾ ਹੈਂ?
ਹਾਂ, ਉਹੀ ਬੰਗਾ
ਜੋ ਤੇਰੀ ਮਾਂ ਧਰਤੀ ਹੈ
ਤੇ ਜਿਸ ਦੀ ਆਜ਼ਾਦੀ ਦੇ ਵਾਸਤੇ
ਤੂੰ ਫਾਂਸੀ ਦੇ ਫੰਧੇ ਉੱਤੇ ਚੜ੍ਹਿਆ ਸੀ।
ਕੱਲ੍ਹ ਨੂੰ ਕਰਾਚੀ ਦੀ ਬੰਦਰਗਾਹ 'ਤੇ
ਘੁੰਮਦੇ ਹੋਏ ਜੇ ਫੜੇ ਜਾਓ
ਤਾਂ ਪੁੱਛਿਆ ਜਾਵੇਗਾ
ਕਿ ਤੁਸੀਂ ਕੌਣ ਹੋ?
ਕਿਸ ਦੇਸ਼ ਦੇ ਹੋ?
ਏਥੇ ਕਿਵੇਂ ਆਏ ਸੀ?
ਜਵਾਬ ਵਿਚ ਤੁਸੀਂ ਇਕ ਨਕਸ਼ਾ ਖਿੱਚੋਗੇ
ਤੇ ਉਹ ਵੇਖਣਗੇ ਕਿ
'ਕਾਰਗਿਲ ਕਾਰਗਿਲ' ਖੇਡਣ ਦੀ ਥਾਂ ਅਲੋਪ ਹੈ!
ਤੁਹਾਡੇ ਸੌਖੇ ਜੇਹੇ ਸਵਾਲ ਦਾ
ਉਹ ਮਤਲਬ ਕੱਢਣਗੇ
ਤੇ ਤੁਹਾਨੂੰ ਸਜ਼ਾ ਦੇਣਗੇ।
ਫਿਰ, ਤੁਸੀਂ ਹਿੰਦੁਸਤਾਨ ਦੇ ਵੀ ਨਹੀਂ ਰਹੋਗੇ
ਹਾਂ, ਇਹ ਗੱਲ ਉਨ੍ਹਾਂ ਨੂੰ ਵੀ ਬਹੁਤ ਬੁਰੀ ਲੱਗੇਗੀ।
ਜਾਣਦੇ ਹੋ ਉਹ ਉਸ ਡੈਣ ਨਾਲੋਂ ਵੀ
ਗਏ-ਗੁਜ਼ਰੇ ਨੇ
ਜੋ ਗਵਾਂਢੀ ਨੂੰ ਬਖ਼ਸ਼ ਦਿੰਦੀ ਹੈ,
ਅਜੇ, ਪਿਛਲੇ ਦਿਨਾਂ ਦੀ ਗੱਲ ਹੈ
ਉਹਨਾਂ ਨੇ ਪੂਰਬੀ ਬੰਗਾਲੀਆਂ ਦੇ ਨਾਲ
ਇਕ ਛੋਟੇ ਜਿਹੇ ਰਾਹ ਲਈ
ਬਖੇੜਾ ਖੜ੍ਹਾ ਕਰ ਦਿੱਤਾ
ਅਸਲ ਵਿਚ
ਉਹਨਾਂ ਨੂੰ ਐਸਾ ਭਾਰਤ ਚਾਹੀਦਾ
ਜਿਸ ਦੀ ਤਾਕਤ ਦੇ ਅੱਗੇ



ਸਾਰੇ ਕੁਚਲੇ ਜਾਣ
ਭਾਵੇਂ ਕਿ ਉਸ ਦੇ ਆਪਣੇ ਲੋਕਾਂ ਦੀ
ਆਜ਼ਾਦੀ ਦੇ ਹੱਥ ਬੱਧੇ ਜਾਣ।
ਉਹ ਜੋ ਕੁਝ ਕਹਿੰਦੇ ਨੇ
ਉਸ ਦਾ ਮਤਲਬ
ਇਕ ਲੰਮੀ ਤਰਕਹੀਣ ਘਿਰਣਾ ਦੇ ਸਿਵਾਏ
ਕੁਝ ਨਹੀਂ ਹੁੰਦਾ।
ਉਹ ਜ਼ਿਕਰ ਤੀਕ ਨਹੀਂ ਕਰਦੇ
ਕੁਝ ਹੀ ਸਮਾਂ ਪਹਿਲਾਂ ਦੀਆਂ
ਉਨ੍ਹਾਂ ਗੱਲਾਂ ਦਾ,
ਜਦੋਂ ਪਾਣੀ ਗੰਗਾ ਦਾ ਹੀ ਨਹੀਂ
ਸਿੰਧ-ਦਰਿਆ ਦਾ ਵੀ ਲਾਲ ਹੋ ਗਿਆ ਸੀ।
ਉਸ ਸਵਤੰਤਰਤਾ-ਸੰਗਰਾਮ ਦਾ
ਜੋ ਆਪਾਂ ਰਲ਼ ਕੇ ਲੜਿਆ ਸੀ
ਤੇ ਉਸ ਸੁਪਨੇ ਦਾ
ਜਿਸ ਦੇ ਲਈ
ਤੂੰ ਫਾਂਸੀ ਦੇ ਤਖ਼ਤੇ ਉੱਤੇ ਚੜ੍ਹਿਆ ਸੀ।
ਪਤਾ ਨਹੀਂ ਕਿਸ ਭਰਮ ਵਿਚ ਡੁੱਬੇ
ਇਤਿਹਾਸ ਦੇ ਇਸ ਮੋੜ ਉੱਤੇ
ਉਹ ਰੋਜ਼ ਰੋਜ਼ ਪੇਸ਼ਾਬ ਕਰਦੇ ਨੇ
ਤੇ ਖਿਲਾਫ਼ ਜਾਂਦੀਆਂ ਹਵਾਵਾਂ ਉੱਤੇ
ਗੋਲੀਆਂ ਵਰ੍ਹਾਉਂਦੇ ਨੇ।
ਐਪਰ ਕੋਈ ਨਹੀਂ ਟੋਕਦਾ
ਕੋਈ ਨਹੀਂ ਪੈਂਦਾ ਇਸ ਝਮੇਲੇ ਵਿਚ
ਜਿਵੇਂ ਯਾਦਾਂ ਮੁੱਕ ਗਈਆਂ ਹੋਣ
ਮਨੁੱਖ ਖ਼ਤਮ ਹੋ ਗਿਆ ਹੋਵੇ
ਇਸ ਓਪਰੇਪਨ ਦਾ
ਇਸ ਦੋਗਲੇਪਣ ਦਾ
ਯਾਦਾਂ ਦੇ ਇਸ ਤਾਂਡਵ ਨਾਚ ਦਾ
ਮਤਲਬ ਸਮਝਦੇ ਹੋ, ਭਗਤ ਸਿੰਘ!
ਕੱਲ੍ਹ, ਹਿੰਦੁਸਤਾਨ ਸੋਸ਼ਲਿਸਟ ਰੀਪਬਲੀਕਨ
ਆਰਮੀ ਵਿਚ
ਜੇ ਕੰਮ ਕਰਦੇ ਹੋਏ ਪਕੜੇ ਜਾਓ
ਤਾਂ ਉਹ ਤੈਨੂੰ ਗੋਲੀ ਮਾਰ ਦੇਣਗੇ
ਤੇ ਆਖਣਗੇ
ਅਸਾਂ ਇਕ ਆਤੰਕਵਾਦੀ ਨੂੰ ਮਾਰ ਦਿੱਤਾ।

## IX

ਮੇਰੇ ਦੋਸਤ!
ਉਹ ਜੋ ਖੁੱਲ੍ਹੇ-ਆਮ
ਸਾਡੇ ਖਿਲਾਫ਼ ਸਾਜ਼ਿਸ਼ਾਂ ਕਰਦੇ ਨੇ
ਤੇ ਗੁਲਾਮੀ ਦੇ ਦਸਤਾਵੇਜ਼ ਉੱਤੇ
ਹਰਫ਼, ਬਾ-ਹਰਫ਼ ਅਮਲ ਕਰਦੇ ਨੇ
ਤੇ ਸਾਨੂੰ ਆਖਦੇ ਨੇ,
ਕਿ ਹਰ ਮੁਸਲਮਾਨ ਨੂੰ
ਸ਼ੱਕ ਦੀ ਨਿਗਾਹ ਨਾਲ ਵੇਖੋ
ਉਸ ਨਾਲ ਸੱਤ ਬਗਾਨਿਆਂ ਵਰਗਾ
ਵਿਹਾਰ ਕਰੋ।
ਹੁਣ ਤੁਸੀਂ ਹੀ ਦੱਸੋ
ਚੌਰਾ-ਚੌਰੀ ਦਾ 'ਅਬਦੁੱਲਾ' ਭਾਈ
ਕਿਵੇਂ ਮੇਰੀ ਨਫ਼ਰਤ ਦਾ ਬਹਾਨਾ ਬਣੇ
ਸ਼ਾਹ ਜਹਾਂਪੁਰ ਦਾ
ਉਹ ਨੌਜਵਾਨ ਅਸ਼ਫ਼ਾਕ-ਉੱਲਾ
ਜੋ ਰਾਮ ਪ੍ਰਸ਼ਾਦ ਬਿਸਮਲ ਦੇ ਨਾਲ
ਫਾਂਸੀ ਦੇ ਤਖ਼ਤੇ 'ਤੇ ਚੜ੍ਹਿਆ ਸੀ
ਕਿਵੇਂ ਮੇਰਾ ਦੋਸਤ ਨਾ ਹੁੰਦਾ ?
ਜੇ ਮੈਂ ਫ਼ੈਜ਼ ਦੀਆਂ ਕਵਿਤਾਵਾਂ ਨਾ ਪੜ੍ਹਦਾ
ਤਾਂ ਕੀ ਤੈਨੂੰ ਸਮਝ ਸਕਦਾ?
ਸਾਰੇ ਹਿੰਦੁਸਤਾਨ ਵਿਚ
ਬਹੁਤੇ ਸਾਡੇ ਵਰਗੇ ਗਰੀਬ ਮੁਸਲਮਾਨ ਹਨ
ਗਰੀਬ, ਕੀ ਜ਼ਾਲਿਮ ਹੁੰਦੇ ਹਨ?
ਮੇਰੇ ਦੋਸਤ
ਉਹ ਕਿਹੋ ਜਿਹੀਆਂ ਨਾਦਾਨੀ ਦੀਆਂ
ਗੱਲਾਂ ਕਰਦੇ ਹਨ।
ਤੇ ਕਿੰਨੇ ਹੰਕਾਰ ਨਾਲ!
ਕਿੰਨੀਆਂ ਨਗੂਣੀਆਂ ਚੀਜ਼ਾਂ ਉੱਤੇ
ਸਾਡੇ ਬੱਚਿਆਂ ਨੂੰ
ਨਫ਼ਰਤ ਕਰਨਾ ਸਿਖਾਉਂਦੇ ਨੇ!
ਨੱਥੂ ਰਾਮ ਗੌਡਸੇ ਨੇ
ਜਦੋਂ ਮੋਹਨ ਦਾਸ ਕਰਮਚੰਦ ਗਾਂਧੀ ਦੀ
ਹੱਤਿਆ ਕੀਤੀ ਸੀ।
ਤਾਂ ਉਸ ਦੇ ਸਾਹਮਣੇ ਅਜਿਹੇ ਹੀ
ਘਟੀਆ ਵਿਚਾਰ ਸਨ।

ਇਕ ਦਿਨ ਮੇਰੇ ਸੁਫ਼ਨੇ ਵਿਚ
'ਫਾਦਰ ਸਟੇਂਸ' ਦੇ ਦੋਵੇਂ ਪੁੱਤਰ ਆਏ
ਜਿਨ੍ਹਾਂ ਦੀ ਦਾਰਾ ਸਿੰਘ ਨੇ
ਹੱਤਿਆ ਕੀਤੀ ਸੀ
ਉਨ੍ਹਾਂ ਨੇ ਮੈਨੂੰ ਪੁੱਛਿਆ,
ਅੰਕਲ ! ਹਿੰਦੂ ਏਨਾ ਵਹਿਸ਼ੀ
ਕਿਵੇਂ ਹੋ ਗਿਆ?
ਗੱਲਾਂ ਵਾਰ-ਵਾਰ ਦੁਹਰਾਈਆਂ
ਜਾ ਰਹੀਆਂ ਨੇ ਮੇਰੇ ਦੋਸਤ।
ਫਿਰ ਵੀ ਇਤਿਹਾਸ ਸਾਡੇ ਨਾਲ ਰਿਹਾ
ਤਾਂ ਕੀ ਉਹ ਸਾਡੇ ਮੂੰਹ ਵਿਚ
ਆਪਣੀਆਂ ਜੀਭਾਂ ਫਿਟ ਕਰ ਸਕਦੇ ਹਨ?

IX

ਜੇ ਕੋਈ ਤਸਵੀਰ ਬਣਾਵੇ
ਸਾਡੇ ਸਮਿਆਂ ਦੀ
ਤਾਂ ਕੀ ਉਹ ਕਾਲੇ ਧੱਬਿਆਂ ਨਾਲ
ਕਾਗਜ਼ ਰੰਗ ਦੇਵੇਗਾ?
ਹਾਂ, ਹਨੇਰੇ ਦੀ ਐਸੀ ਹੀ ਤਸਵੀਰ
ਬਣਾਵੇਗਾ ਕੋਈ।
ਕੀ ਹਨੇਰਾ ਏਨਾ ਸੰਘਣਾ ਹੈ
ਕਿ ਚਾਨਣ ਦਾ ਕੋਈ ਰੰਗ
ਬੇਅਰਥ ਹੋ ਜਾਵੇਗਾ?
ਕਦੇ ਅਜਿਹਾ ਵੀ ਹਨੇਰਾ ਸੀ
ਇਤਿਹਾਸ ਦੇ ਉਸ ਦੌਰ ਵਿਚ,
ਜਦੋਂ ਸਪਾਰਟੈਕਸ ਨੇ
ਆਪਣੀਆਂ ਜ਼ੰਜੀਰਾਂ ਤੋੜੀਆਂ ਸਨ
ਅਜਿਹੇ ਹੀ ਹਨੇਰੇ ਨਾਲ ਜੂਝਦੇ
ਰਹੇ 'ਪਾਰਸੋਂਸ' ਦੇ ਸਾਥੀ
ਤੇ ਰੂਸੀਆਂ ਨੇ ਜਿੱਤ ਪ੍ਰਾਪਤ ਕੀਤੀ ਸੀ।
ਮੇਰੇ ਦੋਸਤੋ !
ਸਾਨੂੰ ਵੀ ਆਪਣੇ ਸਮੇਂ ਦੇ ਰਾਹਾਂ ਉੱਤੇ
ਹਲ-ਚਲ ਪੈਦਾ ਕਰਨੀ ਚਾਹੀਦੀ ਹੈ
ਹਨੇਰ ਨਗਰੀ ਦੇ ਇਸ ਦੌਰ ਵਿਚ,
ਆਜ਼ਾਦੀ ਦੀ ਤਾਂਘ ਵਿਚ
ਤੂਫ਼ਾਨਾਂ ਦੇ ਵਾਂਗੂੰ ਬੇਚੈਨ ਹੋਣਾ ਹੋਵੇਗਾ
ਕਿਸੇ ਨਹਿਸ਼ ਚਿਤਰਕਾਰ ਨੂੰ

ਅਸੀਂ ਆਪਣੇ ਸਮੇਂ ਦਾ
ਰੰਗ ਨਹੀਂ ਦੇਣਾ ਹੈ
ਇਕ ਦੂਜੇ ਦਾ ਹੱਥ ਫੜੀ
ਹਨੇਰੇ ਦੀ ਪਿੱਠ 'ਤੇ ਪੈਰ ਰੱਖ ਕੇ
ਇਤਿਹਾਸ ਦੇ ਚਾਨਣ ਵਿਚ ਚੱਲਦੇ ਹੋਏ
ਦੂਰ ਨਿਕਲ ਜਾਣਾ ਹੈ ਅਸੀਂ।

ਬੇਸ਼ੱਕ ਰਾਹ ਤੰਗ ਤੇ ਤਿਲਕਣ ਭਰੇ ਹਨ।
ਐਪਰ ਸਾਡੀਆਂ ਕੋਸ਼ਿਸ਼ਾਂ ਰੰਗ ਲਿਆਉਣਗੀਆਂ
ਭਵਿੱਖ ਦੀਆਂ ਮੰਜ਼ਿਲਾਂ ਦੇ ਫਾਸਲੇ
ਸਾਡਿਆਂ ਪੈਰਾਂ ਦੇ ਨਿਸ਼ਾਨਾਂ
ਨਾਲ ਹੀ ਤੈਅ ਹੋਣਗੇ।

XI

ਰਾਜ ਕੁਮਾਰ ਸ਼ੁਕਲ !
ਕਿੱਥੇ ਹੈਂ ਤੂੰ ਮੇਰੇ ਭਰਾਵਾ !
ਚੰਪਾਰਨ ਦੇ ਕਿਸ ਪਿੰਡ ਵਿਚ
ਰੇਤ ਦੇ ਕਿਸ ਟਿੱਲੇ ਦੇ ਹੇਠ
ਦੱਬਿਆ ਹੈਂ ਤੂੰ ਕਿਸ ਭਾਰ ਹੇਠ।
ਕੀ ਹਾਲੀ ਵੀ ਉੱਠਦਾ ਹੈ ਦਰਦ?
ਆਪਣੇ ਪਿੰਡ ਜਵਾਰ ਦਾ
ਲੁੱਟੀ ਗਈ ਕਿਸਾਨੀ ਦਾ
ਤਬਾਹ ਹੋਈ ਦੁਕਾਨਦਾਰੀ ਦਾ
ਤਾਰ-ਤਾਰ ਹੁੰਦੇ ਸੁਪਨਿਆਂ ਦਾ
ਨਰਕ ਬਣਦੀ ਹੋਈ ਜ਼ਿੰਦਗੀ ਦਾ।
ਆਉਂਦਾ ਹੈ ਗੁੱਸਾ
ਨਿੱਤ ਨਿੱਤ ਦੀ ਹੱਤਕ ਉੱਤੇ
ਗ਼ੈਰ-ਜ਼ਿੰਮੇਵਾਰ ਸਰਕਾਰ ਉੱਤੇ
ਆਪਣੀ ਬੇਬਸੀ ਉੱਤੇ
ਕੀ ਆਉਂਦਾ ਹੈ ਗੁੱਸਾ
ਉੱਠਦਾ ਹੈ ਦਰਦ
ਕੀ ਸੰਭਾਲਿਆ ਸੰਭਲਦਾ ਨਹੀਂ?
ਸੁਣੋ ! ਸੁਣ ਰਹੇ ਹੋ ਨਾ।
ਫਿਟਕਾਰ ਕੇ ਪੁੱਟ ਗਏ
ਸਾਬਰਮਤੀ ਦੇ ਸੰਤ ਦੀ ਕਰਾਹਟ
ਕੀ ਪਤਾ ਕਿ ਅੰਨ੍ਹੀ ਗਲੀ ਵਿਚ
ਆਪਣੇ ਪੈਰ ਘਸੀਟ ਰਿਹਾ ਹੋਵੇਗਾ
ਭਵਿੱਖ ਹੀਣ ਹਨੇਰੇ ਵਿਚ



ਕੋਈ ਪਰਛਾਵਾਂ ਵੀ ਨਾਲ ਨਹੀਂ ਹੋਵੇਗਾ
ਕੀ ਅਜੇ ਵੀ ਉਸ ਦੀਆਂ ਅੱਖਾਂ ਵਿਚ
ਕੋਈ ਸੁਫ਼ਨਾ ਹੋਵੇਗਾ?
ਚਲੋ, ਵੇਖੀਏ।
ਸ਼ਾਇਦ ਉਸ ਦੇ ਬੁਢਾਪੇ ਨੂੰ
ਸਾਡੀ ਜ਼ਰੂਰਤ ਹੋਵੇ
ਸ਼ਾਇਦ ਉਸ ਦੇ ਵਿਚਾਰਾਂ ਨੂੰ
ਸਾਣ 'ਤੇ ਲਾਉਣ ਦੀ ਲੋੜ ਹੋਵੇ
ਤੇ ਉਹ ਆਪਣੇ ਵਿਚਾਰਾਂ ਨੂੰ
ਨਵੇਂ ਅਰਥ ਦੇਣਾ ਚਾਹੁੰਦਾ ਹੋਵੇ।
ਚੱਲੋ ਮੇਰੇ ਭਾਈ !
ਐ, ਪੀੜਤ ਦੇਸ਼ ਦੇ ਸਿਪਾਹੀ !
ਆਪਣੀਆਂ ਹਾਰਾਂ ਤੋਂ ਸਿਖਦੇ ਹੋਏ
ਡਰੇ ਹੋਏ ਸਾਥੀਆਂ ਲਈ,
ਆਸ ਦੀ ਲੋਅ ਕਰੀਏ
ਅਹਿੰਸਾ ਨੂੰ ਕੋਰੀ ਬਕਵਾਸ ਹੋਣ ਤੋਂ ਬਚਾਈਏ।
ਤੇ ਪੂਰੀ ਰੋਟੀ ਲਈ ਲੜਨਾ ਸਿਖਾਈਏ !

XII

ਬੁੱਧ ਦੀ ਧਰਤੀ ਉੱਤੇ
ਅਹਿੰਸਾ ਦੀ ਮਨਾਹੀ ਹੈ
ਤੇ ਇਹ ਮਾਣ ਦੀ ਗੱਲ ਹੈ
ਪੂਰੀ ਦੁਨੀਆ ਦੇ ਲਈ
ਪਰ ਸ਼ਰਤ ਇਹ ਹੈ ਕਿ ਦੁਨੀਆ ਵਿਚ
ਚੰਗੇ ਤੇ ਬੁਰੇ ਲੋਕਾਂ ਦਾ ਬੋਲਬਾਲਾ ਹੋਵੇ
ਐਪਰ ਜਦੋਂ ਤੁਸੀਂ ਰੋਜ਼ ਰੋਜ਼
ਹਿੰਸਾ ਦੇ ਸ਼ਿਕਾਰ ਹੋਵੋ
ਤਾਂ ਤੁਹਾਨੂੰ ਨਿਆਂ ਦੀ ਪ੍ਰਾਪਤੀ ਲਈ
ਹਿੰਸਾ ਦੇ ਰਾਹ 'ਤੇ
ਤੁਰਨਾ ਪੈ ਸਕਦਾ ਹੈ
ਤੇ ਲੋਕੀਂ ਉਸ ਦਾ ਸਨਮਾਨ ਕਰਨਗੇ
ਖ਼ੁਦ ਉਹ ਵੀ
ਜਿਨ੍ਹਾਂ ਦੇ ਵਿਰੁੱਧ ਉਸ ਦੀ ਵਰਤੋਂ ਹੋਵੇਗੀ।

ਵੀਅਤਨਾਮ ਦੇ ਲੋਕਾਂ ਨੇ
ਜਦੋਂ ਅਮਰੀਕਾ ਦੇ ਖ਼ਿਲਾਫ਼
ਯੁੱਧ ਦਾ ਐਲਾਨ ਕੀਤਾ ਸੀ,
ਤਾਂ ਇਹ ਖ਼ੂੰਖ਼ਾਰ ਅਤੇ ਵਹਿਸ਼ੀ
ਸ਼ੇਰ ਦੇ ਮੂੰਹ ਤਮਾਚਾ ਮਾਰਨ ਵਰਗੀ ਗੱਲ ਸੀ।

ਵਿਰਸਾ ਮਹਾਰਾਜ ਕੋਲ ਜਦੋਂ ਦੇਵ ਆਏ
ਤੇ ਉਨ੍ਹਾਂ ਨੇ ਦਿੱਕੂਆਂ ਦੇ ਵਿਰੁੱਧ
ਹਥਿਆਰ ਚੁੱਕਣ ਦਾ ਹੁਕਮ ਦਿੱਤਾ
ਤਾਂ ਉਹ ਸ਼ਾਂਤੀ ਦਾ ਹੀ ਭਵਿੱਖ ਸੰਦੇਸ਼ ਸੀ।
ਭਗਤ ਸਿੰਘ ਹਮੇਸ਼ਾ ਇਹੀ ਚਾਹੁੰਦਾ ਰਿਹਾ

ਜੀਵਨ ਖ਼ੁਸ਼ਹਾਲ ਰਹੇ
ਤੇ ਆਦਮੀ ਦਾ ਲਹੂ ਨਾ ਡੁੱਲ੍ਹੇ
ਉਦੋਂ ਵੀ, ਜਦੋਂ ਬੋਲ਼ਿਆਂ ਨੂੰ ਸੁਣਾਉਣ ਲਈ
ਉਸ ਨੂੰ ਆਵਾਜ਼ ਉੱਚੀ ਕਰਨੀ ਪਈ
ਤੇ ਉਦੋਂ ਵੀ
ਜਦੋਂ ਉਹ ਮੌਤ ਦੀ ਉਡੀਕ ਕਰਦਾ ਰਿਹਾ।

ਕਹਿੰਦੇ ਹਨ
ਜਦੋਂ ਹਿਟਲਰ ਦੀ ਫੌਜ
ਸੋਵੀਅਤ ਰੂਸ ਵਿਚ ਜਾ ਵੜੀ
ਤਾਂ ਇਕ ਬੁੱਢੜੀ ਨੂੰ
ਉਨ੍ਹਾਂ ਲਈ ਖਾਣਾ ਪਕਾਉਣਾ ਪਿਆ
ਐਪਰ, ਉਨ੍ਹਾਂ ਨੂੰ
ਬੁੱਢੜੀ ਦੇ ਹੱਥੋਂ ਜਾਨ ਤੋਂ
ਵੀ ਹੱਥ ਧੋਣਾ ਪਿਆ।

ਇਕ ਉੱਚੇ ਆਦਰਸ਼ ਵਾਸਤੇ
ਜੀਵਨ ਨੂੰ ਕੁਰਬਾਨ ਹੋ
ਜਾਣ ਦੇਣਾ ਚਾਹੀਦਾ ਹੈ।
ਤੇ ਉਸ ਨੂੰ ਕਦੇ ਵੀ ਘਟਾ ਕੇ
ਨਹੀਂ ਵੇਖਣਾ ਚਾਹੀਦਾ।

XIII

ਤਾਨਾਸ਼ਾਹ
ਖ਼ੂੰਖ਼ਾਰ ਹੋਵੇ ਜਾਂ ਨਿਰਮਾਣ
ਜਾਂ ਵੱਡੇ ਦੈਂਤ ਵਰਗਾ
ਉਨ੍ਹਾਂ ਦਾ ਅਮਲਾ-ਫੈਲਾ ਤੇ ਲਾਮ ਲਸ਼ਕਰ
ਬੇਸ਼ੁਮਾਰ ਅਤਿਆਚਾਰ ਢਾਹੁੰਦੇ ਜਾਂਦੇ ਨੇ
ਜਨਤਾ ਉੱਤੇ,
ਜਦੋਂ ਉਹਨਾਂ ਦੇ ਪਾਪ ਦਾ
ਘੜਾ ਭਰ ਜਾਂਦਾ ਹੈ
ਤਾਂ ਇਕ ਦਿਨ ਅਜਿਹਾ ਆਉਂਦਾ ਹੈ

ਲੋਕੀਂ ਉਹਨਾਂ ਨੂੰ ਨਫ਼ਰਤ ਕਰਨਾ
ਸਿੱਖ ਜਾਂਦੇ ਨੇ
ਤੇ ਬੇਹਿਸਾਬ ਵਿਰੋਧ ਕਰਦੇ ਨੇ।

ਫਿਰ ਉਹ ਆਦਮੀ
ਉਨ੍ਹਾਂ ਨੂੰ ਖ਼ਤਰਨਾਕ ਲੱਗਦਾ ਹੈ
ਜੋ ਨਿਆਂ ਮੰਗਦਾ ਹੈ
ਜਾਂ ਅਨਿਆਂ ਦੀਆਂ ਗੱਲਾਂ ਕਰਦਾ ਹੈ।
ਜਦੋਂ ਉਹ ਫੜ ਲਿਆਉਂਦੇ ਨੇ ਕੁਝ ਲੋਕਾਂ ਨੂੰ
ਤੇ ਆਪਣੀ ਅਦਾਲਤ ਵਿਚ
ਜਵਾਬ ਮੰਗਦੇ ਨੇ,
ਲੋਕ ਹੱਸਦੇ ਨੇ ਉਨ੍ਹਾਂ ਦੇ ਬੌਣੇਪਨ ਉੱਤੇ
ਅਤੇ ਆਪਣੇ ਉਦੇਸ਼ਾਂ ਦੀ ਪਵਿੱਤਰਤਾ ਲਈ,
ਅਪਰਾਧ ਸਵੀਕਾਰ ਕਰਦੇ ਹਨ।
ਖੁੱਲ੍ਹਮ-ਖੁੱਲ੍ਹਾ, ਬਿਨਾਂ ਦਾਅ-ਪੇਚ ਦੇ
ਏਨੀ ਨਿਡਰਤਾ ਨਾਲ ਉਹ
ਆਪਣੇ ਵਾਲ ਪੁੱਟਦੇ ਹਨ।
ਤੇ ਨਿਆਂ ਦੇ ਪਵਿੱਤਰ
ਆਸਣ ਉੱਤੇ ਬੈਠਾ ਜੱਜ
ਕਾਨੂੰਨ ਦੇ ਕਸਾਈ ਵਾੜੇ ਬਣਾਉਂਦਾ ਹੈ
ਤੇ ਉਨ੍ਹਾਂ ਨੂੰ ਕਤਲ ਕਰ ਦਿੰਦਾ ਹੈ
ਉਹ ਆਪਣੀ ਕਮਜ਼ੋਰੀ
ਚੰਗੀ ਤਰ੍ਹਾਂ ਸਮਝਦੇ ਨੇ
ਤੇ ਡਰ ਜਾਂਦੇ ਹਨ
ਉਨ੍ਹਾਂ ਦੇ ਆਦਮੀ ਰਾਤ ਦਿਨ ਕੰਮ ਕਰਦੇ ਨੇ
ਅਤੇ ਕਾਲੇ ਕਾਨੂੰਨਾਂ ਨੂੰ ਜਮ੍ਹਾਂ ਕਰਦੇ ਹਨ
ਤਾਂ ਕਿ ਨਿਆਂ-ਪਸੰਦ ਲੋਕਾਂ ਨੂੰ
ਅਪਰਾਧੀ ਸਾਬਤ ਕੀਤਾ ਜਾ ਸਕੇ
ਤੇ ਬਾਗੀਆਂ ਨਾਲ
ਉਹਨਾਂ ਦੀ ਪੁਲਸ ਸਿੱਝ ਸਕੇ
ਉਨ੍ਹਾਂ ਦੇ ਭੰਡ ਉਨ੍ਹਾਂ ਦੀ
ਜੈ-ਜੈ ਕਾਰ ਕਰਦੇ ਨੇ
ਉਨ੍ਹਾਂ ਦੇ ਪਰੋਹਤ ਅਸ਼ੀਰਵਾਦ ਦਿੰਦੇ ਹਨ
ਉਨ੍ਹਾਂ ਦੇ ਜਨਰੈਲ ਹਮੇਸ਼ਾ ਤਿਆਰ ਰਹਿੰਦੇ ਹਨ
ਫਿਰ ਵੀ ਕਸਰ ਰਹਿ ਜਾਂਦੀ ਹੈ।
ਤਦ ਉਹ ਪੱਥਭ੍ਰਿਸ਼ਟ ਤੇ ਟੁੱਕੜ ਬੋਚਾਂ ਦੀ
ਕੁਟਾਈ ਕਰਵਾਉਂਦੇ ਨੇ
ਤਾਂ ਇਸ ਤਰ੍ਹਾਂ ਹਮਾਇਤ ਕਰਦੇ ਨੇ
ਆਪਣੇ ਕੁਕਰਮਾਂ ਦੀ ਵਿਧਾਨਿਕਤਾ ਦੇ ਲਈ
ਇੰਝ ਉਹ ਆਤੰਕ ਦੇ ਰਾਜ ਦੀ
ਨੀਂਹ ਪੱਕੀ ਕਰਦੇ ਨੇ।

ਚੂੰਕਿ ਨਿਆਂ ਸਰਬ ਉੱਤਮ ਹੁੰਦਾ ਹੈ
ਤੇ ਸੱਚ ਨੂੰ ਦਬਾਇਆ ਨਹੀਂ ਜਾ ਸਕਦਾ
ਲੋਕੀਂ ਚੰਗੀ ਤਰ੍ਹਾਂ ਸਮਝਣ ਲੱਗਦੇ ਹਨ
ਤੇ ਦੂਣੀ ਤਾਕਤ ਨਾਲ ਵਿਦਰੋਹ ਕਰਦੇ ਨੇ
ਇਸ ਤਰ੍ਹਾਂ ਕਿ ਆਰਾਮ ਦੀ ਘੜੀ ਨਹੀਂ ਆਉਂਦੀ
ਤਦ ਇਕ ਦਿਨ ਅਜਿਹਾ ਆਉਂਦਾ ਹੈ
ਕਿ ਉਹਨਾਂ ਦੀ ਦਹਿਸ਼ਤ ਦਾ ਰਾਜ ਖਿੰਡ ਪੁੰਡ
ਜਾਂਦਾ ਹੈ।

XIV

ਸੂਰਜ ਦੇ ਵਾਂਗ
ਅਸਾਡੇ ਅਸਮਾਨ ਉੱਤੇ
ਜੋ ਚਮਕਦੇ ਨੇ
ਨਿੱਘ ਤੇ ਘਾਹ ਦੇ ਲਈ
ਅਸੀਂ ਉਨ੍ਹਾਂ ਤੋਂ ਗਰਮੀ ਲੈਂਦੇ ਹਾਂ
ਇਨ੍ਹਾਂ ਝੁੰਜਲਾਹਟਾਂ ਵਿਚ
ਉਹ ਅਸਾਡੇ ਅਲਾਦੀਨ ਦੇ ਚਿਰਾਗ ਹਨ
ਬੀਤ ਗਏ ਨੇ ਪ੍ਰੇਤ ਨਹੀਂ।
ਪਰੰਪਰਾ ਸਾਡੀ ਅਮਾਨਤ
ਸਭ ਤੋਂ ਪਹਿਲਾਂ ਸਿੱਖੇ ਗਏ ਬੋਲਾਂ ਜਹੇ ਅਨੁਭਵ,
ਜਿਹਨਾਂ ਨਾਲ ਅਸੀਂ ਆਪਣੇ ਸਮੇਂ ਨੂੰ
ਸਮਝਣ ਦੀ ਕੋਸ਼ਿਸ਼ ਕਰਦੇ ਹਾਂ
ਤੇ ਵਿਚਾਰ ਬਣਾਉਂਦੇ ਹਾਂ।

ਹਾਂ, ਉਹ ਕੱਲ੍ਹ ਦੇ ਅਪਰਾਧੀ ਸਨ
ਕਟਹਿਰੇ ਵਿਚ ਖੜ੍ਹੇ ਕੀਤੇ ਗਏ ਮੁਜਰਮ
ਉਹਨਾਂ ਨੇ ਆਪਣੇ ਹਾਕਮਾਂ ਦੀ ਸਜ਼ਾ ਭੋਗੀ
ਇਤਿਹਾਸ ਦੀ ਨਹੀਂ।

ਜਦੋਂ ਅਸੀਂ ਆਪਣੀਆਂ ਕਿਤਾਬਾਂ
ਦੀ ਧੂੜ ਝਾੜਦੇ ਹਾਂ
ਤੇ ਚਾਨਣ ਵਿਚ ਲੈ ਜਾਂਦੇ ਹਾਂ
ਤਾਂ ਉਹ ਸਾਨੂੰ ਬੁਲਾਉਂਦੇ ਨੇ
ਜਿਵੇਂ ਗਾਂ ਆਪਣੇ ਵੱਛੇ ਨੂੰ ਬੁਲਾਉਂਦੀ ਹੈ,



ਜਿਵੇਂ ਮਾਂ ਦੀ ਮਮਤਾ
ਪਰਦੇਸ ਗਏ ਬੇਟੇ ਨੂੰ ਬੁਲਾਉਂਦੀ ਹੈ,
ਤਾਂ ਇਸ ਤਰ੍ਹਾਂ
ਪਹਿਲਾਂ ਅਸੀਂ ਪ੍ਰੇਮ ਕਰਨਾ ਸਿੱਖਦੇ ਹਾਂ
ਤੇ ਉਨ੍ਹਾਂ ਨੂੰ ਖੋਜਦੇ ਹਾਂ
ਆਪਣੇ ਜ਼ਮਾਨੇ ਵਿਚ
ਆਪਣੇ ਅੰਦਰ ਇਕ ਪ੍ਰਤੀਮਾਨ
ਖੜ੍ਹਾ ਕਰਦੇ ਹੋਏ।
ਉਹ ਸਵੇਰ ਦੇ ਸੁਹਾਣੇ ਸੁਪਨੇ
ਵਿਚੋਂ ਦਿਸਦੇ ਨੇ
ਜਿਸ ਵਿਚ ਅਸੀਂ ਗਵਾਚ ਜਾਂਦੇ ਹਾਂ
ਅਸੀਂ ਉਹਨਾਂ ਸੁਪਨਿਆਂ ਦੇ
ਚਿੱਤਰ ਬਣਾਉਂਦੇ ਹਾਂ
ਤੇ ਆਪਣੇ ਰੰਗ ਭਰਦੇ ਹਾਂ
ਜੇ ਉਹ ਚਿਤਰ ਸੁਹਣਾ ਨਹੀਂ ਬਣਦਾ,
ਤਾਂ ਅਸੀਂ ਮਸ਼ਹੂਰ ਕਲਾਕਾਰਾਂ
ਨੂੰ ਬੁਲਾ ਭੇਜਦੇ ਹਾਂ
ਕਿ ਉਹ ਵੀ ਆਪਣਾ ਯੋਗਦਾਨ ਦੇਣ।
ਅਸਾਡੀ ਨੁਕਤਾਚੀਨੀ ਤੋਂ
ਉਹ ਤ੍ਰਹਿ ਜਾਂਦੇ ਹਨ
ਤੇ ਆਪਣਾ ਮਿਹਨਤਾਨਾ ਲਏ ਬਗ਼ੈਰ
ਖਿਸਕ ਜਾਂਦੇ ਹਨ
ਉਹਨਾਂ ਨੂੰ ਵੀ ਬੁਲਾਉਂਦੇ ਹਨ
ਜਿਨ੍ਹਾਂ ਵਿਚ ਰਤਾ ਵੀ ਪ੍ਰਤਿਭਾ ਨਹੀਂ
ਵਿੰਗੀਆਂ ਟੇਢੀਆਂ ਰੇਖਾਵਾਂ ਵਿਚ
ਕੋਈ ਸਾਫ਼ ਸ਼ਕਲ ਨਹੀਂ ਬਣਦੀ
ਤਾਂ ਮਹਾਨ ਚਿਤਰਕਾਰਾਂ ਦੀਆਂ
ਕਿਰਤਾਂ ਤੋਂ
ਅਸੀਂ ਸਲੀਕਾ ਸਿੱਖਦੇ ਹਾਂ
ਤੇ ਉਹਨਾਂ ਦੇ ਧੀਰਜ ਨਾਲ
ਸਾਰੇ ਮਿਲ ਕੇ ਬਣਾਉਂਦੇ ਹਾਂ
ਧਰਤੀ ਦੇ ਵਿਸ਼ਾਲ
ਕੈਨਵਸ ਉੱਤਰ ਇਕ ਚਿੱਤਰ
ਪਰ ਫਿਰ ਵੀ ਘਾਟ ਰਹਿ ਜਾਂਦੀ ਹੈ
ਤਾਂ ਸੱਦਦੇ ਹਾਂ ਆਪਣੇ ਬੱਚਿਆਂ ਨੂੰ
"ਕੋਸ਼ਿਸ਼ ਕਰੋ ਮੇਰੇ ਬੇਟਿਓ!"
ਮੇਰੀਓ ਬੱਚੀਓ!
ਤਾਂ ਉਹ ਵੀ ਬਣਾਉਂਦੇ ਨੇ
ਆਪਣੀ ਹੀ ਤਰ੍ਹਾਂ
ਤੇ ਉਹ ਸ਼ੈਤਾਨ!
ਜੋ ਕੀੜੀਆਂ ਨੂੰ ਵੀ ਮਲਾਹ ਬਣਾ ਦੇਣ
ਕੌਣ ਜਾਣੇ? ਬਣਾ ਲੈਣ!
ਬਣਾਉਣ ਨਾਲ ਹੀ
ਤਾਂ ਇਹ ਦੁਨੀਆ ਬਣਦੀ ਹੈ।

(ਪੰਜਾਬੀ ਰੂਪ : ਹ. ਸ. ਹ.)

ਕਵੀ ਦਾ ਸਿਰਨਾਵਾਂ : V. ਗਰਵਾਹ P.O. ਭਵਾਨੀਪੁਰ (ਮਹਿਸੋਂ), ਜ਼ਿਲ੍ਹਾ ਯੂ. ਪੀ.

(ਪਲ-ਪ੍ਰਤੀਪਲ 'ਚੋਂ ਧੰਨਵਾਦ ਸਹਿਤ)

ਹਰਭਜਨ ਸਿੰਘ ਹੁੰਦਲ
ਦੀ ਆਧੁਨਿਕ ਪੰਜਾਬੀ ਕਵੀਆਂ ਬਾਰੇ ਨਵੀਂ ਆਲੋਚਨਾਤਮਿਕ ਪੁਸਤਕ
ਕਵੀਆਂ ਦੇ ਅੰਗ-ਸੰਗ
ਜਿਸ ਵਿਚ 125 ਤੋਂ ਵੱਧ ਪੰਜਾਬੀ ਕਵੀਆਂ ਦੇ ਕਾਵਿ-ਸੰਗ੍ਰਹਿਆਂ ਬਾਰੇ ਆਲੋਚਨਾਤਮਿਕ ਨਿਬੰਧ ਸ਼ਾਮਿਲ ਹਨ :
ਸਫ਼ੇ : 285 ਮੁੱਲ : 300/-
ਮਨਪ੍ਰੀਤ ਪ੍ਰਕਾਸ਼ਨ, 16/16, ਗੀਤਾ ਕਾਲੋਨੀ, ਦਿੱਲੀ-31.

## ਕਹਾਣੀ/ ਢੇਰੀਆਂ /ਮਨਜੀਤ ਬਠਿੰਡਾ

ਸੱਥਰ 'ਤੇ ਲੰਬੀ ਹੋ ਗਈ ਚੁੱਪ ਨੂੰ ਗੇਲੇ ਕੇ ਬੁੜ੍ਹੇ ਬੰਤਾ ਸਿੰਘ ਨੇ 'ਵਾਹ-ਘਰੂ' ਆਖ ਕੇ ਤੋੜਿਆ। ਗੁਰਦੀਪ ਨੂੰ ਲੱਗਿਆ ਜਿਵੇਂ ਕਮਰੇ ਦੇ ਬੋਝਲ ਹੋ ਗਏ ਵਾਤਾਵਰਣ ਵਿਚ ਵਾਹਿਗੁਰੂ ਸ਼ਬਦ ਘੁਲ ਕੇ ਉਸ ਨੂੰ ਹਲਕਾ ਕਰ ਗਿਆ ਹੋਵੇ। ਸਵੇਰ ਦੇ ਦਸ ਵੱਜ ਰਹੇ ਸਨ। ਦਸੰਬਰ ਦਾ ਆਖ਼ਰੀ ਹਫ਼ਤਾ ਹੋਣ ਕਰਕੇ ਠੰਢ ਦਾ ਕਾਫ਼ੀ ਜ਼ੋਰ ਸੀ। ਸਾਰੇ ਹੀ ਦਰੀ 'ਤੇ ਬੁੱਕਲਾਂ ਮਾਰੀ ਬੈਠੇ ਸਨ। ਜਸਵਿੰਦਰ ਕਮਰੇ ਵਿਚ ਚਾਹ ਲੈ ਕੇ ਆ ਗਿਆ ਅਤੇ ਸਾਰਿਆਂ ਅੱਗੇ ਥਾਲੀ ਵਿਚੋਂ ਗਲਾਸ ਚੁੱਕ ਚੁੱਕ ਕੇ ਚਾਹ ਰੱਖਣ ਲੱਗਿਆ। ਗੁਰਦੀਪ ਨੇ ਗਰਮ ਗਰਮ ਚਾਹ ਦੇ ਗਲਾਸ ਨੂੰ ਦੋਵਾਂ ਹੱਥਾਂ ਵਿਚ ਫੜ ਕੇ ਠਰਦੇ ਹੱਥਾਂ ਨੂੰ ਨਿੱਘੇ ਕਰਨ ਦਾ ਯਤਨ ਕੀਤਾ। ਦਰੀ ਵਿਚੋਂ ਠੰਢ ਉਸ ਦੇ ਸਾਰੇ ਸਰੀਰ ਨੂੰ ਚੜ੍ਹ ਰਹੀ ਸੀ। ਬੰਤਾ ਸਿੰਘ ਨੇ ਚਾਹ ਦੀ ਘੁੱਟ ਭਰਦੇ ਹੋਏ ਕਿਹਾ "ਚਾਹ, ਆ ਕੇ ਫੇਰ ਪੀ ਲੈਂਦੇ, ਮਖਿਆ ਫੁੱਲਾਂ ਨੂੰ ਦੇਰ ਨੀ ਹੋਜੂ, ਹਾਲੇ ਆ ਕੇ ਤੁਸੀਂ ਪਾਠ ਵੀ ਰੱਖੌਣੈ"।

"ਸਮਾਨ ਤਾਂ ਸਾਰਾ ਤਿਆਰ ਐ ਬਸ ਮਾਮੇ ਕਰਤਾਰ ਸਿਉਂ ਦੇ ਆਉਣ ਸਾਰ ਚੱਲਦੇ ਹਾਂ।" ਗੁਰਦੀਪ ਨੇ ਉੱਤਰ ਦਿੱਤਾ।

ਮਾਮਾ ਸਵੇਰੇ ਪਹਿਲੀ ਬੱਸ 'ਤੇ ਆਉਣ ਲਈ ਆਖ ਕੇ ਗਿਆ ਸੀ, ਘਰੋਂ ਉਸ ਤੋਂ ਬਿਨਾਂ ਸਰਦਾ ਨਹੀਂ ਸੀ। ਨਵੀਂ ਲਈ ਮੱਝ ਉਸ ਦੇ ਹੱਥ ਪੈ ਗਈ ਸੀ। ਉਸ ਨੇ ਆਖਿਆ ਸੀ ਕਿ ਉਹ ਸਵੇਰੇ ਸਵੇਰੇ ਸਾਰੇ ਕੰਮ ਮੁਕਾ ਕੇ ਜਲਦੀ ਆ ਜਾਵੇਗਾ। ਘਰ ਵਿਚ ਮਹੀਨੇ ਦੇ ਸੰਨ੍ਹ ਵਿਚ ਦੁਬਾਰਾ ਸੱਥਰ ਵਿਛ ਗਿਆ ਸੀ। ਪਹਿਲਾਂ ਬਾਪੂ ਚਲਾਣਾ ਕਰ ਗਿਆ ਤੇ ਹੁਣ ਬੇਬੇ। ਮਾਮਾ ਵਿਚਾਰਾ ਤਾਂ ਇਸ ਸਾਰੇ ਸਮੇਂ ਬੱਸਾਂ 'ਤੇ ਹੀ ਰੁਲਦਾ ਰਿਹਾ। ਉਸ ਦੀ ਇਕ ਲੱਤ ਪਿੰਡ ਤੇ ਦੂਜੀ ਇਥੇ ਹੁੰਦੀ।

ਚਾਹ ਪੀਂਦੇ ਹੋਏ ਫੇਰ ਤੋਂ ਸਾਰੇ ਗੱਲਾਂ ਕਰਨ ਲੱਗ ਪਏ। ਕਿਸ਼ਨੇ ਪੰਡਿਤ ਨੇ ਬੰਤੇ ਬੁੜ੍ਹੇ ਵੱਲ ਦੇਖਦੇ ਹੋਏ ਕਿਹਾ "ਧੰਨ ਸੀ ਬਿਸ਼ਨ ਕੌਰ, ਇਹੋ ਜਿਹੀਆਂ ਤਾਂ ਘਰ ਘਰ ਜੰਮਣ। ਕਹਿੰਦੇ ਨੇ ਚੰਗੇ ਬੰਦਿਆਂ ਦੀ ਤਾਂ ਰੱਬ ਨੂੰ ਵੀ ਲੋੜ ਹੈ। ਹੁਣ ਉਹਨਾਂ ਦੋਹਾਂ ਦੇ ਸੁਖ ਭੋਗਣ ਦੇ ਦਿਨ ਸਨ, ਚਲੋ ਜੋ ਰਾਮ ਨੂੰ ਮਨਜ਼ੂਰ ਐ, ਹੋਣਾ ਤਾਂ ਉਹੀ ਐ ਨਾ।" ਬਿਸ਼ਨ ਕੌਰ ਤੋਂ ਗੱਲ ਸ਼ੁਰੂ ਕਰ ਕਿਸ਼ਨੇ ਪੰਡਿਤ ਨੇ ਫੌਜੀ ਨੂੰ ਵੀ ਨਾਲ ਹੀ ਰਲਾ ਲਿਆ। "ਸਾਰੀ ਉਮਰ ਕਿੰਨਾ ਕੰਮ ਕੀਤਾ ਸੀ ਬੇਬੇ ਨੇ, ਸਾਰਾ ਸਾਰਾ ਦਿਨ ਚਰਖਾ ਕੱਤਦੀ ਰਹਿੰਦੀ ਸੀ। ਮਣਾਂ ਮੂਹੀ ਸੂਤ ਕੱਤਿਆ ਹੋਣੇ ਉਹਨੇ" ਗੁਰਦੀਪ ਨੇ ਮਨ ਹੀ ਮਨ ਸੋਚਿਆ। ਬਾਪੂ ਦੀ ਦੇਣ ਘਰ ਦੀ ਕਬੀਲਦਾਰੀ ਵਿਚ ਨਿਗੂਣੀ ਹੀ ਸੀ। ਮਹੀਨੇ ਦੋ ਮਹੀਨਿਆਂ ਪਿੱਛੋਂ ਉਸ ਨੇ ਘਰੇ ਤਨਖਾਹ ਭੇਜ ਦੇਣੀ। ਛੁੱਟੀ ਮਿਲੇ ਤੋਂ ਹੀ ਉਸ ਤੋਂ ਘਰੇ ਆਇਆ ਜਾਂਦਾ। ਫੌਜ ਦੀ ਨੌਕਰੀ ਹੀ ਇਹੋ ਜਿਹੀ ਹੁੰਦੀ ਹੈ। ਦੋਨੋਂ ਬੱਚਿਆਂ ਦਾ ਭਾਰ ਤਾਂ ਬੇਬੇ ਨੇ ਹੀ ਚੁੱਕਿਆ ਹੋਇਆ ਸੀ। ਜਸਵਿੰਦਰ, ਗੁਰਦੀਪ ਤੋਂ ਦੋ ਕੁ ਸਾਲ ਛੋਟਾ ਸੀ, ਪਰ ਪੜ੍ਹੇ ਉਹ ਇਕੱਠੇ ਹੀ ਸਨ। ਇਹ ਤਾਂ ਬੇਬੇ ਨੂੰ ਹੀ ਫ਼ਿਕਰ ਹੁੰਦਾ ਕਦੋਂ ਸਕੂਲ ਦੀ ਫੀਸ ਦੇਣੀ ਹੈ, ਕੱਪੜੇ ਸੁਆ ਕੇ ਦੇਣੇ ਹਨ ਜਾਂ ਕਿਤਾਬਾਂ ਲੈ ਕੇ ਦੇਣੀਆਂ ਹਨ। ਕਿੰਨੇ ਹੀ ਹੋਰ ਕੰਮ ਸਨ ਜੋ ਉਹ ਕਰਦੀ ਨਹੀਂ ਸੀ ਥੱਕਦੀ। ਬੱਸ ਕੰਮ ਕਰਨ ਦੀ ਤਾਂ ਜਿਵੇਂ ਉਸ ਨੂੰ ਕੋਈ ਲਗਨ ਹੋਵੇ। ਹੁਣ ਉਸ ਦੀ ਤਪੱਸਿਆ ਨੂੰ ਫਲ ਲੱਗ ਪਏ ਸਨ। ਜਸਵਿੰਦਰ ਲਾਗਲੇ ਸ਼ਹਿਰ ਦੇ ਵੱਡੇ ਹਸਪਤਾਲ ਵਿਚ ਕਲਰਕ ਲੱਗਾ ਹੋਇਆ ਸੀ ਤੇ ਹਰਦੀਪ ਉੱਥੇ ਹੀ ਸਕੂਲ ਵਿਚ ਮਾਸਟਰ ਲੱਗ ਗਿਆ ਸੀ। ਵਿਆਹ ਤੋਂ ਬਾਅਦ ਦੋਹਾਂ ਦੇ ਹੀ ਇਕ-ਇਕ ਬੱਚਾ ਵੀ ਹੋ ਗਿਆ ਸੀ।

ਬਾਹਰੋਂ ਆਈਆਂ ਆਵਾਜ਼ਾਂ ਨੂੰ ਸੁਣ ਇਕੱਠ ਵਿਚੋਂ ਕੋਈ ਬੋਲਿਆ "ਲੱਗਦਾ ਕਰਤਾਰੇ ਹੋਰੀਂ ਆ ਗਏ ਨੇ, ਚਲੋ ਦੇਰ ਨਾ ਕਰੋ।" ਕਰਤਾਰ ਸਿੰਘ ਨੇ ਕਮਰੇ ਵਿਚ ਵੜਦਿਆਂ ਹੀ ਬੱਸ ਦੇ ਲੇਟ ਆਉਣ ਦਾ ਕਾਰਨ ਦੱਸਦੇ ਹੋਏ ਆਖਿਆ "ਧੁੰਦ ਕਰਕੇ ਕੁਸ ਨ੍ਹੀਂ ਸੀ ਦਿਸਦਾ/ਕੀੜੀ ਵਾਂਗੂ ਤੋਰ ਕੇ ਲਿਆਇਐ ਡਰੈਵਰ।" ਨਾਲ ਆਈਆਂ ਜ਼ਨਾਨੀਆਂ ਦੀਆਂ ਦੂਸਰੇ ਕਮਰੇ ਵਿਚੋਂ ਰੋਣ ਪਿੱਟਣ ਦੀਆਂ ਆਵਾਜ਼ਾਂ



ਆਉਣ ਲੱਗੀਆਂ। ਜਸਵਿੰਦਰ ਰਸੋਈ ਵਿਚੋਂ ਮਾਮੇ ਲਈ ਚਾਹ ਦਾ ਗਲਾਸ ਫੜ ਲਿਆਇਆ ਸੀ। ਉਸ ਦੇ ਚਾਹ ਪੀਂਦੇ ਪੀਂਦੇ ਸਾਰੇ ਉੱਠ ਕੇ ਖੜ੍ਹੇ ਗਏ ਸਨ।

ਸਿਵਿਆਂ ਵਿਚ ਲੱਗੇ ਨਲਕੇ ਤੋਂ ਕਰਤਾਰ ਸਿੰਘ ਨੇ ਪਾਣੀ ਦੀ ਬਾਲਟੀ ਭਰ ਕੇ ਵਿਚ ਥੋੜ੍ਹਾ ਜਿਹਾ ਦੁੱਧ ਪਾ ਕੱਚੀ ਲੱਸੀ ਜਿਹੀ ਬਣਾਉਂਦੇ ਕਿਹਾ "ਸਿਵਾ ਤਾਂ ਰਾਤ ਦੇ ਕੱਕਰ ਨਾਲ ਹੀ ਠੰਢਾ ਸੀਤ ਹੋ ਗਿਆ ਹੋਣੇ ਪਰ ਰਸਮਾਂ ਤਾਂ ਪੂਰੀਆਂ ਕਰਨੀਆਂ ਹੀ ਪੈਂਦੀਆਂ ਨੇ ਜੋ ਪਹਿਲਾਂ ਤੋਂ ਤੁਰੀਆਂ ਆਉਂਦੀਆਂ ਨੇ।" ਠੰਡੇ ਹੋ ਚੁੱਕੇ ਸਿਵੇ 'ਤੇ ਉਸ ਨੇ ਕੱਚੀ ਲੱਸੀ ਦਾ ਛਿੱਟਾ ਦਿੱਤਾ ਅਤੇ ਬੈਠ ਗਿਆ। ਇਕੱਠ ਵਿਚੋਂ ਚਾਰ ਪੰਜ ਜਣੇ ਸਿਵੇ ਦੇ ਆਸੇ ਪਾਸੇ ਬੈਠ ਗਏ। ਕੁਝ ਕੋਲ ਹੀ ਖੜ੍ਹੇ ਗਏ। ਗੁਰਦੀਪ ਸਿਵੇ ਦੇ ਪੈਰਾਂ ਵਾਲੇ ਪਾਸੇ ਬੈਠ ਗਿਆ ਅਤੇ ਸਿਵੇ ਦੀ ਸਵਾਹ ਵਿਚ ਹੱਥ ਮਾਰਨ ਲੱਗਾ, ਪੈਰਾਂ ਦੀਆਂ ਉਂਗਲ਼ਾਂ ਦੀਆਂ ਨਿੱਕੀਆਂ ਨਿੱਕੀਆਂ ਜਲ ਚੁੱਕੀਆਂ ਹੱਡੀਆਂ ਇਕੱਠੀਆਂ ਕਰਨ ਲੱਗ ਪਿਆ। "ਕੜਾ ਤਾਂ ਉੱਪਰ ਹੀ ਪਿਐ ਮਾਈ ਦਾ, ਪਹਿਲਾਂ ਇਹ ਚੁੱਕ ਲੈ ਕਾਕਾ ਜਸਵਿੰਦਰ।" ਕਿਸ਼ਨੇ ਪੰਡਿਤ ਨੇ ਜਸਵਿੰਦਰ ਨੂੰ ਕਿਹਾ ਜਿਹੜਾ ਸਿਵੇ ਦੇ ਸੱਜੇ ਹੱਥ ਥੋੜ੍ਹਾ ਸਰਹਾਣੇ ਵਾਲੇ ਪਾਸੇ ਬੈਠਾ ਫੁੱਲ ਚੁੱਕ ਰਿਹਾ ਸੀ। ਸਾਰੇ ਹੀ ਫੁੱਲ ਚੁੱਕਦੇ ਚੁੱਕਦੇ ਨਿੱਕੀਆਂ ਨਿੱਕੀਆਂ ਗੱਲਾਂ ਕਰ ਰਹੇ ਸਨ ਪਰ ਗੁਰਦੀਪ ਦਾ ਮਨ ਭਰਿਆ ਹੋਇਆ ਸੀ। ਉਸ ਤੋਂ ਕੋਈ ਵੀ ਗੱਲ ਨਹੀਂ ਸੀ ਹੋ ਰਹੀ। ਸਿਰ ਚੁੱਕ ਉਸ ਨੇ ਜਸਵਿੰਦਰ ਵੱਲ ਵੇਖਿਆ ਜਿਸ ਨੇ ਆਪਣੇ ਕੋਲ ਫੁੱਲ ਚੁੱਕ ਚੁੱਕ ਕੇ ਇਕ ਨਿੱਕੀ ਜਿਹੀ ਢੇਰੀ ਬਣਾ ਲਈ ਸੀ। ਸਿਵੇ ਦੀ ਚਿੱਟੀ ਸਵਾਹ ਉਹਨਾਂ ਉੱਪਰ ਲੱਗੀ ਹੋਈ ਸੀ। ਫੁੱਲਾਂ ਦੀ ਢੇਰੀ ਨੂੰ ਦੇਖ ਗੁਰਦੀਪ ਨੂੰ ਬਚਪਨ ਦੀ ਯਾਦ ਆ ਗਈ ਸੀ।

ਛੋਟੇ ਹੁੰਦੇ ਜਦੋਂ ਵੀ ਉਹ ਦੋਵੇਂ ਭਰਾ ਕਿਸੇ ਖਾਣ ਪੀਣ ਦੀ ਚੀਜ਼ ਲਈ ਲੜ ਪੈਂਦੇ ਤਾਂ ਬੇਬੇ ਉਨ੍ਹਾਂ ਨੂੰ ਬੜੇ ਹੀ ਪਿਆਰ ਨਾਲ ਅੱਡ ਕਰ ਲੈਂਦੀ ਅਤੇ ਬੇਟਾ ਬੇਟਾ ਆਖ ਕੇ ਸਮਝਾਉਂਦੀ। ਜਸਵਿੰਦਰ ਬਚਪਨ ਵਿਚ ਬਹੁਤਾ ਜ਼ਿੱਦੀ ਸੁਭਾਅ ਦਾ ਸੀ। ਉਹ ਹਰ ਚੀਜ਼ ਜ਼ਿਆਦਾ ਲੈਣ ਦੀ ਕੋਸ਼ਿਸ਼ ਕਰਦਾ। ਉਸ ਨੂੰ ਗੁਰਦੀਪ ਨੂੰ ਦਿੱਤੀ ਹਰ ਚੀਜ਼ ਜ਼ਿਆਦਾ ਲੱਗਦੀ, ਜਦੋਂ ਉਹ ਨਾ ਮੰਨਦਾ ਤਾਂ ਬੇਬੇ ਹਾਰ ਕੇ ਦੋ ਢੇਰੀਆਂ ਬਣਾ ਕੇ ਉੱਪਰ ਦੋ ਬਾਟੀਆਂ ਨੂੰ ਮੂਧੇ ਮਾਰ ਦਿੰਦੀ। ਕੋਈ ਇਕ ਬਾਟੀ ਉਸ ਨੂੰ ਚੁੱਕਣ ਲਈ ਆਖਦੀ, ਇਸ ਤਰ੍ਹਾਂ ਵੰਡੀਆਂ ਪਾ ਕੇ ਉਹ ਦੋਵਾਂ ਨੂੰ ਸਮਝਾ ਲੈਂਦੀ। ਜਸਵਿੰਦਰ ਵੰਡੀਆਂ ਪੁਆ ਕੇ ਜ਼ਿਆਦਾ ਖੁਸ਼ ਹੁੰਦਾ। ਹੌਲੀ-ਹੌਲੀ ਜਿਉਂ ਜਿਉਂ ਉਹ ਵੱਡੇ ਹੁੰਦੇ ਗਏ ਉਨ੍ਹਾਂ ਵੰਡੀਆਂ ਪਾਉਣ ਦੀ ਖੇਡ ਹੀ ਬਣਾ ਲਈ ਸੀ। ਗਲੀ ਵਿਚ ਹਾਣੀ ਮੁੰਡਿਆਂ ਨਾਲ ਖੇਡਦੇ ਹੋਏ ਵੀ ਉਹ ਪਹਿਲਾਂ ਆਪਸ ਵਿਚ ਵੰਡੀਆਂ ਪਾ ਦੋ ਟੋਲੀਆਂ ਬਣਾ ਕੇ ਖੇਡਦੇ ਹੁੰਦੇ ਸਨ।

"ਕੂੰਜਾਂ ਵਾਂਗੂ ਤੁਰ ਗਏ ਨੇ ਫੌਜੀ ਚਾਚਾ ਤੇ ਚਾਚੀ ਤਾਂ" ਗਵਾਂਢੀ ਗੇਲੇ ਨੇ ਕਿਹਾ, ਜੋ ਕਿ ਹੁਣ ਤੱਕ ਬਿਲਕੁਲ ਚੁੱਪ ਸੀ ਅਤੇ ਘਰੋਂ ਵੀ ਚੁੱਪ ਚਾਪ ਹੀ ਆਇਆ ਸੀ। 'ਕੂੰਜਾਂ ਵਾਂਗ'! ਗੁਰਦੀਪ ਇਕ ਦਮ ਤ੍ਰੱਬਕ ਗਿਆ ਤੇ ਫਿਰ ਸੋਚਣ ਲੱਗਿਆ "ਕਹਿੰਦੇ ਨੇ ਕੂੰਜਾਂ ਦਾ ਜੋੜਾ ਕਦੇ ਵੀ ਅੱਡ ਅੱਡ ਨਹੀਂ ਹੁੰਦਾ, ਜਦੋਂ ਇਕ ਕੂੰਜ ਮਰ ਜਾਂਦੀ ਹੈ ਤਾਂ ਦੂਜੀ ਵੀ ਉਸ ਤੋਂ ਬਗੈਰ ਜਿਊਂਦੀ ਨਹੀਂ ਰਹਿੰਦੀ। ਅਖੌਤ ਸੁਣ ਉਸ ਨੂੰ ਆਪਣੇ ਆਪ 'ਤੇ ਗਿਲਾਨੀ ਜਿਹੀ ਆਈ। "ਪਰ ਅਸੀਂ ਕੀ ਕੀਤਾ, ਅਸੀਂ ਤਾਂ ਦੋਵਾਂ ਨੂੰ ਅਲੱਗ-ਅਲੱਗ ਕਰ ਦਿੱਤਾ ਜਿਵੇਂ ਜਾਣ ਬੁੱਝ ਕੇ ਦੋਹਾਂ ਦੀਆਂ ਵੰਡੀਆਂ ਪਾ ਲਈਆਂ ਹੋਣ। ਉਨ੍ਹਾਂ ਦੋਵਾਂ ਨੇ ਕਦੇ ਵੀ ਜਿਉਂਦੇ ਜੀ ਸਾਡੇ ਕੋਲ ਇਸ ਦਾ ਗਿਲਾ ਨਹੀਂ ਸੀ ਕੀਤਾ। ਉਹ ਹੋ! ਸਾਨੂੰ ਇਸ ਤਰ੍ਹਾਂ ਨਹੀਂ ਸੀ ਕਰਨਾ ਚਾਹੀਦਾ।" ਬੀਤੇ ਸਮੇਂ ਦੀਆਂ ਗੱਲਾਂ ਗੁਰਦੀਪ ਦੀਆਂ ਅੱਖਾਂ ਅੱਗੋਂ ਕਿਸੇ ਸਿਨੇਮੇ ਦੀ ਰੀਲ੍ਹ ਵਾਂਗ ਲੰਘਣ ਲੱਗੀਆਂ।

ਜਸਵਿੰਦਰ ਵਿਆਹ ਤੋਂ ਥੋੜ੍ਹਾ ਚਿਰ ਪਿੱਛੋਂ ਹੀ ਸ਼ਹਿਰ ਰਹਿਣ ਲੱਗ ਪਿਆ ਸੀ। ਉਸ ਨੂੰ ਹਸਪਤਾਲ ਵਿਚ ਹੀ ਕੁਆਟਰ ਮਿਲ ਗਿਆ ਸੀ। ਬਾਪੂ ਵੀ ਪੈਨਸ਼ਨ ਆ ਗਿਆ ਸੀ। ਜਿੰਨਾ ਚਿਰ ਉਹ ਫੌਜ ਵਿਚ ਰਿਹਾ ਸਿਹਤ ਪੱਖੋਂ ਠੀਕ ਠਾਕ ਰਿਹਾ। ਪਰ ਘਰ ਆ ਕੇ ਉਹ ਇਕ ਦਮ ਹੀ ਝੌਂ ਗਿਆ ਸੀ। ਉਹ ਬਿਮਾਰ ਵੀ ਰਹਿਣ ਲੱਗ ਪਿਆ। ਘਰੇ ਉਸ ਦੀ ਸੁਖ ਸ਼ਾਂਤੀ ਲਈ ਪਾਠ ਰੱਖਿਆ ਹੋਇਆ ਸੀ।

ਸਾਰਾ ਘਰ ਰਿਸ਼ਤੇਦਾਰਾਂ ਨਾਲ ਭਰਿਆ ਹੋਇਆ ਸੀ। ਦੇਰ ਰਾਤ ਤੱਕ ਸਾਰੇ ਆਪਸ ਵਿਚ ਗੱਲਾਂ ਕਰੀ ਗਏ ਸਨ। ਜਸਵਿੰਦਰ ਨੇ ਗੱਲਾਂ ਗੱਲਾਂ ਵਿਚ ਹੀ ਕਿਹਾ ਸੀ ਕਿ "ਮੈਂ ਬਾਪੂ ਜੀ ਨੂੰ ਆਪਣੇ ਨਾਲ ਹੀ ਲੈ ਜਾਵਾਂਗਾ ਅਤੇ ਇਨ੍ਹਾਂ ਨੂੰ ਉਥੇ ਰੱਖ ਕੇ ਇਨ੍ਹਾਂ ਦੀ ਸੇਵਾ ਕਰਾਂਗਾ" ਜਸਵਿੰਦਰ ਦੀ ਵਹੁਟੀ ਵੀ ਨਾਲ ਹੀ ਬੋਲੀ ਸੀ "ਸਾਡਾ ਕਿਹੜਾ ਕੋਈ ਦਵਾਈ ਬੂਟੀ 'ਤੇ ਖਰਚ ਆਉਣੇ, ਹਸਪਤਾਲੋਂ ਮੁਫ਼ਤ ਹੀ ਲੈ ਆਉਂਦੇ ਨੇ।" ਗੁਰਦੀਪ ਜਸਵਿੰਦਰ ਨੂੰ ਪੋਰ ਪੋਰ ਤੋਂ ਜਾਣਦਾ ਸੀ, ਅਸਲ ਵਿਚ ਉਸ ਦੀ ਅੱਖ ਬਾਪੂ ਦੀ ਹਰ ਮਹੀਨੇ ਆਉਂਦੀ ਥੋੜ੍ਹੀ ਜਿਹੀ ਪੈਨਸ਼ਨ 'ਤੇ ਸੀ। ਜਸਵਿੰਦਰ ਦੀ ਘਰ ਵਾਲੀ ਉਸ ਤੋਂ ਦੋ ਰਤੀਆਂ ਉੱਪਰ ਹੀ ਸੀ। ਉਸ ਨੇ ਵੀ ਆਪਣੇ ਕੋਲ ਬਿਸਤਰੇ ਘੱਟ ਹੋਣ ਦਾ ਪੱਜ ਲਾ ਕੇ ਬੇਬੇ ਤੋਂ ਉਸ ਦੀ ਪੇਟੀ ਵੀ ਖੁੱਲਵਾ ਲਈ ਸੀ। ਸਾਰੇ ਰਿਸ਼ਤੇਦਾਰਾਂ ਦੇ ਸਾਹਮਣੇ ਹੀ ਉਸ ਨੇ ਖੇਸ ਅਤੇ ਦਰੀਆਂ ਵੰਡਾ ਲਈਆਂ ਸਨ। ਪਾਠ ਦੇ ਭੋਗ ਤੋਂ ਬਾਅਦ ਉਹ ਬਾਪੂ ਨੂੰ ਨਾਲ ਹੀ ਲੈ ਗਏ ਸਨ।

ਬਾਪੂ ਦੇ ਜਾਣ ਤੋਂ ਪਿੱਛੋਂ ਕਾਫ਼ੀ ਦੇਰ ਘਰ ਸੁੰਨਾ-ਸੁੰਨਾ ਲੱਗਦਾ ਰਿਹਾ ਸੀ। ਬੇਬੇ ਉਦਾਸ ਜਿਹੀ ਤੁਰੀ ਫਿਰਦੀ ਰਹਿੰਦੀ। ਹੌਲੀ-ਹੌਲੀ ਗੁੱਡੂ ਨਾਲ ਪਰਚਣ ਲੱਗ ਪਈ ਸੀ। ਉਹ ਵੀ ਆਪਣੀ ਦਾਦੀ ਕੋਲ ਰਹਿ ਕੇ ਜ਼ਿਆਦਾ ਖੁਸ਼ ਰਹਿੰਦਾ ਸੀ। ਸਮਾਂ ਆਪਣੀ ਚਾਲ ਚੱਲਦਾ ਰਿਹਾ, ਛੇ ਸੱਤ ਸਾਲ ਅੱਖ ਦੇ ਫੋਰ ਵਿਚ ਹੀ ਲੰਘ ਗਏ ਸਨ। ਇਸ ਸਮੇਂ ਵਿਚ ਬਾਪੂ ਦਾ ਪਤਾ ਲੈਣ ਗਾਹੇ ਬਗਾਹੇ ਗੁਰਦੀਪ ਜਾਂਦਾ ਰਿਹਾ ਸੀ। ਉਸ ਦੀ ਬਿਮਾਰੀ ਵਿਚ ਕੋਈ ਫ਼ਰਕ ਨਹੀਂ ਸੀ ਪਿਆ ਸਗੋਂ ਹੋਰ ਵੀ ਮੰਜੇ ਨਾਲ ਲੱਗ ਗਿਆ ਸੀ।

ਇਸ ਵਾਰ ਸਕੂਲਾਂ ਵਿਚ ਜਦੋਂ ਗਰਮੀ ਦੀਆਂ ਛੁੱਟੀਆਂ ਹੋਈਆਂ ਸਨ। ਉਨ੍ਹਾਂ ਦਿਨਾਂ ਵਿਚ ਗੁਰਦੀਪ ਨੇ ਦੇਖਿਆ ਸੀ ਕਿ ਬੇਬੇ ਕੁਝ ਬੇਚੈਨ ਜਿਹੀ ਰਹਿੰਦੀ ਰਹੀ ਸੀ। ਕਦੇ ਕਦੇ ਉਹ ਖਿੱਝ ਕੇ ਬੋਲਦੀ ਸੀ। ਉਹ ਉਸ ਦੇ ਸੁਭਾਅ ਵਿਚ ਆਈ ਤਬਦੀਲੀ ਦਾ ਕਾਰਨ ਸਮਝਦਾ ਸੀ। ਕਿਉਂਕਿ ਬਾਪੂ ਦੀ ਬਿਮਾਰੀ ਲੰਬੀ ਹੁੰਦੀ ਜਾ ਰਹੀ ਸੀ ਤੇ ਉਸ ਦੇ ਸਬਰ ਦੀ ਹੱਦ ਮੁਕਦੀ ਜਾ ਰਹੀ ਪ੍ਰਤੀਤ ਹੁੰਦੀ ਸੀ। ਪਰ ਉਸ ਨੇ ਕਦੇ ਗੁਰਦੀਪ ਕੋਲ ਕੋਈ ਵੀ ਬਿਮਾਰੀ ਬਾਰੇ ਗੱਲ ਨਹੀਂ ਸੀ ਕੀਤੀ। ਆਖਰ ਇਕ ਦਿਨ ਗੁਰਦੀਪ ਨੇ ਹੀ ਬੇਬੇ ਨੂੰ ਕਿਹਾ ਸੀ ਕਿ ਗੁੱਡੂ ਵੀ ਛੁੱਟੀਆਂ ਵਿਚ ਚਾਚੇ ਅਤੇ ਦਾਦੇ ਕੋਲ ਜਾਣ ਦੀ ਜ਼ਿੱਦ ਕਈ ਦਿਨਾਂ ਤੋਂ ਕਰਦਾ ਆ ਰਿਹਾ ਹੈ ਤੁਸੀਂ ਦੋਵੇਂ ਕੁਝ ਦਿਨਾਂ ਲਈ ਬਾਪੂ ਕੋਲ ਜਾ ਆਉ।" ਗੁਰਦੀਪ ਦੇ ਕਹਿਣ ਤੇ "ਗੁੱਡੂ ਨਾਲ ਬੇਬੇ ਚਲੀ ਤਾਂ ਗਈ ਸੀ ਪਰ ਹਫ਼ਤੇ ਪਿੱਛੋਂ ਹੀ ਬਾਪੂ ਨੂੰ ਵੀ ਨਾਲ ਹੀ ਲੈ ਆਈ ਸੀ ਤੇ ਆਉਂਦਿਆਂ ਹੀ ਕਿਹਾ ਸੀ, "ਸੇਵਾ ਸੁਵਾ ਕਾਹਦੀ ਕਰਦੀ ਸੀ ਜਸਵਿੰਦਰ ਦੀ ਵਹੁਟੀ, ਨਾ ਦਵਾਈ ਟੈਮ ਤੇ ਨਾ ਰੋਟੀ ਟੈਮ ਸਿਰ ਦਿੰਦੀ ਸੀ ਤੇਰੇ ਬਾਪੂ ਨੂੰ। ਉਥੇ ਨ੍ਹੀਂ ਭੇਜਣਾ ਇਹਨੂੰ ਜਿੰਨਾ ਹੋ ਸਕੂ ਕਰ ਲੂੰ।" ਹੋਣਾ ਹਵਾਣਾ ਉਸ ਤੋਂ ਕੀ ਸੀ, ਮਹੀਨਾ ਭਰ ਆਪਣੇ ਦੇਸੀ ਟੋਟਕਿਆਂ ਨਾਲ ਔੜ ਪੌੜ ਕਰਦੀ ਰਹੀ। ਆਖਰ ਬਾਪੂ ਨੂੰ ਚੁੱਕ ਕੇ ਹਸਪਤਾਲ ਦਾਖ਼ਲ ਕਰਵਾਉਣਾ ਪਿਆ ਸੀ। ਤਿੰਨ ਚਾਰ ਮਹੀਨੇ ਹਸਪਤਾਲ ਦੇ ਗੇੜ੍ਹੇ ਲਾਉਂਦੇ ਰਹੇ। ਖੱਜਲ-ਖੁਆਰ ਹੋਣ ਪਿੱਛੋਂ ਆਖਰ ਇਕ ਦਿਨ ਡਾਕਟਰ ਨੇ ਘਰੇ ਲੈ ਜਾਣ ਲਈ ਕਹਿ ਦਿੱਤਾ। ਸਮਝ ਤਾਂ ਸਾਰੇ ਉਦੋਂ ਹੀ ਗਏ ਸਨ ਕਿ ਹੁਣ ਉਹ ਬਹੁਤੇ ਦਿਨ ਨਹੀਂ ਕਟਾਉਂਦਾ। ਸਾਰਿਆਂ ਨੇ ਹੋਣੀ ਅੱਗੇ ਹਥਿਆਰ ਸੁੱਟ ਦਿੱਤੇ ਸਨ।

ਮੰਦਭਾਗੇ ਦਿਨਾਂ ਤੋਂ ਪਿੱਛੋਂ ਘਰ ਵਿਚ ਕਈ ਦਿਨ ਰੋਣ ਪਿੱਟਣ, ਮਕਾਣਾਂ ਦਾ ਸਿਲਸਿਲਾ ਚੱਲਦਾ ਰਿਹਾ ਸੀ। ਇਸ ਸਮੇਂ ਵਿਚ ਸ਼ਾਇਦ ਬੇਬੇ ਨੂੰ ਬੁਖਾਰ ਰਹਿੰਦਾ ਸੀ। ਨਾ ਹੀ ਕਿਸੇ ਦਾ ਉਸ ਵੱਲ ਖਿਆਲ ਗਿਆ ਤੇ ਨਾ ਹੀ ਉਸ ਨੇ ਆਪਣੀ ਬਿਮਾਰੀ ਬਾਰੇ ਕਿਸੇ ਨੂੰ ਮੂੰਹੋਂ ਕੁਝ ਦੱਸਿਆ। ਆਪ ਹੀ ਘਰੇ ਪਈਆਂ ਪੁਰਾਣੀਆਂ ਗੋਲੀਆਂ ਖਾਂਦੀ ਰਹੀ। ਬਾਪੂ ਦੇ ਭੋਗ ਵਾਲੇ ਦਿਨ ਤਾਂ ਉਸ ਨੂੰ ਮੰਜੇ ਤੋਂ ਉਠਾ ਕੇ ਮਸਾਂ ਹਜ਼ੂਰੀ ਵਿਚ ਲਿਆਂਦਾ ਸੀ। ਅਰਦਾਸ ਵੇਲੇ ਵੀ ਉਹ ਖੜ੍ਹੀ-ਖੜ੍ਹੀ ਡਿੱਗ ਪਈ ਸੀ। ਡਾਕਟਰ ਨੇ ਪੂਰੇ ਅਰਾਮ ਦੀ ਸਲਾਹ ਦੇ ਕੇ ਦਵਾਈ ਦੇ ਦਿੱਤੀ ਸੀ। ਗੁਰਦੀਪ ਨੂੰ ਇੰਝ ਮਹਿਸੂਸ ਹੁੰਦਾ ਜਿਵੇਂ ਬਾਪੂ ਦੀ ਮੌਤ ਦਾ ਸਦਮਾ ਬੇਬੇ ਨੂੰ ਕਿਸੇ ਡੂੰਘੀ ਖਾਈ ਵਿਚ ਸੁੱਟ ਗਿਆ ਸੀ। ਉਸ ਨੇ ਇਕੋ ਦਮ ਹੀ ਘਟ ਬੋਲਣਾ ਸ਼ੁਰੂ ਕਰ ਦਿੱਤਾ। ਕਈ ਵਾਰ ਪੁੱਛਣ 'ਤੇ ਥੋੜ੍ਹਾ ਜਿਹਾ ਜੁਆਬ ਦਿੰਦੀ। ਕਰਤਾਰਾ ਮਾਮਾ ਵੀ



ਰੋਜ਼ ਵਾਗੂੰ ਹੀ ਪਤਾ ਲੈਣ ਆਉਂਦਾ ਰਿਹਾ ਸੀ। ਉਹ ਸਾਰਾ ਜ਼ੋਰ ਲਾ ਕੇ ਵੀ ਉਸ ਨੂੰ ਬਚਾ ਨਹੀਂ ਸੀ ਸਕੇ। ਮੌਤ ਜਿੱਤ ਗਈ ਸੀ।

ਗੁਰਦੀਪ ਦਾ ਗੱਚ ਭਰਿਆ ਹੋਇਆ ਸੀ, ਉਸ ਦਾ ਉੱਚੀ-ਉੱਚੀ ਰੋਣ ਨੂੰ ਜੀ ਕਰ ਰਿਹਾ ਸੀ। ਹੱਥ ਸੁੰਨ ਹੋ ਰਹੇ ਸਨ। ਉਹ ਉਂਝ ਹੀ ਸਵਾਹ ਵਿਚ ਹੱਥ ਮਾਰਨ ਲੱਗ ਪਿਆ ਸੀ, ਫੁਲ ਚੁਗਾਉਣੇ ਉਸ ਨੂੰ ਵਿਸਰ ਗਏ ਸਨ। ਉਸ ਨੂੰ ਸਿਵੇ ਦੀ ਦੁਧੀਆ ਸਵਾਹ ਵਿਚ ਬੇਬੇ ਦੇ ਚਿਹਰੇ ਦਾ ਹਲਕਾ ਜਿਹਾ ਝਾਉਲਾ ਪਿਆ। ਉਸ ਨੇ ਥੋੜਾ ਜਿਹਾ ਆਪਣੇ ਸਿਰ ਨੂੰ ਉੱਪਰ ਚੁੱਕਿਆ ਅਤੇ ਸਾਰਿਆਂ ਵੱਲ ਸਰਸਰੀ ਜਿਹੀ ਨਜ਼ਰ ਮਾਰੀ। ਜਸਵਿੰਦਰ ਦੇ ਭਾਵਹੀਣ ਚਿਹਰੇ 'ਤੇ ਜਾ ਕੇ ਉਸ ਦੀ ਨਜ਼ਰ ਕੁਝ ਪਲਾਂ ਲਈ ਰੁਕ ਗਈ ਅਤੇ ਉਸ ਨੂੰ ਇੱਜ ਲੱਗਿਆ ਜਿਵੇਂ ਉਸ ਦੇ ਅੰਦਰ ਇਕ ਸਿਵਾ ਹੋਰ ਮੱਚ ਉੱਠਿਆ ਹੋਵੇ, ਉਸ ਦੇ ਸੇਕ ਵਿਚ ਉਸ ਨੂੰ ਆਪਣਾ ਆਪ ਸੜਦਾ ਹੋਇਆ ਮਹਿਸੂਸ ਹੋਣ ਲੱਗਿਆ। ਉਹ ਝਟਕਾ ਜਿਹਾ ਖਾ ਉੱਠ ਖੜ੍ਹਾ ਹੋਇਆ, ਤੇਜ਼ੀ ਨਾਲ ਸਿਵਿਆਂ ਵਿਚ ਲੱਗੇ ਨਲਕੇ ਕੋਲ ਗਿਆ। ਠੰਢੇ ਪਾਣੀ ਦੇ ਅੱਖਾਂ 'ਤੇ ਛਿੱਟੇ ਮਾਰੇ। ਦੋ ਤਿੰਨ ਘੁੱਟ ਪਾਣੀ ਦੇ ਅੰਦਰ ਲੰਘਾ ਲਏ।

ਕਰਤਾਰਾ ਮਾਮਾ ਵੀ ਫੁੱਲ ਵਿਚਾਲੇ ਛੱਡ ਉਸ ਦੇ ਪਿੱਛੇ ਹੀ ਆ ਗਿਆ ਅਤੇ ਉਸ ਨੂੰ ਪਿਆਰ ਨਾਲ ਜੱਫ਼ੀ ਵਿਚ ਲੈ ਕਹਿਣ ਲੱਗਿਆ "ਸਾਊ ਇੰਜ ਨਹੀਂ ਦਿਲ ਛੱਡੀਦਾ, ਹੌਸਲਾ ਕਰਕੇ ਫੁੱਲ ਚੁਗਾ।" ਗੁਰਦੀਪ ਦੇ ਅੰਦਰ ਉਬਾਲ ਜਿਹਾ ਉਠਿਆ, ਉਸ ਨੇ ਕੰਬਦੇ ਬੁੱਲ੍ਹਾਂ ਨਾਲ ਕਿਹਾ "ਜਿਉਂਦਿਆਂ ਨੂੰ ਹੀ ...ਵੰਡ ਲਿਆ ਸੀ... ਏ...ਸ..." ਗੱਲ ਉਸ ਤੋਂ ਪੂਰੀ ਨਾ ਹੋ ਸਕੀ, ਉਸ ਦੀ ਭੁੱਬ ਨਿਕਲ ਗਈ।

(192-ਏ/4-ਡੀ, ਸ਼ਾਂਤ ਨਗਰ, ਬਠਿੰਡਾ।)

---

*ਚੀਨੀ ਮਿੰਨੀ ਕਹਾਣੀ*

## ਜੁੱਤੀਆਂ

*ਲਿਯੂ ਚਿਐਨਹਵਾ*

ਮੈਨੂੰ ਅਚਾਨਕ ਨਦੀ ਵਿਚੋਂ ਮਛਲੀਆਂ ਫੜਨ ਦਾ ਸ਼ੌਕ ਜਾਗਿਆ। ਇਕ ਐਤਵਾਰ, ਮੈਂ ਨਦੀ ਦੇ ਕਿਨਾਰੇ ਗਿਆ। ਮੈਂ ਜੁੱਤੀਆਂ ਲਾਹੀਆਂ ਤੇ ਮੱਛੀਆਂ ਫੜਨ ਨਦੀ ਵਿਚ ਚਲਾ ਗਿਆ। ਕੁਝ ਘੰਟਿਆਂ ਮਗਰੋਂ ਢੇਰ ਸਾਰੀਆਂ ਮੱਛੀਆਂ ਫੜ ਕੇ ਮੁੜਿਆ। ਮੈਂ ਜਿਥੇ ਜੁੱਤੀਆਂ ਲਾਹੀਆਂ ਸੀ, ਉਥੇ ਖੜ੍ਹੀ ਭੀੜ ਦੇਖ ਕੇ ਮੈਂ ਕੁਝ ਹੈਰਾਨ ਹੋਇਆ ਕਿ ਜ਼ਰੂਰ ਕੁਝ ਹੋਇਆ ਹੋਵੇਗਾ। ਇਹ ਜਾਨਣ ਲਈ ਮੇਰੀ ਚਾਲ ਤੇਜ਼ ਹੋ ਗਈ।

ਕੋਈ ਦੁਖੀ ਸੁਰ ਵਿਚ ਕਹਿ ਰਿਹਾ ਸੀ, 'ਵਿਚਾਰਾ, ਤੀਹ ਕੁ ਸਾਲਾਂ ਦਾ ਹੋਣੈ। ਹਜ਼ਾਰਾਂ ਰੁਪਏ ਖਰਚ ਕੇ ਉਸ ਨੇ ਵਿਆਹ ਕੀਤਾ, ਪਰ ਉਸ ਦੇ ਸਹੁਰਿਆਂ ਨੇ ਉਸ ਨੂੰ ਕੱਢ ਦਿੱਤਾ। ਦੇਖੋ। ਉਹ ਜਾ ਕੇ ਡੁੱਬ ਮਰਿਆ।'

ਦੂਸਰੇ ਨੇ ਕਿਹਾ, 'ਨਹੀਂ, ਤੇਰੀ ਗੱਲ ਸੱਚੀ ਨਹੀਂ ਹੈ। ਕੋਈ ਕੁੜੀ ਡੁੱਬ ਕੇ ਮਰੀ ਹੈ। ਉਸ ਦੇ ਪ੍ਰੇਮੀ ਨੂੰ ਇਕ ਕਾਰਖਾਨੇ ਵਿਚ ਮਜ਼ਦੂਰ ਦੀ ਨੌਕਰੀ ਮਿਲ ਗਈ ਤਾਂ ਉਸ ਨੇ ਉਹਨੂੰ ਛੱਡ ਤਾ। ਭੋਲੀ ਭਾਲੀ ਕੁੜੀ ਦਾ ਦਿਲ ਟੁੱਟ ਗਿਆ ਤੇ ਉਸ ਨੇ ਆਤਮ ਹੱਤਿਆ ਕਰ ਲਈ। ਭੀੜ ਵਿਚ ਕਾਨਾਫੂਸੀ ਵਧ ਗਈ।

ਇਕ ਬੁੱਢੀ ਔਰਤ ਬੋਲੀ, 'ਬਈ, ਵਹਾਂਗ ਨਿਹਾਂਗ ਘਰ ਤੋਂ ਲਾਪਤਾ ਹੈ। ਉਸ ਦੀ ਸੱਸ ਨੇ ਉਸ ਨੂੰ ਗਾਲ੍ਹਾਂ ਕੱਢੀਆਂ ਤੇ ਉਸ ਨੂੰ ਕੁੱਟਿਆ। ਗੁੱਸੇ ਵਿਚ ਉਸ ਨੇ ਕੱਲ੍ਹ ਰਾਤੀਂ ਘਰ ਛੱਡ 'ਤਾ, ਤੇ ਪਤਾ ਨਹੀਂ ਕਿੱਥੇ ਚਲੀ ਗਈ। ਸਾਰੀ ਜ਼ਿੰਦਗੀ ਦੀ ਮਿਹਨਤ ਦਾ ਇਹੋ ਫਲ ਮਿਲਿਆ। ਕਿਸ ਨੂੰ ਪਤਾ ਸੀ ਕਿ ਉਹ ਨਦੀ ਵਿਚ ਜਾ ਕੇ ਪਨਾਹ ਲਵੇਗੀ।'

ਮੇਰੀ ਸਮਝ ਵਿਚ ਕੁਝ ਵੀ ਨਹੀਂ ਆਇਆ, ਕਿਉਂਕਿ ਉਥੇ ਕੋਈ ਲਾਸ਼ ਨਹੀਂ ਪਈ ਸੀ। ਮੈਨੂੰ ਭੁੱਖ ਲੱਗੀ ਸੀ। ਦੁਪਹਿਰ ਦੇ ਖਾਣੇ ਵਿਚ ਕੁਝ ਦੇਰ ਹੋ ਗਈ ਸੀ। ਮੈਂ ਫਟਾਫਟ ਜੁੱਤੀਆਂ ਪਾਈਆਂ ਤੇ ਜਾਣ ਲਈ ਮੁੜਿਆ।

ਭੀੜ ਨੂੰ ਅਚਾਨਕ ਖਿਲਰਦੇ ਦੇਖ ਮੈਨੂੰ ਹੈਰਾਨੀ ਹੋਈ। ਲੋਕੀਂ ਆਪਣੇ ਕੰਮ 'ਤੇ ਮੁੜ ਗਏ ਜਾਂ ਆਪਣੇ ਰਸਤੇ ਪੈ ਗਏ। 'ਤਾਂ ਇਹ ਗੱਲ ਸੀ।' ਕੁਝ ਲੋਕ ਮੈਨੂੰ ਉਲਾਂਭੇ ਜਿਹੇ ਨਾਲ ਦੇਖ ਰਹੇ ਸੀ। ਮੈਨੂੰ ਸਮਝ ਨਹੀਂ ਆਇਆ ਕਿ ਮੈਂ ਰੋਵਾਂ ਜਾਂ ਹੱਸਾਂ।

ਅਚਾਨਕ ਮੈਨੂੰ ਅਹਿਸਾਸ ਹੋਇਆ ਕਿ ਮੈਂ ਸਿਰਫ਼ ਆਪਣੀਆਂ ਜੁੱਤੀਆਂ ਪਾ ਕੇ ਨਹੀਂ ਜਾ ਰਿਹਾ, ਸਗੋਂ ਉਨ੍ਹਾਂ ਦੀ ਗੱਪ-ਸ਼ੱਪ ਦਾ ਵਿਸ਼ਾ ਵੀ ਲੈ ਜਾ ਰਿਹਾ ਹਾਂ।

*ਅਨੁਵਾਦਕ : ਡਾ. ਸ਼ਿਆਮ ਸੁੰਦਰ ਦੀਪਤੀ*

## ਗ਼ਜ਼ਲਾਂ/ਸੁਲੱਖਣ ਸਰਹੱਦੀ

1. ਜੀਵਨ-ਰਣ ਵਿਚ ਖੰਡੇ ਖੜਕਣ ਠਿੱਬੀਆਂ, ਹੁਝਾਂ, ਆਰਾਂ, ਧੱਕੇ।
ਬਾਬੇ ਕਹਿਣ ਭਗੌੜਾ ਹੋ ਜਾਹ 'ਬੇਗ਼ਮ ਪੁਰ' ਦੇ ਚੜ੍ਹ ਜਾਹ ਜੱਕੇ।

ਮੋਮਨ ਆਖਣ ਅਈਧਰ ਆਜਾ, ਕਾਫਿਰਾਂ ਵਿਚ ਕੀ ਖਾਨਾਂ ਧੱਕੇ?
ਜੰਨਤ ਵਿਚ ਸ਼ਰਾਬ ਦਿਆਂਗੇ ਕੱਚੀਆਂ ਕਲੀਆਂ 'ਤੇ ਫਲ ਪੱਕੇ।

ਦਿਹੁੰ ਢਲਿਆ ਤਿਰਕਾਲਾਂ ਪਈਆਂ ਹੱਡਾਂ ਤੀਕਰ ਚੀਰਨ ਠੱਕੇ,
ਬੁਲਿਆ ਸੂਰਜ ਬੁਝਦੇ ਜਾਂਦੇ ਉਗਦੇ ਆਉਂਦੇ ਕੁੰਭ ਤੇ ਮੱਕੇ।

ਆਪਣੇ ਹੱਥਾਂ ਦੇ ਰੁੱਖ ਲਾਏ ਛਾਵਾਂ ਚੱਬਦੇ ਅੱਗ ਵਰ੍ਹਾਉਂਦੇ,
ਦਿੱਲੀ ਵੱਲ ਕਬੂਤਰ ਤੋਰੇ ਰਾਹ ਵਿਚ ਸ਼ਿਕਰੇ ਬਣਦੇ ਤੱਕੇ।

ਪਾਕਿ-ਪਵਿੱਤਰ ਵਾਅਦੇ ਟੁੱਟੇ, ਹਰ ਇਕ ਆਸ ਉਮੀਦ ਮਰੀ ਹੈ,
ਗੁੰਗਾ ਹੋਇਆ ਜਲ੍ਹਿਆਂ ਵਾਲਾ, ਭਗਤ ਸਰਾਭੇ ਹੱਕੇ ਬੱਕੇ।

ਪੱਥਰ ਜਦ ਬਣ ਜਾਣ ਅਕੀਦੇ, ਕਿੰਜ ਅਕੀਦਤ ਸਾਂਭੇ ਕੋਈ?
ਸੁੱਟ ਪਰ੍ਹਾਂ ਵੀ ਗੰਗਾ ਜਲੀਆਂ, ਇਹ ਤਾਂ ਪਾਣੀ ਹੈਣ ਤਰੱਕੇ।

ਤੇਰੇ ਨਾਲ ਕੀ ਖੇਡ ਅਸਾਡੀ? ਦੁਹਰੀਆਂ ਤਿਹਰੀਆਂ ਤਾਸ਼ਾਂ ਤੈਥੋਂ,
ਹਰ ਵੇਰਾਂ ਹੀ ਸਾਨੂੰ ਦੁੱਕੀਆਂ, ਤੈਨੂੰ ਹਰ ਵੇਰਾਂ ਹੀ ਜੱਕੇ।

ਜ਼ੁਲਮ ਦੀ ਬੇਸ਼ਕ ਹੱਦ ਨਾ ਹੁੰਦੀ ਸਹਿਣ ਦੀ ਐਪਰ ਹੱਦ ਹੁੰਦੀ ਹੈ,
ਹੱਥ ਲਾਇਆਂ ਵੀ ਫਿੱਸ ਪੈਣੇ ਈ, ਲੋਕੀਂ ਨੇ ਹੁਣ ਫੋੜੇ ਪੱਕੇ।

ਆਪਣਿਆਂ ਵਿਚ ਸਾਜਿਸ਼ ਪਲਦੀ ਹੁਣ ਤਾਂ ਹੱਥਾਂ ਦੀ ਛਾਂ ਬਲਦੀ,
ਮੈਨੂੰ ਲਾ ਲੈ ਗਲ ਸਰਹੱਦੀ ਸ਼ੌਂਕ ਨੇ ਜ਼ਖ਼ਮੀ ਪੈਰ ਨੇ ਪੱਕੇ।

2.

ਬਿਜੜੇ ਦਾ ਘਰ ਢਾਹ ਕੇ ਉਸਨੂੰ ਸਬਕ ਸਿਖਾਉਣਾ ਚਹੁੰਦਾ ਹੈ।
ਬਾਂਦਰ ਆਪਣੀ ਬੇ-ਹੁਨਰੀ ਦਾ ਹੁਨਰ ਵਿਖਾਉਣਾ ਚਹੁੰਦਾ ਹੈ।

ਆਪਣੀ ਅਕਲ-ਲਤੀਫੀ ਵਾਲਾ ਐਸਾ ਭਰਮ ਪਿਆ ਉਸਨੂੰ,
ਹੁਣ ਉਹ ਖੁਦ ਨੂੰ ਛੱਡ ਕੇ ਸਭ 'ਤੇ ਕਾਟੇ ਲਾਉਣਾ ਚਹੁੰਦਾ ਹੈ।

ਜੰਗਲ ਤਾਂ ਹਰ ਬਾਂਸ ਦੀ ਬੰਸਰੀ ਹੀ ਬਣਵਾਉਣੀ ਚਹੁੰਦਾ ਸੀ,
ਉਹ ਤਾਂ ਸ਼ਹਿਰ ਹੈ ਜੋ ਬਾਂਸਾਂ ਨੂੰ ਚੁੱਲ੍ਹੇ ਡਹੁਣਾ ਚਹੁੰਦਾ ਹੈ।

ਜਿਸ ਬੰਦੇ ਨੇ ਭਾਂਬੜ ਫੜ ਕੇ ਦੀਵਾ ਦੀਵਾ ਕਰ ਦਿੱਤੇ,
ਉਸ ਨੂੰ ਵੀ ਬਦਮਗਜ਼ ਹਨੇਰਾ ਸਹਿਜ ਸਿਖਾਉਣਾ ਚਹੁੰਦਾ ਹੈ।

ਜ਼ੁਲਮ ਦੇ ਪੱਥਰ ਝੱਲਦਾ ਬੰਦਾ ਪਥਰ ਹੀ ਨਾ ਹੋ ਜਾਵੇ?
ਨਾ ਇਹ ਦਰਦ ਸੁਣਾਉਂਦਾ ਹੈ ਨਾ ਜ਼ਖ਼ਮ ਵਿਖਾਉਣਾ ਚਹੁੰਦਾ ਹੈ।

ਸ਼ਹਿਰ ਤੇਰਾ ਕਿੱਦਾਂ ਦਾ ਹੋਇਆ ਨਾ ਨਫਰਤ ਨਾ ਮੋਹ ਏਥੇ,
ਲਗਦਾ ਹੈ ਦਿਲ ਵਾਲਿਆਂ ਉਤੇ ਜਜ਼ੀਆ ਲਾਉਣਾ ਚਹੁੰਦਾ ਹੈ।



ਇਕ ਹੱਥ ਸ਼ੀਸ਼ਾ ਦੂਜੇ ਪੱਥਰ ਦੰਦਾਂ ਹੇਠ ਕਚੀਚੀਆਂ ਨੇ,
ਪਾਗਲ ਲਈ ਇਹ ਹਿੰਦੀਆਂ ਤਾਈਂ ਸਹਿਣ ਸਿਖਾਉਣਾ ਚਹੁੰਦਾ ਹੈ।

ਇਸ ਨੂੰ ਆਖੋ ਰੁਕ ਜਾਵੇ ਪਲ ਕਾਹਨੂੰ ਉਂਗਲਾਂ ਬਾਲ ਰਿਹੈ?
ਝੱਖੜੀ ਬਾਲ ਕੇ ਨੰਗੇ ਦੀਵੇ ਕੀ ਦਰਸਾਉਣਾ ਚਹੁੰਦਾ ਹੈ।

ਚੁੱਪ ਦੀ ਬੁੱਕਲ ਮਾਰ ਕੇ ਕਦ ਤਕ ਬੈਠ ਸਕੇਂਗਾ ਸਰਹੱਦੀ
ਪਿਘਲੇ ਸ਼ਬਦਾਂ ਦਾ ਜਦ ਲਾਵਾ ਮੂੰਹ ਨੂੰ ਆਉਣਾ ਚਹੁੰਦਾ ਹੈ।

3.

ਜਦੋਂ ਵੀ ਖੁੱਲ੍ਹਾਂ ਦੇ ਨਾਂ 'ਤੇ ਪੁਕਾਰਾਂ ਉੱਚੀਆਂ ਚੜ੍ਹੀਆਂ।
ਗੁਲਾਮਾਂ ਦੇ ਜੰਜ਼ੀਰਾਂ ਨੂੰ ਤਾਂ ਮਿਲੀਆਂ ਹੋਰ ਦੋ ਕੜੀਆਂ।

ਸਮਾਂ ਜਦ ਹਿੱਕ ਫੋਲੇਗਾ ਤਾਂ ਤੈਥੋਂ ਜਰ ਨਹੀਂ ਹੋਣਾ,
ਬੜੇ ਨੇ ਕਰਬਲਾ ਇਸ ਵਿਚ ਬਹੁਤ ਚਮਕੌਰਨਾਂ ਗੜ੍ਹੀਆਂ।

ਉਹ ਵੀ ਹਨ ਅਮਰਤਾ ਲੱਭਦੇ ਸਦੀਵੀ ਲੋਚਦੇ ਹੋਣਾ,
ਜਿਨ੍ਹਾਂ ਨੇ ਵਕਤ ਦੇ ਨਾਂ 'ਤੇ ਹਮੇਸ਼ਾਂ ਤਿਤਲੀਆਂ ਫੜੀਆਂ।

ਤਲਿਸਮ ਧਰਮੀਆਂ ਕੀਤਾ ਕਿਤਾਬਾਂ ਕੀਤੀਆਂ ਗਿਰਧਰ,
ਉਨ੍ਹਾਂ ਨੂੰ ਸ਼ਬਦ ਕੀ ਪੋਂਹਦਾ ਜਿਨ੍ਹਾਂ ਬਸ ਬਾਣੀਆਂ ਪੜ੍ਹੀਆਂ।

ਨਾ ਮਜ਼ਹਬ ਹੀ, ਨਾ ਵਾਹਘੇ ਹੀ, ਜਮੀਰਾਂ ਬਦਲ ਸਕਦੇ ਸਨ,
ਤੁਸੀਂ ਹੋ ਪੂਜਦੇ ਕਬਰਾਂ ਅਸੀਂ ਵੀ ਪੂਜੀਏ ਮੜ੍ਹੀਆਂ।

ਜੋ ਅੱਖਾਂ ਹੁੰਦਿਆਂ ਅੰਨ੍ਹੇ ਜੋ ਜੀਭਾਂ ਹੁੰਦਿਆਂ ਗੁੰਗੇ,
ਤੇਰੇ ਬੰਦਿਆਂ 'ਤੇ ਮੌਲਾ ਤੇਰੀਆਂ ਹਨ ਰਹਿਮਤਾਂ ਬੜੀਆਂ।

ਖਿੜੇ ਮੱਥੇ ਮੁਸੀਬਤ ਨੂੰ ਮਿਲਿਆਂ 'ਵਕਤ' ਕੱਟਦੇ ਨੇ,
ਮੁਸੀਬਤ ਆ ਬਣੇ ਤਾਂ ਰੋਂਦਿਆਂ ਕਦ ਕੱਟੀਆਂ ਘੜੀਆਂ!

ਉਨ੍ਹਾਂ ਨੇ ਸਉਣ ਕੀ ਕਰਨਾ ਦਿਹਾੜੀ ਮਰਨੀ ਜਿਨ੍ਹਾਂ ਦੀ,
ਜਿਨ੍ਹਾਂ ਸਿਰ ਗੋਹਾ ਵਗਦਾ ਹੈ ਜਿਨ੍ਹਾਂ ਸਿਰ ਤਿੜਕੀਆਂ ਕੜੀਆਂ।

ਸਮੇਂ ਦੇ ਨਾਲ ਸਰਹੱਦੀ ਬਦਲ ਜਾਂਦੇ ਨੇ ਸਾਰੇ ਰੰਗ,
ਸਦਾ ਨਾ ਰੂਪ ਰੰਗ ਮਾਪੇ ਸਦਾ ਨਾ ਛਾਵਾਂ ਸਿਰ ਖੜੀਆਂ।

4.

ਮ਼ਹਿਲਾਂ ਸੋਨਾ ਢਾਲਣਾ ਫਿਰ ਲਿਖਣਾ ਸਰਕਾਰ।
ਢੋਕਾਂ ਕੋਲਿਆਂ ਨਾਲ ਹੀ ਲਿਖ ਦਿੱਤਾ ਬਦਕਾਰ।

ਲੋਕਾਂ ਜਦ ਲਲਕਾਰਿਆ ਫੜ ਲਉ ਭ੍ਰਿਸ਼ਟਾਚਾਰ,
ਭ੍ਰਿਸ਼ਟਾਚਾਰ ਅਛੋਪਲੇ ਬਣ ਗਿਆ ਸ੍ਰਿਸ਼ਟਾਚਾਰ।

ਇਕ ਪਾਸੇ ਬਘਿਆੜ ਹੈ ਦੂਜੇ ਪਾਸੇ ਸ਼ੇਰ,
ਦੋਹਾਂ 'ਚੋਂ ਇਕ ਚੁਣਨ ਦਾ ਭੇਡਾਂ ਨੂੰ ਅਧਿਕਾਰ

ਛੱਡ ਪਰਾਂ ਕਿਰਦਾਰ ਤੂੰ ਵੇਖ ਮੇਰੀ ਦਸਤਾਰ,
ਮੇਰੇ ਬਾਰੇ ਵੇਖ ਤੂੰ ਕੀ ਲਿਖਦੀ ਅਖ਼ਬਾਰ।

ਵੱਜਣ ਲੱਖਾਂ ਸੀਟੀਆਂ ਕੂਕਣ ਪਹਿਰੇਦਾਰ,
ਚੋਰਾਂ ਕੀ ਖੌਫ਼ ਹੈ ਚੋਰਾਂ ਦੀ ਸਰਕਾਰ,

ਗਰੀਬ ਦੇ ਘਰ 'ਚੋਂ ਮੁਕ ਗਈ ਜਦ ਰੋਟੀ ਤੇ ਦਾਲ਼,
ਹਾੜਬੇ ਨੇਤਾ ਪ੍ਰੈੱਸ ਲਈ ਉਸ ਦੀ ਧੀ ਮੁਟਿਆਰ।

ਕਦ ਤੱਕ ਅੰਦਰ ਸਿੱਲ ਵਿਚ ਝੱਲੇਂਗਾ ਸੰਤਾਪ?
ਬਾਹਰ ਨੇ ਧੁੱਪਾਂ ਲਿਸ਼ਕੀਆਂ ਚੱਲ ਉੱਠ ਚੱਲੀਏ ਬਾਹਰ।

ਸਰਹੱਦੀ ਦੀ ਗੁਫਤਗੂ ਜਿੱਦਾਂ ਬਲ਼ਦੀ ਲਾਟ,
ਦੀਵੇ ਹੇਠ ਹਨੇਰ ਹੈ ਪਰ ਉਸ ਦੀ ਗੁਫਤਾਰ,

ਕਿਸ ਵੇਲੇ ਸਰਹੱਦੀਆ ਬਣ ਗਿਉਂ ਸੂਹਾ ਫੁੱਲ?
ਮੇਰੇ ਚਾਰ ਚੁਫੇਰ ਹੈ ਅੱਗ ਦਾ ਗਰਮ ਬਾਜ਼ਾਰ,

## ਹਰਦਿਆਲ ਸਾਗਰ/ਦੋ ਗ਼ਜ਼ਲਾਂ

1. ਹੈ ਲੰਘੀ ਜ਼ਿੰਦਗੀ ਵੀ ਜੋ ਅਸਾਡੇ ਨਾਲ ਖਹਿਸਰ ਕੇ।
ਕਦੀ ਕਬਰਾਂ, ਕਦੀ ਸਿਵਿਆਂ 'ਚ ਜਾ ਦੁਬਕੇ ਅਸੀਂ ਡਰਕੇ।

ਸੀ ਖੋਲ੍ਹਣ ਜਾ ਰਹੇ ਬੂਹਾ ਜ਼ਿਦੀ ਖ਼ਾਤਰ ਦੁਆ ਕਰਕੇ।
ਉਹ ਵਾਪਸ ਮੁੜ ਗਿਆ ਦਹਿਲੀਜ਼ 'ਤੇ ਇਕ ਹਾਦਸਾ ਧਰ ਕੇ।

ਇਨ੍ਹਾਂ ਅਰਥਾਂ ਨੇ ਉਦੋਂ ਵੀ ਹੈ ਏਦਾਂ ਮਹਿਕਦੇ ਹੋਣਾ,
ਜਦੋਂ ਵਿਕ ਜਾਣਗੇ, ਫਟ ਜਾਣਗੇ, ਰੁਲ਼ ਜਾਣਗੇ ਵਰਕੇ।

ਉਦਾਸੀ ਦੇ, ਇਕੱਲਤਾ ਦੇ, ਕਿਨਾਰੇ ਆਣ ਲੱਥਣਗੇ,
ਜਦੋਂ ਹੜ੍ਹ ਜਾਣਗੇ ਇਹ ਲੋਕ ਜਿਸਮਾਂ ਦੀ ਨਦੀ ਤਰ ਕੇ।

ਕਦੀ ਧਮਕੀ, ਕਦੀ ਖ਼ੰਜਰ, ਕਦੀ ਕਾਤਿਲ ਜਿਹੀ ਜਾਪੇ,
ਅਸੀਂ ਜਿਸ ਚੀਜ਼ ਵਲ ਵੀ ਵੇਖਦੇ ਹਾਂ ਹੁਣ ਨਜ਼ਰ ਭਰ ਕੇ।

2. ਪੇਟ ਭੁੱਖਾ ਜਿਸਮ ਨੰਗਾ ਜ਼ਿਹਨ ਮੁਰਦਾ ਹੋ ਗਿਆ।
ਹੋ ਗਿਆ, ਸਾਡਾ ਤਿਰੰਗਾ ਹੋਰ ਉੱਚਾ ਹੋ ਗਿਆ।

ਕਿਸ ਤਰ੍ਹਾਂ ਦਾ ਦੌਰ ਹੈ ਇਸ ਦੌਰ ਵਿਚ ਹਰ ਖ਼ਾਬ ਹੀ,
ਔਂਤਰੇ ਬੰਦੇ, ਨਿਪੱਤਰੇ ਰੁੱਖ ਵਰਗਾ ਹੋ ਗਿਆ।

ਹੋਰ ਉੱਚੀ ਹੋ ਗਈ ਹਰ ਇਕ ਇਮਾਰਤ ਸ਼ਹਿਰ ਦੀ,
ਸ਼ਹਿਰ ਦਾ ਹਰ ਆਦਮੀ ਕੁਝ ਹੋਰ ਬੌਣਾ ਹੋ ਗਿਆ।

ਗੂੰਜਦੈ, ਬੱਸ ਜਿਸਮ ਦੇ ਗੁੰਬਦ 'ਚ ਹੀ ਜੋ ਗੂੰਜਦੈ,
ਇਸ਼ਕ ਉਹ ਨਾਪਾਕ, ਉਹ ਗੁਸਤਾਖ਼ ਫ਼ਿਕਰਾ ਹੋ ਗਿਆ।

ਇਸ ਸਰਾਪੇ ਮੁਲਕ ਦੀ ਪਹਿਚਾਣ ਹੈ, ਹਰ ਆਦਮੀ
ਜਨਮ ਲੈਂਦੇ ਸਾਰ ਹੀ ਗੂੰਗਾ ਤੇ ਬਹਿਰਾ ਹੋ ਗਿਆ।



6. *ਹਰਮਿੰਦਰ ਸਿੰਘ*

ਸਾਨੂੰ ਰਸਤਾ ਦਿੰਦਾ ਕਦੇ ਵੀ ਪਰਬਤ ਨਾ।
ਜੇ ਹਿੰਮਤ ਦੀ ਹੁੰਦੀ ਸਿਰ 'ਤੇ ਰਹਿਮਤ ਨਾ।

ਮੇਘ ਨਿਮਾਣੇ ਥਲ ਤੇ ਲਾਈ ਛਹਿਬਰ ਨਾ।
ਪਿਆਸ ਅਸਾਡੇ ਮਨ 'ਚੋਂ ਹੋਈ ਰੁਖ਼ਸਤ ਨਾ।

ਨੰਗੀ ਹੋ ਕੇ ਨੱਚਦੀ ਏਦਾਂ ਵਹਿਸ਼ਤ ਨਾ।
ਜੇ ਅੰਗਾਂ ਵਿਚ ਸੁੱਤੀ ਰਹਿੰਦੀ ਬਰਕਤ ਨਾ।

ਹੋਰਾਂ ਨੂੰ ਰੁਸ਼ਨਾਉਂਦੀ ਮਿਹਨਤ ਮਰ ਲੱਥੀ,
ਘਰ ਵਿਚ ਦੀਵਾ ਸੀਖਣ ਦੀ ਸੀ ਉਕਤ ਨਾ।

ਏਸ ਨਗਰ ਨੂੰ ਕਿਸ ਬਿਧ ਰੌਸ਼ਨ ਕਰਨਾ ਹੈ?
ਇਕ ਦੂਜੇ ਦੇ ਤਰਕ 'ਤੇ ਰਹਿਬਰ ਸਹਿਮਤ ਨਾ।

ਮੰਗ ਤੰਗ ਕੇ ਸਾਰੀ ਉਮਰ ਗੁਜ਼ਾਰ ਲਈ,
ਦਿਲ ਵਿਚ ਜਾਗੀ ਹੱਕ ਮੰਗਣ ਦੀ ਹਸਰਤ ਨਾ।

ਕਿਹੜਾ ਆ ਕੇ ਸੁੱਤੇ ਭਾਗ ਜਗਾਵੇਗਾ,
ਜਾਗਣ ਦਾ ਹੀ ਨਾਂ ਲੈਂਦੀ ਜਦ ਖਲਕਤ ਨਾ।

ਦੂਣ ਸਵਾਈ ਫ਼ਲ ਗਈ ਪਾਪ ਕਮਾਈ ਤਾਂ,
ਦਸ ਨਹੁੰਆਂ ਦੀ ਕਾਰ 'ਚ ਦਿਸਦੀ ਬਰਕਤ ਨਾ।

ਆਪਣੇ ਹੁਸਨ ਦਾ ਬਹੁਤ ਭੁਲੇਖਾ ਰਹਿਣਾ ਸੀ,
ਸੱਚੀ ਗੱਲ ਜੇ ਮੂੰਹ 'ਤੇ ਦਸਦਾ ਦਰਪਣ ਨਾ।

*(ਕੋਹਾਰਵਾਲਾ ਫਰੀਦਕੋਟ)*

7. *ਸੁਖਵਿੰਦਰ ਰੰਧਾਵਾ*

ਮੇਰੇ ਪਿੰਡ ਦੀਏ ਨੀ ਜੂਹੇ
ਮੇਰੇ ਲਈ ਨਾ ਢੋਵੀਂ ਬੂਹੇ।

ਪਿੰਡ ਆ ਠੰਡ ਕਲੇਜੇ ਪੈਂਦੀ
ਏਥੋਂ ਜਾ ਕੇ ਜਾਈਨੇ ਲੂਹੇ।

ਦੋ ਮੂੰਹੇ ਸੱਪਾਂ ਦੀ ਦਹਿਸ਼ਤ
ਏਥੇ ਤਾਂ ਬੰਦੇ ਦੋ ਮੂੰਹੇ।

ਅੰਮ੍ਰਿਤ ਸਨ ਜਿਨ੍ਹਾਂ ਦੇ ਪਾਣੀ
ਕਿਸੇ ਤੁਰ ਗਏ ਸਾਂਝੇ ਖੂਹੇ।

ਬਿੱਲੀ ਦੇ ਗਲ ਟੱਲੀ ਬੰਨ੍ਹਣ
ਰਸ ਕੇ ਕਿਉਂ ਨਹੀਂ ਉੱਠਦੇ ਬੂਹੇ।

ਕ੍ਰਾਂਤੀ ਦੇ ਹਰ ਰਾਹ ਦੇ ਉੱਤੇ
ਬਣ ਕੇ ਝੂਲੀਏ ਪਰਚਮ ਸੂਹੇ

ਸ਼ਹਿਰਾਂ 'ਚੋਂ ਵੀ ਅੱਗ ਬੁਝ ਜਾਵੇ,
ਪਿੰਡਾਂ ਨੂੰ ਨਫਰਤ ਨਾ ਛੂਹੇ।

*(ਪੁਰਾਣਾ ਧਾਰੀਵਾਲ, ਗੁਰਦਾਸਪੁਰ)*

8

ਪੰਮਦੀਪ

ਮੋੜ ਕਿਸ 'ਤੇ ਖ਼ੁਦਾ ਆ ਗਏ ਹਾਂ ਅਸੀਂ
ਨਾ ਪਤਾ ਆਪ ਦਾ ਨਾ ਘਰਾਂ ਦੀ ਖ਼ਬਰ,
ਦੂਰ ਤਕ ਰੇਤ ਮਾਰੂਥਲਾਂ ਦੀ ਦਿਸੇ
ਘਿਰ ਗਏ ਹਾਂ ਪਤਾ ਨਾ ਇਹ ਕੈਸੇ ਭੰਵਰ।

ਉਠ ਪਏ ਸਾਂ ਅਸੀਂ ਪਰ ਪਤਾ ਨਾ ਕਦੋਂ
ਭਾਰ ਸਿਰ ਦੇ ਡਿਗੇ ਆ ਧਰਤ 'ਤੇ ਅਸੀਂ,
ਧਾਰ ਤਿੱਖੀ ਹਵਾ ਕਹਿਰ ਕੀਤਾ ਕਦੋਂ
ਨਾ ਪਤਾ ਇਹ ਕਦੋਂ ਖੰਭ ਦਿੱਤੇ ਕੁਤਰ।

ਜ਼ਿਹਨ ਉਸਦੇ 'ਚ ਵੀ ਉੱਗ ਜੰਗਲ ਪਿਆ
ਨਾ ਪਤਾ ਯਾਰ ਕਦ ਉਹ ਖ਼ੁਦਾ ਬਣ ਗਿਆ,
ਕੂਕਦਾ ਸੀ ਸਦਾ ਨਾਲ ਜੋ ਦਰਦ ਦੇ
ਪਾ ਲਿਆ ਮਹਿਲ ਉਸਨੇ ਜਾ ਵੱਡੇ ਨਗਰ।

ਦੂਰ ਸਾਥੋਂ ਸਦਾ ਦੇ ਲਈ ਹੋ ਗਏ
ਯਾਰ ਸਾਰੇ ਉਹ ਸਾਥੋਂ ਖਫਾ ਹੋ ਗਏ,
ਜੋ ਸਦਾ ਸਾਥ ਰਹਿੰਦੇ ਸੀ ਸਾਡੇ ਕਦੇ
ਯਾਰ ਮੁੜਕੇ ਕਦੇ ਨਾ ਉਹ ਆਏ ਨਜ਼ਰ।

ਪੀ ਲਏ ਸਭ ਨਦੀਆਂ ਦੇ ਪਾਣੀ ਉਨ੍ਹਾਂ
ਖਾ ਲਈ ਡਾਲ ਰੁੱਖਾਂ ਦੀ ਹਰ ਇਕ ਹਰੀ,
ਵਿਕ ਰਹੀ ਹੈ ਹਵਾ ਜਦ ਬਲੂਨਾ 'ਚ ਤਾਂ
ਕੀ ਕਹਾਂ ਫਿਰ ਨਗਰ ਦਾ, ਜੋ ਹੋਵੇ ਹਸ਼ਰ।

ਉਹ ਜੋ ਕਹਿਣਾ ਸੀ ਉਸਤੋਂ ਕਿਹਾ ਨਾ ਗਿਆ
ਦੇਖ ਉਸਦਾ ਹਸ਼ਰ ਵੀ ਰਿਹਾ ਨਾ ਗਿਆ,
'ਦੀਪ' ਜਲਦੀ ਸ਼ਮਾ 'ਤੇ ਟਿਕਾ ਹੱਥ ਨੂੰ
ਯਾਰ ਆਪਣੇ ਦੇ ਵਲ ਇੰਝ ਮਾਰੀ ਨਜ਼ਰ।

9.

ਤੀਰ ਤਲਵਾਰ ਖੰਜਰ ਉਠਾਵਣ ਖ਼ੁਦਾ
ਹੁਣ ਨਹੀਂ ਉਠਦੇ ਹੱਥ ਦੁਆ ਦੇ ਲਈ,
ਹਰ ਬਦਨ ਬਣ ਗਿਆ ਰਾਖ ਦਾ ਢੇਰ ਹੈ
ਆਦਮੀ ਮਿਟ ਗਿਆ ਹੈ ਸਦਾ ਦੇ ਲਈ

ਇਹ ਜੋ ਚਿਹਰੇ 'ਤੇ ਚਮਕ ਹੈ ਚਾਨਣ ਜਿਹਾ
ਇਹ ਕਿਸੇ ਦੇ ਲਈ ਨਾ ਖ਼ੁਸ਼ੀ ਬਣ ਸਕੂ,
ਜੋ ਹਨੇਰੇ 'ਚ ਕੀਤੀ ਹੈ ਸਾਜ਼ਿਸ਼ ਤੁਸਾਂ
ਬਣ ਸਕੂ ਨਾ ਉਹ ਬੰਸੀ ਖ਼ੁਦਾ ਦੇ ਲਈ।

ਕੂਕ ਉਠੇ ਹੈ ਦਿਲ 'ਚੋਂ ਤੇਰੇ ਵਾਸਤੇ
ਮਸਜਿਦਾਂ, ਮਹਿਲ, ਗਿਰਜੇ ਬਣਾਏ ਕਈ,
ਖ਼ੂਨ ਤੇਰੇ ਦਾ ਜਿਸ ਨਾ ਕਰਜ਼ ਮੋੜਿਆ
ਕੀ ਕਹੇ ਕੋਈ ਐਸੀ ਕਲਾ ਦੇ ਲਈ।

ਹਰ ਗਲੀ ਹਰ ਚੁਰਾਹੇ 'ਚ ਕਾਤਿਲ ਖੜੇ
ਤੀਰ ਤਲਵਾਰ ਹੱਥਾਂ 'ਚ ਖੰਜਰ ਫੜੀ,
ਧੂੜ ਧੁੱਪਾਂ ਜ਼ਹਿਰ ਰਾਖ ਉਡਦੀ ਪਈ
ਰੱਖ ਖੁੱਲ੍ਹੀ ਨਾ ਖਿੜਕੀ ਹਵਾ ਦੇ ਲਈ।

10. ਹਿੰਦੀ ਗ਼ਜ਼ਲ/*ਪ੍ਰੇਮ ਸਾਹਿਲ*

ਵੋ ਦਿਖਾ ਦੇਤਾ ਹੈ ਚਿਹਰਾ, ਦੇਖਨੇ ਵਾਲਾ ਮਗਰ
ਕੋਈ ਮਾਨਸ ਹੈ ਯਾ ਮੌਸਮ ਆਈਨਾ ਹੈ ਬੇਖ਼ਬਰ

ਤਨਜ਼ ਕਰਤੇ ਹੈਂ ਅੰਧੇਰੇ ਜੁਗਨੂੰਓਂ ਕੋ ਦੇਖ ਕਰ
ਰੌਸ਼ਨੀ ਕੇ ਭੀ ਨਿਕਲ ਆਏ ਹੈਂ ਦੇਖੋ ਆਜ ਪਰ

ਇਨ ਉਜਾਲੋਂ ਕੇ ਮੰਜ਼ਰ ਹੋ ਨਾ ਪਾਏਂਗੇ ਸਿਆਹ
ਜ਼ਿਹਨ ਮੇਂ ਜਬ ਤਕ ਸਲਾਮਤ ਹੈਂ ਚਰਾਗ਼ੋਂ ਕੇ ਅਸਰ

ਭੀੜ ਮੇਂ ਚਲਤੇ ਤੋ ਹੈਂ ਇਕ ਦੂਸਰੇ ਕੀ ਬਗਲ ਮੇਂ
ਸਬ ਅਕੇਲੇ ਹੈਂ ਮਗਰ ਕੋਈ ਨਹੀਂ ਹੈ ਹਮਸਫ਼ਰ

ਚਲ ਪੜੇ ਉਠ ਕਰਕੇ ਸਬ ਪੰਛੀ ਘਰੋਂ ਕੀ ਰਾਖ ਸੇ
ਠਾਨ ਕਰ ਕਿ ਨੋਚ ਡਾਲੇਂਗੇ ਅਭੀ ਬਿਜਲੀ ਕੇ ਪਰ

ਮੁੜ ਕੇ ਨਾ ਮੌਲਾ ਅਤਾ ਕਰਨਾ ਕਭੀ ਤੌਫ਼ੀਕ ਯੇ
ਅਪਨੀ ਹੀ ਤਖ਼ਲੀਕ ਸੇ ਜੋ ਫੇਰ ਲੂੰ ਮੈਂ ਭੀ ਨਜ਼ਰ

ਅਗਰਚੇ ਉਠ ਕਰਕੇ ਕੁਛ ਕਹਿਤੀ ਨਹੀਂ ਹੈਂ ਖ਼ਾਮੁਖ਼ਾ
ਉਂਗਲੀਆਂ ਭੂਲੀ ਨਹੀਂ ਹੈਂ ਉਠਨੇ ਕਹਿਨੇ ਕੇ ਹੁਨਰ





ਉਰਦੂ ਨਜ਼ਮ

## ਸੂਲੀ ਤੋਂ ਉਤਰ ਕੇ

ਡਾ. ਅਯੂਬ ਮਿਰਜ਼ਾ

ਮੈਂ ਦਰਦ ਭਰੀ ਰਾਤ ਦੀ ਸੂਲੀ ਤੋਂ
ਉਤਰ ਵੇਖਦਾ ਹਾਂ
ਚਾਰੇ-ਪਾਸੇ ਆਪਣੀ
ਪਥਰਾਈ ਨਜ਼ਰ ਨਾਲ
ਆਪਣੇ ਨੁੱਚੜੇ ਹੋਏ ਬਦਨ ਦੇ
ਹਜ਼ਾਰ ਜ਼ਖ਼ਮਾਂ 'ਚੋਂ ਟਪਕਦੇ ਲਹੂ ਨੂੰ
ਖਲੋਤੀ ਹਵਾ
ਜੰਮੀ ਹੋਈ ਚੁੱਪ ਦੇ
ਖ਼ਾਮੋਸ਼ ਵਰ੍ਹਿਆਂ ਦੇ
ਸੁੱਤੇ ਹੋਏ ਕਤਰਿਆਂ ਨੂੰ
ਮੈਂ ਵੇਖਦਾ ਹਾਂ
ਆਪਣੀ ਪਥਰਾਈ ਨਜ਼ਰ ਨਾਲ !

ਸੂਲੀ ਤੋਂ ਉੱਤਰ ਕੇ ਵੇਖਦਾ ਹਾਂ
ਸਾਰਾ ਸ਼ਹਿਰ ਲਹੂ ਲੁਹਾਣ
ਬੇ-ਇੱਜ਼ਤ
ਕੋਈ ਸ਼ਹੀਦ ਵੀ ਸੁਰਖ਼ਰੂ ਨਹੀਂ
ਸਾਰੇ ਸ਼ੀਸ਼ੇ, ਸਾਰੇ ਮੋਤੀ
ਮੁਹੱਬਤਾਂ ਦੇ ਸੁੱਚੇ ਤੇ ਉੱਚੇ ਖ਼ਿਆਲ
ਲਹੂ-ਲੁਹਾਣ
ਤੜਪਦੇ ਜਿਸਮਾਂ 'ਚੋਂ ਰਿਸਦੇ ਲਹੂ ਨੂੰ
ਦਰਦ ਭਰੀ ਰਾਤ ਦੀ ਗੰਭੀਰਤਾ
ਵੇਖਦਾ ਹਾਂ

ਸੋਚਦਾ ਹਾਂ ਸੂਲੀ ਤੋਂ ਉਤਰ ਕੇ
ਹਨੇਰੀ ਰਾਤ ਦੇ ਕਾਲੇ ਦਿਲ ਵਿਚ
ਹੱਕ ਦਾ ਨੇਜ਼ਾ ਸੰਭਾਲੀ
ਇਕੱਲਾ ਹੀ ਉਤਰ ਜਾਵਾਂ।



## ਕੌਰਵ ਸਭਾ : ਵਿਚਾਰਧਾਰਾਈ ਪ੍ਰਸੰਗ

- ਡਾ. ਕਰਮਜੀਤ ਸਿੰਘ

ਗਲਪਕਾਰ ਮਿੱਤਰ ਸੈਨ ਮੀਤ ਆਪਣੇ 'ਕਟਹਿਰਾ' ਤੇ 'ਤਫ਼ਤੀਸ਼' ਨਾਵਲਾਂ ਕਰਕੇ ਪੰਜਾਬੀ ਜਗਤ ਵਿਚ ਪਹਿਲਾਂ ਹੀ ਚਰਚਿਤ ਨਾਂ ਹੈ। ਉਸ ਨੇ ਭਾਰਤੀ ਨਿਆਂ ਪ੍ਰਬੰਧ ਦੀ ਏਨੀ ਬਾਰੀਕਬੀਨੀ ਨਾਲ ਪੁਣਛਾਣ ਕੀਤੀ ਹੈ ਕਿ ਉਸ ਦੇ ਨਾਵਲ ਸਮੁੱਚੀ ਨਿਆਂ ਪ੍ਰਣਾਲੀ ਦਾ ਇਕ ਦਸਤਾਵੇਜ਼ ਕਰਟੀਕ ਬਣ ਗਏ ਹਨ। ਇਹ ਵੀ ਸੱਚ ਹੈ ਕਿ ਮਿੱਤਰ ਸੈਨ ਮੀਤ ਇਹ ਕੁਝ ਇਸ ਲਈ ਕਰਨ ਦੇ ਯੋਗ ਹੋਇਆ ਹੈ ਕਿ ਉਹ ਆਪ ਸਰਕਾਰੀ ਵਕੀਲ ਤਾਂ ਹੈ ਹੀ ਨਾਲ ਹੀ ਉਸ ਕੋਲ ਇਕ ਦੇਖਣ ਦੀ ਵਿਗਿਆਨਕ ਦ੍ਰਿਸ਼ਟੀ ਵੀ ਹੈ। 'ਕਟਹਿਰਾ' ਤੇ 'ਤਫ਼ਤੀਸ਼' ਪੰਜਾਬ ਦੇ ਅਤਿਵਾਦੀ ਦੌਰ ਦੇ ਪਰਿਪੇਖ ਵਿਚ ਪੁਲਿਸ ਤੇ ਨਿਆਂਪਾਲਿਕਾ ਵੱਲੋਂ ਛੋਟੇ ਅਗਵਾ ਕੀਤੇ ਬੱਚੇ ਦੇ ਅਸਲ ਕਾਤਲ ਨਾ ਲੱਭ ਸਕਣ ਦੀ ਸੂਰਤ ਵਿਚ ਕਾਰਵਾਈ ਦਿਖਾਉਣ ਲਈ ਬੇਦੋਸ਼ਿਆਂ ਨੂੰ ਹੀ ਫਾਂਸੀ ਦੇ ਫੰਦੇ ਤੱਕ ਪਹੁੰਚਾਦਿਆਂ ਦਿਖਾਉਂਦੇ ਹਨ। ਇਹ ਆਪਣੇ ਆਪ ਵਿਚ ਨਿਆਂਪਾਲਿਕਾ ਤੇ ਪੁਲਿਸ ਦੀ ਕਾਰਗੁਜ਼ਾਰੀ ਉੱਪਰ ਏਡਾ ਵੱਡਾ ਵਿਅੰਗ ਹੈ ਜੋ ਕੇਵਲ ਮਿੱਤਰਸੈਨ ਮੀਤ ਦੇ ਹੀ ਹਿੱਸੇ ਆਇਆ ਹੈ। ਇਸੇ ਵਿਅੰਗ ਨੇ ਉਸ ਦੀ ਵੱਖਰੀ ਪਛਾਣ ਬਣਾਈ ਹੈ। ਨਾਵਲ 'ਕੌਰਵ ਸਭਾ' ਨਿਆਂਪਾਲਿਕਾ ਨਾਲ ਜੁੜੇ ਵਿਸ਼ੇ ਦਾ ਹੀ ਵਿਸਤਾਰ ਹੈ। ਇਥੇ ਪ੍ਰਸ਼ਨ ਹੈ ਕਿ ਕਾਨੂੰਨ ਕਿਸਦਾ ਤੇ ਕਿਸ ਲਈ? ਇਸ ਪ੍ਰਸ਼ਨ ਦੀ ਧੁਰੀ ਦੁਆਲੇ ਹੀ ਨਿਆਂਪਾਲਿਕਾ, ਪੁਲਿਸ, ਅਫ਼ਸਰਸ਼ਾਹੀ ਤੇ ਰਾਜਨੀਤਕ ਲੋਕਾਂ ਨੂੰ ਲਪੇਟਿਆ ਗਿਆ ਹੈ।

'ਕੌਰਵ ਸਭਾ' ਦਾ ਪਰਿਪੇਖ ਸੰਸਾਰੀਕਰਣ ਵਲ ਵਧ ਰਹੀ ਤੀਜੀ ਦੁਨੀਆ ਦੀ ਸਥਿਤੀ ਹੈ। ਸੰਸਾਰੀਕਰਣ ਦੇ ਦੌਰ ਦਾ ਅਰਥ ਹੈ ਨਵਸਾਮਰਾਜਵਾਦੀ (ਉੱਤਰਆਧੁਨਿਕਤਾਵਾਦੀ) ਦੌਰ, ਜਿਥੇ ਸਰਦਾਰੀ ਹੈ ਬਦਮਾਸ਼ ਅਮਰੀਕਾ (Rogue States-Noam Chaumaski) ਅਤੇ ਪ੍ਰਧਾਨਤਾ ਹੈ ਵਿੱਤੀ ਪੂੰਜੀ ਦੀ। ਸੰਸਾਰ ਪੱਧਰ ਦੀਆਂ ਰਿਪੋਰਟਾਂ ਇਹ ਦਰਸਾਉਂਦੀਆਂ ਹਨ ਕਿ ਪਿਛਲੇ ਦਸ ਸਾਲਾਂ ਵਿਚ ਸੰਸਾਰੀਕਰਣ ਦਾ ਅਸਲ ਫਾਇਦਾ ਅਮੀਰ ਮੁਲਕਾਂ ਨੂੰ ਹੋਇਆ ਹੈ। ਭਾਰਤੀ ਸੰਦਰਭ ਵਿਚ ਇਹ ਫਾਇਦਾ ਹੋਇਆ ਹੈ ਅਮੀਰ ਲੋਕਾਂ ਨੂੰ ਜਿਨ੍ਹਾਂ ਲਈ ਸਰਕਾਰ ਲਾਹੇਵੰਦ ਪਬਲਿਕ ਸੈਕਟਰ ਨੂੰ ਵੀ ਨਿਲਾਮ ਕਰੀ ਜਾ ਰਹੀ ਹੈ। ਇਸ ਸਾਰੇ ਵਰਤਾਰੇ ਤੋਂ 'ਕੌਰਵ ਸਭਾ' ਦਾ ਕੇਂਦਰੀ ਸ਼ਹਿਰ ਮਾਇਆ ਨਗਰੀ (ਲੁਧਿਆਣਾ) ਵੀ ਅਛੂਤਾ ਨਹੀਂ ਹੈ। ਸੁਚੇਤ ਜਾਂ ਅਚੇਤ ਇਥੋਂ ਦੇ ਕਾਰਖਾਨੇ ਇਸ ਤੋਂ ਪ੍ਰਭਾਵਿਤ ਹਨ।

"ਮਾਹਿਰਾਂ ਨੇ ਸਲਾਹ ਦਿੱਤੀ। ਔਖੇ ਸੌਖੇ ਮਿੱਲ ਚਾਲੂ ਕਰੋ। ਕਦੇ ਵੀ ਹਾਲਾਤ ਸੁਖਾਵੇਂ ਹੋ ਸਕਦੇ ਹਨ। ਮੁਕਾਬਲਾ ਸਖ਼ਤ ਹੋ ਚਲਿਆ ਸੀ। ਮੁਕਾਬਲੇ ਕਾਰਣ ਮਾੜੀਆਂ ਇਕਾਈਆਂ ਨੇ ਫੇਲ੍ਹ ਹੋ ਜਾਣਾ ਸੀ।" (ਕੌਰਵ ਸਭਾ, ਪੰਨਾ-੧੮) "ਦੇਸ਼ ਦੇ ਚਲਦੇ ਮੰਦਵਾੜੇ ਦਾ ਮਾਇਆ ਨਗਰ ਵਿਚ ਸਭ ਤੋਂ ਵੱਧ ਅਸਰ ਹੋਇਆ ਸੀ। ਪਲਾਟਾਂ ਕੋਠੀਆਂ ਦੇ ਰੇਟ ਅਸਮਾਨੋਂ ਡਿੱਗ ਕੇ ਪਾਤਾਲਾਂ ਵੱਲ ਨੂੰ ਚਲੇ ਗਏ ਸਨ। ਲੋਕ ਦਿੱਤੇ ਬਿਆਨੇ ਵਿਚੇ ਛੱਡ ਕੇ ਭੱਜ ਗਏ ਸਨ। (ਪੰਨਾ-੨੫੦) ਇਸ ਪਿਛੋਕੜ ਵਿਚ ਪੰਕਜ ਦਾ ਪਿਉ ਤੇ ਕਮਲ ਦਾ ਪਿਉ ਨਵ-ਧਨਾਢ ਵਜੋਂ ਉਭਰਦੇ ਵਿਖਾਈ ਦਿੰਦੇ ਹਨ। ਜਿਨ੍ਹਾਂ ਦੀਆਂ ਇਕ ਹਜ਼ਾਰ ਗਜ਼ ਦੇ ਪਲਾਟ ਨੂੰ ਲੈ ਕੇ ਆਪਣੀਆਂ ਅੰਤਰ ਵਿਰੋਧਤਾਈਆਂ ਹਨ। ਇਹ ਵਿਰੋਧਤਾਈਆਂ ਨਾਵਲ ਵਿਚ ਕੇਂਦਰੀ ਲੜਾਈ ਦਾ ਕਾਰਣ ਬਣਦੀਆਂ ਹਨ। ਇਸੇ ਸਥਿਤੀ ਵਿਚ ਅਜੈ ਵਰਗੇ ਚੈਂਬਰਜ਼ ਆਫ ਕਾਮਰਸ ਦੇ ਮੈਂਬਰ, ਪੰਕਜ ਦੇ ਦੂਰ ਨੇੜੇ ਦੇ ਸੈਂਕੜੇ ਰਿਸ਼ਤੇਦਾਰ ਤੇ ਸ਼ਹਿਰ ਦੇ ਹੋਰ 'ਪਤਵੰਤੇ ਸੱਜਣ' ਲਾਮਬੰਦ ਹੁੰਦੇ ਦਿਖਾਈ ਦਿੰਦੇ ਹਨ।

ਪੰਕਜ ਹੋਰੀਂ ਚਾਚੇ ਦੇ ਪਰਿਵਾਰ ਨੂੰ ਧਮਕਾ ਕੇ ਰੱਖਣਾ ਚਾਹੁੰਦੇ ਹਨ। ਉਹ ਇਹ ਕੰਮ ਭਾੜੇ ਦੇ

ਭਈਆਂ ਤੋਂ ਕਰਵਾਉਣਾ ਚਾਹੁੰਦੇ ਹਨ। ਭੇਜੀ ਗਈ ਧਾੜ ਡਰਾਉਣ ਧਮਕਾਉਣ ਦੀ ਥਾਂ ਬਹੁਤ ਕੁਝ ਹੋਰ ਵੀ ਕਰ ਆਉਂਦੀ ਹੈ। ਕਮਲ ਦਾ ਕਤਲ ਹੁੰਦਾ ਹੈ, ਨੇਹਾ ਦਾ ਬਲਾਤਕਾਰ ਤੇ ਦੇਵ ਤੇ ਉਸ ਦੀ ਪਤਨੀ ਗੰਭੀਰ ਰੂਪ ਵਿਚ ਜ਼ਖ਼ਮੀ ਹੁੰਦੇ ਹਨ। ਇਕੋ ਹੀ ਪਰਿਵਾਰ ਦੀ ਇਕ ਧਿਰ ਮੁਲਜ਼ਮ ਬਣ ਜਾਂਦੀ ਹੈ। ਮੁਲਜ਼ਮ ਇਸ ਕੇਸ ਵਿਚੋਂ ਨਿਕਲਣ ਲਈ ਕਰੋੜਾਂ ਰੁਪਏ ਖਰਚ ਕਰਦੇ ਹਨ। ਐਮ. ਐਲ. ਏ. ਬਘੇਲ ਸਿੰਘ ਤੋਂ ਲੈ ਕੇ ਵਕੀਲਾਂ, ਅਫ਼ਸਰਾਂ ਜੱਜਾਂ ਤੇ ਹਰ ਉਸ ਕਿਸੇ ਨੂੰ ਪੈਸਾ ਵੰਡਿਆ ਜਾਂਦਾ ਹੈ ਜੋ ਪੰਕਜ ਹੋਰਾਂ ਨੂੰ ਛੁਡਾਉਣ ਵਿਚ ਸਹਾਈ ਹੁੰਦਾ ਹੈ।

'ਕੌਰਵ ਸਭਾ' ਨਾਵਲ ਦੇ ਤਿੰਨ ਭਾਗ ਹਨ। ਹਰ ਭਾਗ ਦੇ ਆਰੰਭ ਵਿਚ ਇਕ ਸੂਤਰ ਵਾਕ ਲਿਖਿਆ ਗਿਆ ਹੈ। ਇਹ ਵਾਕ ਪਾਠਕ ਨੂੰ ਨਾਵਲ ਦੇ ਧੁਰ ਤੱਕ ਲਿਜਾਣ ਵਿਚ ਸਹਾਈ ਹੁੰਦਾ ਹੈ। ਦੂਜੇ ਭਾਗ ਦੇ ਆਰੰਭ ਦਾ ਸੂਤਰ ਵਾਕ ਹੈ -Law is the slave of rich.... ਨਾਵਲ ਦੇ ਅੰਤ ਉੱਪਰ ਮੁਕੱਦਮੇ ਦੇ ਫੈਸਲੇ ਤੋਂ ਇਹ ਗੱਲ ਸਾਬਤ ਵੀ ਹੋ ਜਾਂਦੀ ਹੈ। ਪੰਕਜ ਹੋਰੀਂ ਸਾਫ਼ ਬਰੀ ਹੋ ਜਾਂਦੇ ਹਨ। ਠੇਕੇਦਾਰ ਤੇ ਭਈਆਂ ਨੂੰ ਤਿੰਨ ਤਿੰਨ ਸਾਲ ਦੀ ਸਜ਼ਾ ਹੁੰਦੀ ਹੈ। ਠੇਕੇਦਾਰ ਦੇ ਵਕੀਲ ਦੇ ਕਹਿਣ ਮੁਤਾਬਿਕ ਦੋ ਸਾਲ ਸਜ਼ਾ ਪਹਿਲਾਂ ਹੀ ਭੁਗਤੀ ਗਈ ਹੈ। ਇਕ ਸਾਲ ਦੀ ਸਜ਼ਾ ਸਰਕਾਰ ਵੱਲੋਂ ਮੁਆਫ਼ ਕੀਤੀ ਹੋਈ ਹੈ। ਇਸ ਲਈ ਮੁਲਜ਼ਮਾਂ ਨੂੰ ਅਸਲ ਵਿਚ ਕੋਈ ਸਜ਼ਾ ਹੋਈ ਹੀ ਨਹੀਂ ਹੈ। ਜੋ ਥੋੜ੍ਹੀ ਬਹੁਤੀ ਸਜ਼ਾ ਹੋਈ ਹੈ ਉਹ ਕਤਲ ਕਰਾਉਣ ਵਾਲੇ ਨੂੰ ਨਹੀਂ ਸਗੋਂ ਗਰੀਬ ਭਈਆਂ ਨੂੰ ਹੀ ਹੁੰਦੀ ਹੈ। ਪਹਿਲੇ ਹਿੱਸੇ ਦੇ ਆਰੰਭ ਦਾ ਸੂਤਰ ਵਾਕ ਹੈ,

ਜੋ ਜਿੱਤ ਗਿਆ
ਉਹ ਹਰ ਗਿਆ
ਜੋ ਹਰ ਗਿਆ
ਸੋ ਮਰ ਗਿਆ

ਇਹ ਲੋਕ ਅਖਾਣ ਦਾ ਹੀ ਰੂਪ ਹੈ ਜਿਸ ਅਨੁਸਾਰ ਜਿੱਤਿਆਂ ਦੇ ਕੋਲੇ ਹਾਰਿਆਂ ਦੀ ਸਵਾਹ। ਤੀਜੇ ਹਿੱਸੇ ਦੇ ਮੁੱਢ ਵਿਚ ਦਿੱਤੀਆਂ ਪਾਸ਼ ਦੀਆਂ ਪੰਗਤੀਆਂ ਨਿਹਾ ਤੇ ਉਸ ਪਰਿਵਾਰ ਵੱਲੋਂ 'ਭੋਗੀ ਜੂਨ' ਦੀ ਬਾਤ ਪਾਉਂਦੀਆਂ ਹਨ।

"ਤੁਸਾਂ ਦੇ ਮੰਨਣ ਜਾਂ ਨਾ ਮੰਨਣ ਵਿਚ,
ਕੋਈ ਫਰਕ ਨਹੀਂ ਪੈਂਦਾ
ਇਨ੍ਹਾਂ ਦੁਖਦੇ ਅੰਗਾਂ ਤੇ ਸੱਚ ਨੇ ਇਕ ਜੂਨ ਭੋਗੀ ਹੈ

ਇਹ ਭੋਗੀ ਜੂਨ ਹੈ 'ਸਮੇਂ ਦਾ ਕਰੂਰ ਯਥਾਰਥ'

ਕਈ ਵਾਰ ਅਸੀਂ ਜਾਣੇ ਜਾਂ ਅਣਜਾਣੇ ਮਨੋਇੱਛਤ ਯਥਾਰਥ ਦੀ ਮੰਗ ਕਰਦੇ ਹਾਂ। ਸਾਡਾ ਇਰਾਦਾ ਨੇਕ ਹੁੰਦਾ ਹੈ ਪਰ ਸਾਡੇ ਵੱਲੋਂ ਰਚਨਾ ਵਿਚੋਂ ਕੱਢੇ ਇੱਛਤ ਸਿੱਟੇ ਬਹੁਤ ਦੂਰ ਤੱਕ ਨਾਲ ਨਹੀਂ ਨਿਭਦੇ। ਅਸਲ ਵਿਚ ਅਸੀਂ ਇਹ ਭੁੱਲ ਜਾਂਦੇ ਹਾਂ ਕਿ ਜਦੋਂ ਸਾਹਿਤਕਾਰ ਕਰੂਰ ਯਥਾਰਥ ਪੇਸ਼ ਕਰ ਰਿਹਾ ਹੁੰਦਾ ਹੈ ਤਾਂ ਉਸ ਪੇਸ਼ਕਾਰੀ ਵਿਚ ਹੀ ਉਸ ਦੀ ਉਸ ਨੂੰ ਬਦਲਣ ਦੀ ਇੱਛਾ ਵੀ ਲੁਕੀ ਹੁੰਦੀ ਹੈ ਨਹੀਂ ਤਾਂ ਇੰਨਾ ਲੰਮਾ ਚੌੜਾ ਸਾਂਗ ਭਰਨ ਦੀ ਕੀ ਲੋੜ ਹੈ? ਫਿਰ ਵੀ ਅਸੀਂ ਕਿਤੇ ਨਾ ਕਿਤੇ ਆਸ ਦੀ ਕਿਰਣ ਲੱਭ ਹੀ ਲੈਂਦੇ ਹਾਂ। ਜਿਵੇਂ ਸੂਫ਼ੀ ਅਮਰਜੀਤ ਕਹਿੰਦਾ ਹੈ, "ਫਿਰ ਵੀ ਉਹ ਆਸ ਨੂੰ ਮਰਨ ਨਹੀਂ ਦਿੰਦਾ... ਰਾਮ ਨਾਥ ਜਦੋਂ ਨਿਹਾ ਦੇ ਸਿਰ 'ਤੇ ਹੱਥ ਧਰ ਕੇ ਦਿਲਾਸਾ ਦਿੰਦਾ ਹੋਇਆ ਕਹਿੰਦਾ ਹੈ, "ਹੌਸਲਾ ਰੱਖ ਧੀਏ। ਇਸ ਅਦਾਲਤ ਦਾ ਫੈਸਲਾ ਅੰਤਿਮ ਨਹੀਂ ਹੈ। ਆਪਾਂ ਉਪਰ ਅਪੀਲ ਕਰਾਂਗੇ।" (ਦੇਸ਼ ਸੇਵਕ, ੨੩ ਮਾਰਚ ੨੦੦੩) ਸੂਫ਼ੀ ਅਗਲੀ ਪੰਗਤੀ ਜਾਣ ਬੁੱਝ ਕੇ ਛੱਡ ਜਾਂਦਾ ਹੈ ਜੋ ਅਸਲ ਵਿਚ 'ਸਮੇਂ ਦਾ ਕਰੂਰ ਯਥਾਰਥ' ਹੈ। "ਨਿਹਾ ਦਾ ਮਨ ਰੱਖਣ ਲਈ ਰਾਮ ਨਾਥ ਨੇ ਆਖਿਆ ਜ਼ਰੂਰ।



ਉਂਝ ਉਸ ਨੂੰ ਪਤਾ ਸੀ ਉੱਪਰ ਵੀ ਇਹ ਕੁਝ ਹੋਣ ਵਾਲਾ ਸੀ।" (ਪੰਨਾ ੩੬੬) ਇਹ ਪੰਗਤੀ ਸੂਫ਼ੀ ਦੀ ਫਾਰਮੂਲੇਸ਼ਨ ਨੂੰ ਮੁੱਢੋਂ ਹੀ ਰੱਦ ਕਰ ਦਿੰਦੀ ਹੈ।

ਸਮੁੱਚੇ ਨਾਵਲ ਵਿਚ ਕਾਨੂੰਨ ਦੀ ਸਥਿਤੀ ਨੂੰ ਵੱਖ-ਵੱਖ ਪਾਤਰਾਂ ਦੇ ਵਾਰਤਾਲਾਪਾਂ ਤੇ ਉਨ੍ਹਾਂ ਦੇ ਵਿਹਾਰ ਰਾਹੀਂ ਵਿਸਤਾਰ ਦਿੱਤਾ ਗਿਆ ਹੈ। ਨਿਹਾ ਤੇ ਰਾਮਨਾਥ ਦੀ ਗੁਫ਼ਤਗੂ ਤੋਂ, ਰਾਮ ਨਾਥ ਤੇ ਪ੍ਰਧਾਨ ਦੀ ਬਹਿਸ ਤੋਂ ਅਤੇ ਸਾਧੂ ਸਿੰਘ ਵੱਲੋਂ ਅਦਾਲਤ ਵਿਚ ਕਹੇ ਕੁਝ ਵਾਕ ਕਾਨੂੰਨ ਦੀ ਅਜੋਕੀ ਸਥਿਤੀ ਨੂੰ ਵਿਸਤਾਰ ਦਿੰਦੇ ਹਨ। ਇਨ੍ਹਾਂ ਵਿਚੋਂ ਕਾਨੂੰਨ ਦੇ ਕਰਟੀਕ ਦੀ ਸਥਾਪਤੀ ਹੁੰਦੀ ਹੈ। ਇਸ ਕਰਟੀਕ ਅਨੁਸਾਰ ਅਦਾਲਤਾਂ ਵਿਚ ਸੱਚ ਬੋਲਣ ਨਾਲ ਦੋਸ਼ੀ ਬਰੀ ਹੁੰਦੇ ਹਨ। ਜੇ ਉਹ ਝੂਠ ਬੋਲਣ ਤਾਂ ਵੀ ਨਿਰਦੋਸ਼ ਸਜ਼ਾ ਖਾ ਜਾਂਦੇ ਹਨ। (ਪੰਨਾ-੨੯੯) ਸੱਚ ਘੜੀ ਪਰਿਭਾਸ਼ਾ ਵਿਚ ਫਿੱਟ ਹੀ ਨਹੀਂ ਹੁੰਦਾ। ਇਕ ਝੂਠ ਲਈ ਕਈ ਹੋਰ ਝੂਠ ਬੋਲਣੇ ਪੈਂਦੇ ਹਨ। ਮਾਮਲਾ ਸ਼ੱਕੀ ਬਣ ਜਾਂਦਾ ਹੈ ਤੇ ਇਉਂ ਮੁਜਰਮ ਬਰੀ ਹੋ ਜਾਂਦੇ ਹਨ। ਕਾਨੂੰਨ ਮੁਦੱਈ ਵੱਲ ਨਾ ਹੋ ਕੇ ਮੁਲਜ਼ਮ ਵੱਲ ਹੈ। ਮੁਦੱਈ ਦੇ ਮਨੁੱਖੀ ਅਧਿਕਾਰਾਂ ਨਾਲੋਂ ਮੁਲਜ਼ਮ ਦੇ ਮਨੁੱਖੀ ਅਧਿਕਾਰਾਂ ਦੀ ਚਿੰਤਾ ਵਧੇਰੇ ਕੀਤੀ ਜਾਂਦੀ ਹੈ। (ਪੰਨਾ ੨੯੮) ਕਾਨੂੰਨ ਦੀ ਪੜ੍ਹਾਈ ਸਮੇਂ ਵਿਦਿਆਰਥੀਆਂ ਨੂੰ ਪੜ੍ਹਾਇਆ ਇਹ ਜਾਂਦਾ ਹੈ ਕਿ ਵਕੀਲ ਦਾ ਕੰਮ ਕਿਸੇ ਪਾਰਟੀ ਦਾ ਪੱਖ ਪੂਰਨਾ ਨਹੀਂ ਹੁੰਦਾ ਸਗੋਂ ਜੱਜ ਦੀ ਸਚਾਈ ਤੱਕ ਪਹੁੰਚਣ ਵਿਚ ਮੱਦਦ ਕਰਨਾ ਹੁੰਦਾ ਹੈ। ਪਰ ਹੋ ਇਸ ਦੇ ਉਲਟ ਰਿਹਾ ਹੈ। ਵਕੀਲ ਆਪਣੀ ਧਿਰ ਬਚਾਉਣ ਲਈ ਅਸਲੀਅਤ ਛੁਪਾ ਕੇ ਕਾਨੂੰਨ ਨੂੰ ਆਪਣੇ ਹੱਕ ਵਿਚ ਭੁਗਤਾਉਂਦੇ ਹਨ। (ਪੰਨਾ-੩੦੨) ਮੁਕੱਦਮੇ ਦੀ ਵਾਗਡੋਰ ਜੱਜ ਦੇ ਹੱਥ ਨਹੀਂ ਜੋ ਇਨਸਾਫ਼ ਕਰਨ ਦਾ ਦਾਅਵਾ ਕਰਦਾ ਹੈ ਸਗੋਂ ਇਹ ਤਾਂ ਗਵਾਹ ਦੇ ਹੱਥ ਹੈ। ਗਵਾਹ ਕਹੇ ਤਾਂ ਕਤਲ ਹੋਇਆ ਤੇ ਜੇ ਗਵਾਹ ਨੇ ਕਤਲ ਹੁੰਦਾ ਨਹੀਂ ਦੇਖਿਆ ਤਾਂ ਕਤਲ ਨਹੀਂ ਹੋਇਆ। (ਪੰਨਾ-੩੦੫) ਕਾਨੂੰਨ ਮੁਲਜ਼ਮ ਨੂੰ ਧਰਮ ਰਾਜ ਦਾ ਪੁੱਤਰ ਮੰਨਦਾ ਹੈ। (ਪੰਨਾ ੩੪੧) ਇਕ ਨਿਰਦੋਸ਼ ਫਾਂਸੀ ਨਾਲੋਂ ਸੌ ਦੋਸ਼ੀਆਂ ਨੂੰ ਬਰੀ ਕਰਨਾ ਠੀਕ ਮੰਨਿਆ ਜਾਂਦਾ ਹੈ ਪਰ ਸਾਧੂ ਸਿੰਘ ਇਸ ਦੇ ਉਲਟ ਪੁਜ਼ੀਸ਼ਨ ਲੈਂਦਾ ਹੈ। ਉਸ ਅਨੁਸਾਰ "ਸਾਡਾ ਦੇਸ਼ ਕੁਰਬਾਨੀ ਦੇਣ ਵਿਚ ਵਿਸ਼ਵਾਸ ਰੱਖਦਾ ਹੈ। ਸਾਨੂੰ ਪੁਰਾਣੇ ਸਿਧਾਂਤ ਨੂੰ ਬਦਲ ਦੇਣਾ ਚਾਹੀਦਾ ਹੈ। ਸੌ ਦੋਸ਼ੀਆਂ ਨੂੰ ਸਜ਼ਾ ਕਰਾਉਣ ਲਈ ਜੇ ਇਕ ਨਿਰਦੋਸ਼ ਨੂੰ ਫਾਂਸੀ ਚੜ੍ਹਨਾ ਪਵੇ ਤਾਂ ਉਸ ਨੂੰ ਚੜ੍ਹ ਜਾਣਾ ਚਾਹੀਦਾ ਹੈ। (ਪੰਨਾ ੩੪੨)

ਸਮੱਸਿਆ ਇਹ ਹੈ ਕਿ ਨਵੇਂ ਕਾਨੂੰਨਾਂ ਦੀ ਲੋੜ ਤਾਂ ਹੈ ਪਰ ਪੁਰਾਣਿਆਂ ਨੂੰ ਬਦਲੇ ਕੌਣ? ਸਰਕਾਰ? ਉਸ ਦੇ ਆਪਣੇ ਹਿੱਤ ਇਹ ਕਰਨ ਦੀ ਆਗਿਆ ਨਹੀਂ ਦਿੰਦੇ। ਕਾਨੂੰਨਾਂ ਦਾ ਸਮੁੱਚਾ ਢਾਂਚਾ ਸਮੁੱਚੇ ਸਮਾਜਿਕ ਢਾਂਚੇ ਨਾਲ ਜੁੜਿਆ ਹੋਇਆ ਹੈ। ਕਾਨੂੰਨ ਦੇ ਢਾਂਚੇ ਨੂੰ ਬਦਲਣ ਲਈ ਪ੍ਰਧਾਨ ਦਾ ਆਪਣਾ ਤਰਕ ਹੈ। "ਜੇ ਅਸੀਂ ਇਸ ਢਾਂਚੇ ਨੂੰ ਬਦਲਣ ਲਈ ਲੜਾਂਗੇ ਤਾਂ ਜ਼ਰੂਰ ਕਿਸੇ ਦਿਨ ਬਦਲੇਗਾ। ਪਹਿਲਾਂ ਆਵਾਜ਼ ਇਕ ਮੁਕੱਦਮੇ ਵਿਚ ਉੱਠੇਗੀ। ਦੇਖੋ ਦੇਖੀ ਸਭ ਵਿਚ ਉੱਠਣ ਲੱਗੇਗੀ। ਇਕ ਦਿਨ ਇਹ ਆਵਾਜ਼ ਕਚਹਿਰੀ ਵਿਚੋਂ ਨਿਕਲ ਕੇ ਸੜਕਾਂ 'ਤੇ ਆ ਜਾਵੇਗੀ। ਸਰਕਾਰ ਦੇ ਕੰਨ 'ਤੇ ਜੂੰ ਸਰਕੇਗੀ। ਤਖ਼ਤ ਹਿਲਣਗੇ। ਨਵੇਂ ਕਾਨੂੰਨ ਬਣਨਗੇ।" ਪ੍ਰਧਾਨ ਦੇ ਇਨ੍ਹਾਂ ਅਤਿ ਉਤਸ਼ਾਹੀ ਵਿਚਾਰਾਂ ਦੀ ਪੁਣ-ਛਾਣ ਕਰਨੀ ਜ਼ਰੂਰੀ ਹੈ। ਜੇ ਕਚਹਿਰੀਆਂ ਤੋਂ ਬਾਹਰ ਰਾਜਨੀਤਕ ਲੜਾਈ ਨਹੀਂ ਹੋਵੇਗੀ ਤਾਂ ਕਚਹਿਰੀਆਂ ਦੇ ਅੰਦਰ ਦੀ ਲੜਾਈ ਦਾ ਉਹੀ ਹਸ਼ਰ ਹੋਵੇਗਾ ਜੋ ਨਾਵਲ ਵਿਚ ਹੁੰਦਾ ਹੈ। ਇਕ ਕਚਹਿਰੀ ਤੋਂ ਬਹੁਤੀਆਂ ਵੱਲ ਤੇ ਬਹੁਤੀਆਂ ਕਚਹਿਰੀਆਂ ਵੱਲੋਂ ਇਕ ਵੱਲ ਜਿੰਨਾ ਚਿਰ ਦੁਵੱਲੀ ਪ੍ਰਕ੍ਰਿਆ ਦੇ ਨਾਲ ਨਾਲ ਸਮਾਜਿਕ ਢਾਂਚੇ ਨੂੰ ਬਦਲਣ ਦੀ ਲੜਾਈ ਨਹੀਂ ਚਲਦੀ ਉਨੀ ਦੇਰ ਕਿਸੇ ਕਿਸਮ ਦੇ ਗੁਣਾਤਮਿਕ ਪਰਿਵਰਤਨ ਦੀ ਆਸ ਹੀ ਨਹੀਂ ਰੱਖੀ ਜਾ ਸਕਦੀ। ਜੋ ਕੁਝ ਹੋ ਰਿਹਾ ਹੈ ਇਕ ਤਰ੍ਹਾਂ ਦਾ ਗਿਣਾਤਮਿਕ ਪਰਿਵਰਤਨ ਹੈ ਜਿਸ ਦੀ ਆਪਣੀ ਅਹਿਮੀਅਤ ਹੈ ਪਰ ਇਸ ਨੂੰ ਵਧਾ ਚੜ੍ਹਾ ਦੇ ਦੇਖਣ ਦੀ ਲੋੜ ਨਹੀਂ।

ਨਾਵਲ 'ਕੌਰਵ ਸਭਾ' ਵਿਚ ਵਿਕਟਮ ਵੈਲਫੇਅਰ ਸੁਸਾਇਟੀ ਦੀ ਹਾਂ ਪੱਖੀ ਭੂਮਿਕਾ ਹੈ। ਰਾਜਨੀਤਕ ਲਹਿਰ ਦੀ ਅਣਹੋਂਦ ਵਿਚ ਵਿਸ਼ਵ ਪੱਧਰ ਤੇ ਹਜ਼ਾਰਾਂ ਸਵੈ-ਸੇਵੀ ਸੰਸਥਾਵਾਂ ਪੈਦਾ ਹੋ ਗਈਆਂ ਹਨ। ਇਹ ਸੰਸਥਾਵਾਂ ਗੈਰ ਰਾਜਨੀਤਕ ਹੋਣ ਦਾ ਭੁਲੇਖਾ ਪਾਉਂਦੀਆਂ ਹਨ ਅਸਲ ਵਿਚ ਅਜਿਹਾ ਹੈ ਨਹੀਂ। ਸੀਏਟਲ ਤੋਂ ਲੈ ਕੇ ਹੁਣੇ ਜਿਹੇ ੮ ਜੀ ਦੇ ਸੰਮੇਲਨ ਦਾ ਵਿਰੋਧ ਕਰਨ ਵਾਲੀਆਂ ਸਵੈ-ਸੇਵੀ ਸੰਸਥਾਵਾਂ ਨਵਸਮਰਾਜਵਾਦੀ ਏਜੰਡੇ ਦਾ ਵਿਰੋਧ ਕਰ ਰਹੀਆਂ ਹਨ। ਇਹ ਸੰਸਥਾਵਾਂ ਅਚੇਤ ਜਾਂ ਸੁਚੇਤ ਪ੍ਰਗਤੀਵਾਦੀ ਲਹਿਰ ਨਾਲ ਜਾ ਜੁੜਦੀਆਂ ਹਨ। ਵਿਕਟਿਮ ਵੈਲਫੇਅਰ ਸੁਸਾਇਟੀ ਵੀ ਅਜਿਹੀ ਹੀ ਇਕ ਸਵੈ-ਸੇਵੀ ਸੰਸਥਾ ਹੈ ਜੋ ਗਰੀਬਾਂ ਨੂੰ ਹੀ ਨਹੀਂ ਸਗੋਂ ਜ਼ੁਲਮ ਦਾ ਸ਼ਿਕਾਰ ਹੁੰਦੇ ਹਰ ਮਨੁੱਖ ਲਈ ਬਹੁੜਦੀ ਹੈ। ਉਹ ਮਨੁੱਖ ਨਵ-ਧਨਾਢ ਵੀ ਹੋ ਸਕਦਾ ਹੈ। ਜਿਨ੍ਹਾਂ ਅਖੌਤੀ ਸਵੈ-ਸੇਵੀ ਸੰਸਥਾਵਾਂ ਦਾ ਜ਼ਿਕਰ ਨਾਵਲ ਵਿਚ ਆਉਂਦਾ ਹੈ ਉਹ ਸਿੱਧੇ ਜਾਂ ਅਸਿੱਧੇ ਢੰਗ ਨਾਲ ਸੱਤਾ ਪੱਖ ਨਾਲ ਜਾ ਜੁੜਦੀਆਂ ਹਨ। "ਅਖਬਾਰਾਂ ਦੀਆਂ ਸੁਰਖੀਆਂ ਵਿਚ ਰਹਿਣ ਦੀਆਂ ਭੁੱਖੀਆਂ ਕੁਝ ਅਖੌਤੀ ਸਮਾਜ ਸੇਵੀ ਸੰਸਥਾਵਾਂ ਆਪਣਾ ਨਾਂ ਚਮਕਾਉਣ ਲਈ ਮੁਲਜ਼ਮਾਂ ਦੇ ਮਨੁੱਖੀ ਅਧਿਕਾਰਾਂ ਦਾ ਢੰਢੋਰਾ ਪਿਟਦੀਆਂ ਰਹਿੰਦੀਆਂ ਹਨ। 'ਜੇਲ੍ਹਾਂ ਨੂੰ ਆਰਾਮਦਾਇਕ ਬਣਾਉ। ਖਾਣ ਪੀਣ ਵਧੀਆ ਦਿਉ। ਨਹਾਉਣ ਲਈ ਖੁੱਲ੍ਹਾ ਪਾਣੀ ਅਤੇ ਤੇਲ ਸਾਬਣ ਦਿਉ। ਮੁੜ ਵਸੇਬੇ ਦਾ ਇੰਤਜ਼ਾਮ ਕਰੋ। ਯੋਗਾ ਕਰਵਾਉ। ਧਾਰਮਿਕ ਭਾਸ਼ਣ ਕਰਵਾਉ। ਡਾਕਟਰੀ ਸਹੂਲਤਾਂ ਦਿਉ। ਘਰ ਜਾਣ ਦੀ ਛੁੱਟੀ ਦਿਓ। ਗਰੀਬ ਮੁਲਜ਼ਮਾਂ ਨੂੰ ਸਰਕਾਰੀ ਖਰਚੇ ਤੇ ਵਕੀਲ ਕਰਕੇ ਦਿਉ। ਸਜ਼ਾ ਸੁਣਾਉਣ ਤੋਂ ਪਹਿਲਾਂ ਮਿਸਲ ਤੇ ਠੋਸ ਸਬੂਤਾਂ ਦਾ ਹੋਣਾ ਯਕੀਨੀ ਬਣਾਉ।"

ਇਹ ਮੰਗਾਂ ਰੱਖਣ ਵਾਲੀਆਂ ਸੰਸਥਾਵਾਂ ਉੱਪਰ ਕਿੰਤੂ ਹੋ ਸਕਦਾ ਹੈ ਪਰ ਕੀ ਜੇਲ੍ਹ ਵਿਚ ਇਹ ਸਹੂਲਤਾਂ ਨਹੀਂ ਹੋਣੀਆਂ ਚਾਹੀਦੀਆਂ? ਕੀ ਇਹ ਸਹੂਲਤਾਂ ਕੈਦੀਆਂ ਦੇ ਖਾਸ ਵਰਗ ਨੂੰ ਹੋਣੀਆਂ ਚਾਹੀਦੀਆਂ ਹਨ ਤੇ ਕਿਸੇ ਹੋਰ ਵਰਗ ਨੂੰ ਨਹੀਂ ਮਿਲਣੀਆਂ ਚਾਹੀਦੀਆਂ। ਅੰਗਰੇਜ਼ਾਂ ਵਿਰੁੱਧ ਲੜੀ ਆਜ਼ਾਦੀ ਦੀ ਲੜਾਈ ਸਮੇਂ ਵੀ ਜੇਲ੍ਹਾਂ ਵਿਚ ਮਾਨਵੀ ਵਰਤਾਉ ਕਰਨ ਲਈ ਅਨੇਕਾਂ ਅੰਦੋਲਨ ਚਲਾਏ ਗਏ ਸਨ। ਉਨ੍ਹਾਂ ਦਾ ਹੀ ਫਲ ਹੈ ਅੱਜ ਦੀਆਂ ਇਹ ਸਹੂਲਤਾਂ। ਹੁਣ ਕੀ ਇਹ ਮੁਲਜ਼ਮਾਂ ਤੋਂ ਖੋਹ ਲਈਆਂ ਜਾਣੀਆਂ ਚਾਹੀਦੀਆਂ ਹਨ? ਅਨੇਕਾਂ ਸਵਾਲ ਹਨ ਜਿਨ੍ਹਾਂ ਨੂੰ ਡੂੰਘਾਈ ਤੱਕ ਵਿਚਾਰਨ ਦੀ ਲੋੜ ਹੈ। ਚਲੰਤ ਟਿੱਪਣੀ ਨਾ ਹੀ ਕੀਤੀ ਜਾਵੇ ਤਾਂ ਠੀਕ ਰਹੇਗਾ ਨਹੀਂ ਤਾਂ ਅਨੇਕਾਂ ਗਲਤ ਫਹਿਮੀਆਂ ਪੈਦਾ ਹੋ ਸਕਦੀਆਂ ਹਨ। ਨਾਵਲਕਾਰ ਨੇ ਵਿਕਟਮ ਵੈਲਫੇਅਰ ਸੁਸਾਇਟੀ ਨੂੰ ਲੋਕ ਪੱਖੀ ਦਿੱਖ ਵਾਲੀ ਸੰਸਥਾ ਦੇ ਰੂਪ ਵਿਚ ਚਿਤਰਿਆ ਹੈ ਜਦੋਂ ਇਹ ਸੁਸਾਇਟੀ ਕਿਸੇ ਕੇਸ ਨੂੰ ਆਪਣੇ ਹੱਥ ਵਿਚ ਲੈਂਦੀ ਹੈ ਤਾਂ ਉਸ ਦੇ ਸੈਂਕੜੇ ਮੈਂਬਰ ਕੰਮ ਦੀ ਵੰਡ ਕਰਕੇ ਸਰਗਰਮ ਹੋ ਜਾਂਦੇ ਹਨ। ਕੇਸ ਲੜਿਆ ਵੀ ਕਿਸੇ ਪੈਸੇ ਦੇ ਬਗੈਰ ਜਾਂਦਾ ਹੈ। ਪ੍ਰੰਤੂ ਵਿਅੰਗ ਇਹ ਹੈ ਕਿ ਇਸ ਤਰ੍ਹਾਂ ਦੀ ਸਾਰੀ ਸਰਗਰਮੀ ਦੇ ਬਾਵਜੂਦ ਰਾਮਨਾਥ ਦੀ ਭੈਣ ਦੇ ਪਰਿਵਾਰ ਨੂੰ ਇਨਸਾਫ਼ ਨਹੀਂ ਮਿਲ ਸਕਿਆ। ਆਸ ਦੀ ਕਿਰਣ ਇਥੇ ਹੈ ਕਿ ਸੁਸਾਇਟੀ, ਸਾਧੂ ਸਿੰਘ, ਰਾਮਨਾਥ ਤੇ ਪ੍ਰਧਾਨ ਜਿਹੇ ਵਿਅਕਤੀ ਹਾਰ ਕੇ ਵੀ ਨਹੀਂ ਹਾਰਦੇ। ਜੋ ਕੁਝ ਉਨ੍ਹਾਂ ਕੀਤਾ ਹੈ ਉਹ ਵੀ ਕੁਝ ਘੱਟ ਨਹੀਂ ਹੈ।

ਸਾਧੂ ਸਿੰਘ ਜੋ ਕਰਨਾ ਚਾਹੁੰਦਾ ਸੀ ਉਹ ਕੁਝ ਨਹੀਂ ਕਰ ਸਕਿਆ ਪਰ ਉਸ ਨੂੰ ਇਕ ਸੰਤੁਸ਼ਟੀ ਜ਼ਰੂਰ ਹੈ। "ਉਸ ਨੂੰ ਅਫਸੋਸ ਸੀ ਉਹ ਮੁਕੱਦਮੇ ਦਾ ਫੈਸਲਾ ਖੁਦ ਨਹੀਂ ਸੀ ਕਰ ਸਕਿਆ। ਪਰ ਮਨ ਨੂੰ ਤਸੱਲੀ ਸੀ। ਆਪਣੀ ਨਿਯੁਕਤੀ ਦੇ ਆਖਰੀ ਮਿੰਟ ਤੱਕ ਉਹ ਕੇਸ ਨੂੰ ਸਿਰੇ ਚਾੜ੍ਹਣ ਲਈ ਯਤਨ ਕਰਦਾ ਰਿਹਾ ਸੀ। ਫੈਸਲਾ ਨਹੀਂ ਹੋ ਸਕਿਆ ਨਾ ਸਹੀ। ਮੁਦੱਈ ਧਿਰ ਦੀਆਂ ਗਵਾਹੀਆਂ ਸੁੱਖ ਸਾਂਦ ਨਾਲ ਭੁਗਤ ਗਈਆਂ। ਸਫ਼ਾਈ ਧਿਰ ਨੂੰ ਲੱਖ ਯਤਨ ਕਰਨ ਦੇ ਬਾਵਜੂਦ ਮਨਮਾਨੀ ਕਰਨ ਦਾ ਮੌਕਾ ਨਹੀਂ ਮਿਲਿਆ। ਸਾਧੂ ਸਿੰਘ ਦੀ ਇਹ ਪ੍ਰਾਪਤੀ ਘੱਟ ਨਹੀਂ ਸੀ।" (ਪੰਨਾ-੩੫੨) ਅਜਿਹੇ ਲੋਕਾਂ ਦੀ



ਮੌਜੂਦਗੀ ਕਾਰਣ ਹੀ ਇਹ ਧਰਵਾਸ ਬੱਝਦਾ ਹੈ ਕਿ ਸਭ ਕੁਝ ਸਮਾਪਤ ਨਹੀਂ ਹੋਇਆ। ਜਿਥੇ ਅਖੌਤੀ ਸੰਸਥਾਵਾਂ ਮੌਜੂਦ ਹਨ ਉਥੇ ਇਤਿਹਾਸ ਨੂੰ ਪੁੱਠਾ ਗੇੜਾ ਦੇਣ ਵਾਲੀਆਂ ਤੇ ਮਾਨਵੀ ਸੰਕਟਾਂ ਨੂੰ ਵਰਤ ਕੇ ਜਿਉਣ ਵਾਲੀਆਂ ਸੰਸਥਾਵਾਂ ਵੀ ਕਿਸੇ ਤੋਂ ਪਿੱਛੇ ਨਹੀਂ। ਨਾਵਲ ਵਿਚ ਸਹਿਯੋਗ ਸੰਸਥਾ ਤੇ ਇਸ ਦੀ ਯੁਵਾ ਸ਼ਕਤੀ ਇਕਾਈ ਇਸੇ ਤਰ੍ਹਾਂ ਦੀਆਂ ਸੰਸਥਾਵਾਂ ਵਿਚੋਂ ਹੀ ਹਨ। ਸਦੀਆਂ ਪੁਰਾਣੇ ਧਾਰਮਿਕ ਅੰਧ ਵਿਸ਼ਵਾਸਾਂ ਉੱਪਰ ਜਿਉਣ ਵਾਲੀ ਕਲਿਆਣੀ ਮਾਂ ਆਪਣੇ ਆਪ ਨੂੰ ਪਾਰਬਤੀ ਦਾ ਅਵਤਾਰ ਮੰਨਦੀ ਹੈ। ਉਹ ਸਦੀਆਂ ਪੁਰਾਣੀਆਂ ਯੌਗਿਕ ਸਾਧਨਾਵਾਂ ਰਾਹੀਂ, ਅਮੀਰ ਸੁਵਿਧਾ ਭੋਗੀ ਲੋਕਾਂ ਵਿਚ ਸੰਸਥਾ ਦਾ ਵਿਕਾਸ ਕਰਦੀ ਹੈ। ਨਿਹਾ ਦਾ ਬਲਾਤਕਾਰ ਅਜਿਹੀ ਘਟਨਾ ਹੈ ਜੋ ਇਨ੍ਹਾਂ ਆਸਥਾਵਾਂ ਵਿਚ ਛਿਦਰ ਕਰਨੇ ਸ਼ੁਰੂ ਕਰ ਦਿੰਦੀ ਹੈ। ਇਸੇ ਘਟਨਾ ਨੇ ਕਲਿਆਣੀ ਮਾਂ ਵੱਲੋਂ ਖਿੱਚੇ ਗਏ ਕਾਲਪਨਿਕ ਕਵਚ ਨੂੰ ਭੇਦ ਦਿੱਤਾ ਹੈ। ਇਸੇ ਲਈ ਨਿਹਾ, "ਮਾਤਾ ਜੀ ਤੋਂ ਪੁੱਛ ਰਹੀ ਸੀ। ਉਸ ਦੀ ਲਾਡਲੀ ਧੀ ਦਾ ਕਵਚ ਕਿਉਂ ਕੱਚ ਵਾਂਗ ਟੁੱਟ ਗਿਆ? ਉਸ ਦੇ ਭਰਾ ਨੂੰ ਸੁਰੱਖਿਆ ਕਿਉਂ ਨਹੀਂ ਮਿਲੀ? ਉਸ ਦੇ ਪਰਿਵਾਰ ਨੂੰ ਕਿਸ ਪਾਪ ਦੀ ਸਜ਼ਾ ਦਿੱਤੀ ਗਈ ਸੀ? ਪਰ ਮਾਤਾ ਜੀ ਚੁੱਪ ਸਨ।" (ਪੰਨਾ -੧੩੩)

ਨਿਹਾ ਪ੍ਰਤਿ ਸਹਿਯੋਗ ਸੰਸਥਾ ਦੇ ਸਾਥੀਆਂ ਦਾ ਵਿਹਾਰ ਉਸ ਨੂੰ ਹੋਰ ਵੀ ਵਧੇਰੇ ਮਾਨਸਿਕ ਪੀੜਾ 'ਚੋਂ ਗੁਜ਼ਰਨ ਲਈ ਮਜਬੂਰ ਕਰਦਾ ਹੈ। "ਕੁਝ ਸਹਿਯੋਗੀਆਂ ਨੂੰ ਨਿਹਾ ਦੇ 'ਅਪਵਿੱਤਰ' ਹੋਣ ਬਾਅਦ ਕੇਂਦਰ ਆਉਣ 'ਤੇ ਇਤਰਾਜ਼ ਸੀ। ਇਸ ਤਰ੍ਹਾਂ ਆਸ਼ਰਮ ਦੀ ਪਵਿੱਤਰਤਾ ਭੰਗ ਹੁੰਦੀ ਸੀ। (ਪੰਨਾ-੧੧੫) ਉਸ ਦਾ ਧੀਰਜ ਉਸ ਸਮੇਂ ਜਵਾਬ ਦੇ ਜਾਂਦਾ ਹੈ "ਜਦੋਂ ਨਿਹਾ ਨੂੰ ਆਰਤੀ ਲਈ ਬੁਲਾਇਆ ਨਾ ਗਿਆ ਤਾਂ ਉਸ ਦਾ ਆਗਿਆ ਚੱਕਰ ਗੁੱਸੇ ਨਾਲ ਭੱਖ ਉਠਿਆ। ਉਸਦੀਆਂ ਹਥੇਲੀਆਂ ਵਿਚ ਸੇਕ ਨਿਕਲਣ ਲੱਗਾ। ਸਾਰੇ ਸਹਿਯੋਗੀ ਉਸ ਨੂੰ ਹੰਕਾਰੀ ਤੇ ਪਾਖੰਡੀ ਲੱਗੇ। ਕਿਸੇ ਨੇ ਉਸ ਦੀਆਂ ਜ਼ਖ਼ਮੀ ਭਾਵਨਾਵਾਂ ਨੂੰ ਪਲੋਸਣ ਦਾ ਯਤਨ ਨਹੀਂ ਕੀਤਾ। ਉਲਟਾ ਜਾਣ ਬੁੱਝ ਕੇ ਉਸ ਨੂੰ ਛੁਟਿਆਇਆ। (ਪੰਨਾ ੧੧੬) ਇਸ ਸਭ ਦੇ ਪਿਛੋਕੜ ਵਿਚ ਨਿਹਾ ਆਤਮਘਾਤ ਕਰਨ ਦੇ ਰਾਹ ਪੈ ਜਾਂਦੀ ਹੈ। ਇਥੇ ਉਸ ਨੂੰ ਕਲਿਆਣੀ ਨਹੀਂ ਬਚਾਉਂਦੀ ਸਗੋਂ ਉਸ ਦੇ ਵਿਚਾਰਾਂ ਦੇ ਵਿਰੋਧੀ ਨਿਹਾ ਦੇ ਭਰਾ ਕਮਲ ਦੇ ਕਦੇ ਕਹੇ ਸ਼ਬਦ ਬਚਾਉਂਦੇ ਹਨ। ਨਿਹਾ ਸੋਚਣ ਲਈ ਮਜਬੂਰ ਹੋ ਜਾਂਦੀ ਹੈ ਕਿ, "ਕਮਲ ਨੂੰ ਕਤਲ ਕਰ ਦਿੱਤਾ ਗਿਆ ਇਹ ਕਮਲ ਦੀ ਮਜਬੂਰੀ ਸੀ। ਨਿਹਾ ਜਿਉਂਦੀ ਹੋ ਕਿ ਕਿਉਂ ਮਰ ਰਹੀ ਸੀ? ਜੇ ਉਹ ਮਰ ਗਈ ਪਿੱਛੋਂ ਇਕ ਹੋਰ ਮਹਾਭਾਰਤ ਹੋ ਜਾਵੇਗਾ"(ਪੰਨਾ ੧੧੭)

ਕਲਿਆਣੀ ਨਿਹਾ ਨਾਲ ਫੋਨ 'ਤੇ ਗੱਲ ਕਰਕੇ ਉਸ ਉੱਪਰ 'ਮਹਾਨ ਕਿਰਪਾ' ਕਰਦੀ ਹੈ ਜੋ ਉਸ ਨੇ ਇਸ ਤੋਂ ਪਹਿਲਾਂ ਕਿਸੇ 'ਤੇ ਨਹੀਂ ਕੀਤੀ, ਇਸੇ ਲਈ ਨਿਹਾ ਧੰਨ ਧੰਨ ਹੋ ਜਾਂਦੀ ਹੈ। ਉਸ ਦੇ ਸਾਰੇ ਗਿਲੇ ਸ਼ਿਕਵੇ ਦੂਰ ਹੋ ਜਾਂਦੇ ਹਨ। ਕਲਿਆਣੀ ਮਾਂ ਦਾ ਟੈਲੀਫੋਨ ਉਪਦੇਸ਼ ਸੀ, "ਉਹ ਰੱਬ ਦੀ ਰਜ਼ਾ ਵਿਚ ਰਹੇ। ਵਿਧੀ ਦਾ ਲਿਖਿਆ ਅਵਤਾਰ ਖੁਦ ਨਹੀਂ ਟਾਲਦੇ। ਇਹ ਭਾਣਾ ਇੰਝ ਹੀ ਵਰਤਣਾ ਸੀ। ਨਿਹਾ ਕਮਲ ਲਈ ਹੰਝੂ ਨਾ ਵਹਾਏ। ਉਹ ਮਾਤਾ ਜੀ ਦੇ ਚਰਨਾਂ ਵਿਚ ਸੁਰੱਖਿਅਤ ਸੀ। ਨਿਹਾ ਧਿਆਨ ਵਿਚ ਮਨ ਲਗਾਏ। ਮਾਤਾ ਪਿਤਾ ਦੀ ਸੇਵਾ ਕਰੇ। ਭਵਿੱਖ ਵਿਚ ਸਭ ਠੀਕ ਹੋਣ ਵਾਲਾ ਸੀ।" (ਪੰਨਾ-੧੯੯) ਵਿਅੰਗ ਇਹ ਹੈ ਕਿ ਨਾ ਤਾਂ ਨਿਹਾ ਦਾ ਮਨ ਸ਼ਾਂਤ ਹੋਇਆ ਤੇ ਨਾ ਹੀ ਉਸ ਦੇ ਪਰਿਵਾਰ ਨੂੰ ਇਨਸਾਫ਼ ਮਿਲਿਆ। ਇਉਂ ਨਿਹਾ ਦੀ ਹੀ ਨਹੀਂ ਸਗੋਂ ਪਾਠਕ ਦੀ ਭਰਮ ਨਵਿਰਤੀ ਵੀ ਹੋ ਜਾਂਦੀ ਹੈ।

ਸਹਿਯੋਗੀ ਸੰਸਥਾ ਵਾਂਗ ਹੀ ਜੋਤਿਸ਼ ਵੀ ਵਿਅੰਗ ਦਾ ਮਾਰ ਤੋਂ ਨਹੀਂ ਬਚਿਆ। "ਢਾਈ ਮਹੀਨਿਆਂ ਬਾਅਦ ਹਾਲਾਤ ਸੁਧਰਨੇ ਸ਼ੁਰੂ ਹੋਏ ਸਨ। ਪੰਡਿਤ ਦਾ ਆਖਾ ਸੱਚ ਸਾਬਤ ਹੋਣ ਲੱਗਾ ਸੀ। (ਪੰਨਾ ੨੫੮) ਕੁਝ ਦਿਨਾਂ ਬਾਅਦ ਹੀ ਸਭ ਕੁਝ ਉਲਟ ਜਾਂਦਾ ਹੈ। "ਵੈਦ ਪਰਿਵਾਰ ਦੀਆਂ ਖੁਸ਼ੀਆਂ ਦੀ ਉਮਰ ਬਹੁਤ ਲੰਬੀ ਨਹੀਂ ਸੀ।... ਪੁਲਿਸ ਨੇ ਪੰਕਜ ਹੁਰਾਂ ਨੂੰ ਬੇਕਸੂਰ ਕਰਾਰ ਦੇ ਦਿੱਤਾ ਸੀ। ਉਨ੍ਹਾਂ

ਦੇ ਬਾਹਰ ਆਉਣ ਦਾ ਰਾਹ ਪੱਧਰਾ ਹੋ ਗਿਆ ਸੀ।" ਇਉਂ ਸਹਿਯੋਗੀ ਸੰਸਥਾ ਦੇ ਨਾਲ ਨਾਲ ਜੋਤਿਸ਼ ਦੇ ਕੁਲ ਵਿਚਾਰ ਇਕ ਇਕ ਕਰਕੇ ਨਿਰਸਤ ਹੁੰਦੇ ਜਾਂਦੇ ਹਨ। ਅਖੀਰ 'ਤੇ ਸਭ ਕੁਝ ਯਥਾਰਥ ਦੇ ਧਰਾਤਲ 'ਤੇ ਆ ਟਿਕਦਾ ਹੈ। ਮਿੱਤਰ ਸੈਨ ਮੀਤ ਦੀ ਇਥੇ ਵਿਸ਼ੇਸ਼ਤਾ ਇਹ ਹੈ ਕਿ ਉਹ ਦਕਿਆਨੂਸੀ ਵਿਚਾਰਾਂ ਨੂੰ ਉਖਾੜ ਸਿੱਟਣ ਲਈ ਉਤਾਵਲੇਪਨ ਤੋਂ ਕੰਮ ਨਹੀਂ ਲੈਂਦਾ। ਸਗੋਂ ਉਹ ਇਕ ਯਥਾਰਥ ਪ੍ਰਕ੍ਰਿਆ ਵਿਚ ਇਨ੍ਹਾਂ ਵਿਚਾਰਾਂ ਦੇ ਖੋਖਲੇਪਣ ਨੂੰ ਸਿੱਧ ਹੋਣ ਦਿੰਦਾ ਹੈ। ਇਹੀ ਉਸ ਦੀ ਪ੍ਰਾਪਤੀ ਹੈ ਜਿਸ ਵੱਲ ਅਜੇ ਤੱਕ ਆਲੋਚਕਾਂ ਦਾ ਧਿਆਨ ਨਹੀਂ ਗਿਆ।

ਕੌਰਵ ਪਾਂਡਵ ਇਕੋ ਰਾਜ ਦੀਆਂ ਦੋ ਧਿਰਾਂ ਹਨ ਸਗੋਂ ਇਕੋ ਪਰਿਵਾਰ ਦੀਆਂ ਦੋ ਧਿਰਾਂ ਹਨ। ਇਕ ਧਿਰ ਨਾਲ ਸਮੇਂ ਦੀਆਂ ਪਰੰਪਰਾਵਾਂ ਅਨੁਸਾਰ ਇਨਸਾਫ਼ ਨਹੀਂ ਹੁੰਦਾ। ਦੂਜੀ ਧਿਰ ਖਲਨਾਇਕ ਦਾ ਰੋਲ ਅਦਾ ਕਰਦੀ ਹੈ। 'ਕੌਰਵ ਸਭਾ' ਵਿਚ ਨਵ-ਧਨਾਢ ਵਰਗ ਦੇ ਇਕ ਪਰਿਵਾਰ ਦੀਆਂ ਦੋ ਧਿਰਾਂ ਆਹਮੋ ਸਾਹਮਣੇ ਹਨ। ਇਥੇ ਵਿਚ ਪੰਕਜ ਹੁਰਾਂ ਦਾ ਪਰਿਵਾਰ ਹੀ ਸ਼ਾਮਿਲ ਨਹੀਂ ਹੈ ਸਗੋਂ ਕਾਨੂੰਨ ਨਾਲ ਜੁੜੇ ਜੱਜ, ਵਕੀਲ ਤੇ ਅਦਾਲਤ ਵਿਚ ਜੁੜਿਆ ਅਮਲਾ-ਫ਼ੈਲਾ; ਪੁਲਿਸ ਨਾਲ ਸੰਬੰਧਿਤ ਸਰਵ ਉੱਚ ਅਧਿਕਾਰੀ ਤੋਂ ਲੈ ਕੇ ਸਿਪਾਹੀ ਤੱਕ; ਚੀਫ਼ ਸਕੱਤਰ ਤੋਂ ਲੈ ਕੇ ਹੇਠਲੀ ਪੱਧਰ ਦੀ ਅਫ਼ਸਰਸ਼ਾਹੀ ਤੱਕ; ਚੀਫ਼ ਮਨਿਸਟਰ ਤੋਂ ਲੈ ਕੇ ਐੱਮ. ਐੱਲ. ਏ. ਤੱਕ ਦੇ ਰਾਜਨੀਤਕ ਨੇਤਾ ਵੀ ਸ਼ਾਮਿਲ ਹਨ। ਸਮੁੱਚਾ ਨਾਵਲ ਇਕ ਵਿਅੰਗ ਹੈ। ਮਹਾਭਾਰਤ ਵਿਚ ਜਿਥੇ ਪਾਂਡਵਾਂ ਦੀ ਧਿਰ ਭਾਰੂ ਰਹਿੰਦੀ ਹੈ ਇਥੇ ਇਹ ਧਿਰ ਹਾਰਦੀ ਹੈ। ਇਹੀ ਅਜੋਕੀ ਸਥਿਤੀ ਦਾ ਸੱਚ ਹੈ। ਵੇਦ-ਪਰਿਵਾਰ ਜੇ ਲੱਖਾਂ ਪਤੀ ਹੈ ਤਾਂ ਪੰਕਜ ਹੋਰਾਂ ਦਾ ਪਰਿਵਾਰ ਕਰੋੜਪਤੀ। ਕਰੋੜਪਤੀ ਕੌਰਵਾਂ ਦੇ ਮੁਕਾਬਲੇ ਲੱਖਾਂਪਤੀ ਹਾਰਦੇ ਹਨ। ਜੇ ਲੱਖਾਂਪਤੀਆਂ ਦੀ ਇਹ ਸਥਿਤੀ ਹੈ ਤਾਂ ਜਿਨ੍ਹਾਂ ਕੋਲ ਦੋ ਜੂਨ ਖਾਣ ਨੂੰ ਨਹੀਂ ਉਨ੍ਹਾਂ ਨੂੰ ਇਨਸਾਫ਼ ਕਿਥੋਂ ਮਿਲੇਗਾ? ਇਹੀ ਇਸ ਨਾਵਲ ਦਾ ਸਾਰ ਤੱਤ ਹੈ। ਮਿਥਿਹਾਸਕ ਅਵਚੇਤਨ ਸਮਕਾਲੀ ਸਥਿਤੀਆਂ ਵਿਚ ਨਵੇਂ ਅਰਥ ਗ੍ਰਹਿਣ ਕਰਦਾ ਹੈ। ਅਦਾਲਤ ਜਾਂ ਕਾਨੂੰਨੀ ਜੰਗ ਅਜੋਕੇ ਮਹਾਭਾਰਤ ਦੇ ਰੂਪ ਵਿਚ ਪੇਸ਼ ਹੈ। ਵਿਅੰਗ ਇਹ ਵੀ ਹੈ ਕਿ ਕ੍ਰਿਸ਼ਨ ਦਾ ਰੂਪ ਰਾਮਨਾਥ ਆਪ ਵਕੀਲ ਹੈ। ਕਾਨੂੰਨਦਾਨ ਹੀ ਕਾਨੂੰਨ ਦੇ ਖੇਤਰ ਵਿਚ ਪੈਸੇ ਵਾਲਿਆਂ ਤੋਂ ਹਾਰਦਾ ਹੈ ਤਾਂ ਜੋ ਵਕੀਲ ਨਹੀਂ ਭਾਵ ਆਮ ਜਨਤਾ ਦਾ ਕੌਣ ਵਾਲੀ ਵਾਰਿਸ ਹੈ?! "ਜਦੋਂ ਤੱਕ ਮੁਦੱਈਆਂ ਨੇ ਕਾਨੂੰਨ ਦੀ ਜੰਗ ਲੜਨ ਜੋਗੇ ਹੋਣਾ ਸੀ ਉਦੋਂ ਤੱਕ ਮਹਾਭਾਰਤ ਸਮਾਪਤ ਹੋ ਚੁੱਕੀ ਹੋਣੀ ਸੀ। ਕੌਰਵਾਂ ਨੇ ਬਿਨਾਂ ਪਾਂਡਵਾਂ ਦੇ ਲੜਾਈ ਲੜੇ ਜੰਗ ਜਿੱਤੇ ਜਾਣ ਦਾ ਐਲਾਨ ਆਪਣੇ ਹੱਕ ਵਿਚ ਕਰਵਾ ਲੈਣਾ ਸੀ।" (ਪੰਨਾ-੨੪੪)

ਮਾਇਆ ਨਗਰੀ ਦੇ ਮਹਾਭਾਰਤੀ ਪਾਤਰਾਂ ਦੇ ਰਿਸ਼ਤੇ ਉਸੇ ਤਰ੍ਹਾਂ ਹੀ ਪੈਸੇ ਦੁਆਲੇ ਘੁੰਮਦੇ ਹਨ ਜਿਵੇਂ ਸਾਰੀ ਮਹਾਭਾਰਤ ਪੰਜਾਂ ਪਿੰਡਾਂ ਦੀ ਜਾਇਦਾਦ ਵੰਡਾਉਣ ਦੇ ਦੁਆਲੇ ਘੁੰਮਦੀ ਹੈ। ਰਾਮ ਨਾਥ ਜਦੋਂ ਆਪਣੇ ਪੱਲਿਓਂ ਸਭ ਕੁਝ ਖਰਚ ਕਰ ਬੈਠਦਾ ਹੈ ਤਾਂ ਉਹ ਆਪਣੇ ਮਿੱਤਰ ਸੁਦਾਮਿਆਂ ਵੱਲ ਨਿਗਾਹ ਦੁੜਾਉਂਦਾ ਹੈ। ਇਨ੍ਹਾਂ ਸਾਰੇ ਸੁਦਾਮਿਆਂ ਦੇ ਸਾਰੇ ਸੱਤੂ ਇਕੱਠੇ ਕਰ ਕੇ ਵੀ ਪੰਦਰਾਂ ਹਜ਼ਾਰ ਤੋਂ ਉੱਪਰ ਨਹੀਂ ਬਣਦਾ। ਮਾਇਆ ਵਿਹੂਣੇ ਸੁਦਾਮੇ ਕਿੰਨਾ ਕੁ ਚਿਰ ਲੜ ਸਕਦੇ ਹਨ? ਕਲਯੁਗੀ ਕ੍ਰਿਸ਼ਨ, ਰਾਮਨਾਥ ਕੋਲ ਦੁਨਿਆਵੀ ਸੂਝ ਹੈ, ਕਾਨੂੰਨ ਦਾ ਗਿਆਨ ਹੈ ਪਰ ਪੈਸਾ ਨਹੀਂ। ਇਸੇ ਲਈ ਉਹ ਮਹਾਭਾਰਤ ਦੇ ਮੈਦਾਨ ਵਿਚ ਪਾਂਡਵਾਂ ਨੂੰ ਜਿਤਾ ਨਹੀਂ ਸਕਦਾ। ਪਰ ਉਸ ਨੂੰ ਸਾਧੂ ਸਿੰਘ ਵਾਂਗ ਇਕ ਧਰਵਾਸ ਹੈ ਕਿ ਉਸ ਨੇ ਜੰਗ ਵਿਚ ਹਥਿਆਰ ਨਹੀਂ ਸੁੱਟੇ। ਉਹ ਆਪਣੇ ਮਨ ਨੂੰ ਸਮਝਾਉਣ ਲਈ ਯਤਨਸ਼ੀਲ ਹੈ। "ਕੱਲ੍ਹ ਨੂੰ ਰਾਮਨਾਥ ਜਾਂ ਉਸ ਦੀ ਭੈਣ ਨੂੰ ਪਛਤਾਵਾ ਤਾਂ ਨਹੀਂ ਹੋਵੇਗਾ ਕਿ ਉਹ ਆਪਣੇ ਮਾਸੂਮ ਬੱਚੇ ਦੇ ਕਤਲ ਜਾਂ ਅਨਭੋਲ ਬੇਟੀ ਦੀ ਲੜਾਈ ਨਹੀਂ ਲੜੇ। ਰਾਮਨਾਥ ਨੇ ਦੂਜਿਆਂ ਦੀ ਇੱਜ਼ਤ ਰੋਲਣ ਵਾਲੇ ਪੰਕਜ ਹੋਰਾਂ ਦੀ ਜ਼ਿੰਦਗੀ ਨਰਕ ਬਣਾ ਦਿੱਤੀ ਸੀ। ਉਨ੍ਹਾਂ ਨੂੰ ਹਵਾਲਾਤ ਦੀ ਹਵਾ ਖੁਆ ਦਿੱਤੀ ਸੀ।...ਲੜਕੇ ਹਾਰਨਾ ਹਾਰ ਨਹੀਂ ਸੀ। ਇਨਸਾਫ਼ ਲਈ ਲੜਦਾ ਜੇ ਉਹ ਮਰ ਜਾਏ



ਇਸ ਦੀ ਉਸ ਨੂੰ ਪਰਵਾਹ ਨਹੀਂ।" (ਪੰਨਾ ੨੬੬)

ਨਿਹਾ ਲਈ ਅਦਾਲਤ ਅਸਲ ਕੌਰਵ ਸਭਾ ਹੈ। ਇਥੇ ਨਿਹਾ ਦੀ ਸਥਿਤੀ ਮਹਾਭਾਰਤ ਦੀ ਦ੍ਰੋਪਤੀ ਤੋਂ ਵੀ ਬਦਤਰ ਹੈ। ਉਸ ਦਾ ਚੀਰ ਹਰਣ ਤਾਂ ਪਹਿਲਾਂ ਹੀ ਹੋ ਚੁੱਕਾ ਹੈ। ਹੁਣ ਤਾਂ ਉਸ ਨੇ ਹੋਰ ਜ਼ਲੀਲ ਹੋਣ ਹੈ। ਹੋਰ ਤੋਂ ਬਚਣ ਲਈ ਉਸ ਨੂੰ ਆਪਣੇ ਨਾਲ ਹੋਏ ਬਲਾਤਕਾਰ ਤੋਂ ਹੀ ਇਨਕਾਰੀ ਹੋਣਾ ਪੈਂਦਾ ਹੈ। ਸਾਧੂ ਸਿੰਘ ਵਰਗਾ ਧਰਮਾਤਮਾ ਵੀ ਆਪਣੇ ਆਪ ਨੂੰ ਕੌਰਵ ਸਭਾ ਦਾ ਆਗੂ ਮਹਿਸੂਸ ਕਰਨ ਲੱਗਦਾ ਹੈ। ਉਹ ਵੀ ਉਸ ਲਈ ਕੁਝ ਨਹੀਂ ਕਰ ਸਕਦਾ। ਜੇ ਹੋਰ ਕੋਈ ਕੁਝ ਨਹੀਂ ਕਰ ਸਕਿਆ ਤਾਂ ਪੰਡਿਤ ਪਰਮਾਨੰਦ ਦੇ ਸ਼ਬਦ ਤਾਂ ਨਿਰਾ ਦਿਲਾਸਾ ਸਨ ਜਿਨ੍ਹਾਂ ਦਾ ਕੋਈ ਅਰਥ ਨਹੀਂ ਸੀ। ਸਗੋਂ ਮੋੜਵੇਂ ਰੂਪ ਵਿਚ ਉਸ ਦੇ ਕਹੇ ਸ਼ਬਦ ਵਿਅੰਗ-ਬਾਣ ਸਾਬਤ ਹੁੰਦੇ ਹਨ। ਨਿਹਾ ਲਈ ਉਹ ਕਹਿੰਦਾ ਹੈ, "ਅਦਾਲਤ ਉਸ ਲਈ ਕੁਰੂਕਸ਼ੇਤਰ ਦਾ ਮੈਦਾਨ ਸੀ। ਨਿਹਾ ਨੇ ਹੁੰਦੇ ਚੀਰ ਹਰਣ ਤੋਂ ਡਰ ਕੇ ਰਹਿਮ ਦੀ ਪੁਕਾਰ ਨਹੀਂ ਸੀ ਕਰਨੀ। ਉਸ ਨੇ ਅਰਜਨ ਬਣ ਕੇ ਗਵਾਹੀ ਵਾਲੇ ਤੀਰ ਕੌਰਵਾਂ ਵਲ ਸੁੱਟਣੇ ਸਨ। ਇਨ੍ਹਾਂ ਤੀਰਾਂ ਨੇ ਮੁਲਜ਼ਮਾਂ ਲਈ ਫਾਂਸੀ ਦਾ ਫੰਦਾ ਬਣਨਾ ਸੀ" ਨਿਹਾ ਦੇ ਕਥਿਤ ਤੀਰ ਮੁਲਜ਼ਮਾਂ ਲਈ ਫਾਂਸੀ ਦਾ ਫੰਦਾ ਤਾਂ ਨਾ ਬਣੇ ਪਰ ਵੇਦ-ਪਰਿਵਾਰ ਲਈ ਹਾਰ ਤੇ ਨਮੋਸ਼ੀ ਦਾ ਕਾਰਣ ਅਵੱਸ਼ ਬਣ ਗਏ।

ਨਿਹਾ 'ਕੌਰਵ ਸਭਾ' ਵਿਚ ਸਭ ਤੋਂ ਵੱਧ ਦੁਖਾਂਤਕ ਪਾਤਰ ਹੈ। ਉਹ ਸਰੀਰਕ ਤੇ ਮਾਨਸਿਕ ਦੋਨੋਂ ਤਰ੍ਹਾਂ ਦਾ ਦੁੱਖ ਭੋਗਦੀ ਹੈ। ਸਾਧੂ ਸਿੰਘ ਜਾਂ ਅਮਰਨਾਥ ਵਾਂਗ ਉਸ ਕੋਲ ਧਰਵਾਸ ਲਈ ਕੁਝ ਵੀ ਨਹੀਂ ਹੈ। ਮਹਾਭਾਰਤ ਦੇ ਪਾਂਡਵ ਵਿਸ਼ੇਸ਼ ਤੌਰ 'ਤੇ ਭੀਮ ਦਰੋਪਦੀ ਨਾਲ ਹੋਏ ਦੁਰਵਿਵਹਾਰ ਦਾ ਬਦਲਾ ਲੈਂਦੇ ਹਨ ਪਰ ਅਜੋਕੀ ਦਰੋਪਤੀ, ਨਿਹਾ ਬਲਾਤਕਾਰ ਦਾ ਸ਼ਿਕਾਰ ਹੋਣ ਦੇ ਬਾਵਜੂਦ ਨਿਰਸਹਾਇ ਹੈ। ਕੋਈ ਕ੍ਰਿਸ਼ਨ ਵੀ ਉਸ ਦਾ ਪਰਦਾ ਕੱਜਣ ਨਹੀਂ ਆਉਂਦਾ। ਮਹਾਭਾਰਤ ਵਿਚ ਪਾਂਡਵ ਜਿੱਤ ਦੇ ਜਸ਼ਨ ਮਨਾਉਂਦੇ ਹਨ ਪ੍ਰੰਤੂ ਅਜੋਕੇ ਅਦਾਲਤੀ ਮਹਾਭਾਰਤ ਵਿਚ ਕੌਰਵ 'ਪਾਂਡਵਾਂ' ਨੂੰ ਹਰਾ ਕੇ ਮਾਨਸਿਕ ਕਲੇਸ਼ਾਂ ਦੇ ਸਨਮੁਖ ਲਿਆ ਖਲ੍ਹਾਰਦੇ ਹਨ।

ਡਾ. ਸੁਤਿੰਦਰ ਸਿੰਘ ਨੂਰ ਨਾਵਲ ਦੇ ਇਨ੍ਹਾਂ ਪ੍ਰਤੀਕ ਤੇ ਵਿਅੰਗ ਅਰਥਾਂ ਨੂੰ ਅਜੋਕੇ ਪ੍ਰਸੰਗ ਵਿਚ ਪੂਰੇ ਸਮਾਜ ਤੱਕ ਫੈਲਦਿਆਂ ਦੇਖਦਾ ਹੈ। ਉਸ ਅਨੁਸਾਰ, ਬਲਾਤਕਾਰ ਇਥੇ ਸਮਾਜਿਕ ਕਦਰਾਂ ਕੀਮਤਾਂ ਦਾ ਹੁੰਦਾ ਹੈ। ਮਨੁੱਖੀ ਰਿਸ਼ਤਿਆਂ ਦਾ ਤੇ ਸਮੁੱਚੇ ਸਿਸਟਮ ਦਾ ਦੁਖਾਂਤ ਸਾਹਮਣੇ ਆਉਂਦਾ ਹੈ। "ਇਉਂ ਸਾਰੇ ਬਿਆਨ ਵਿਚ ਇਕ ਕੁਰੱਪਟ ਪ੍ਰਬੰਧ ਵਿਸਤ੍ਰਿਤ ਹੁੰਦਾ ਜਾਂਦਾ ਹੈ ਜਿਸ ਵਿਚ ਘਾਤਕ ਹਮਲਾ ਇਕ ਪਰਿਵਾਰ ਉੱਤੇ ਹੀ ਨਹੀਂ, ਬਲਾਤਕਾਰ ਨਿਹਾ ਦਾ ਹੀ ਨਹੀਂ ਹੁੰਦਾ, ਕਤਲ ਕਮਲ ਦਾ ਹੀ ਨਹੀਂ, ਬਲਾਤਕਾਰ ਤਾਂ ਸਾਰੀਆਂ ਸਮਾਜਿਕ ਕੀਮਤਾਂ ਦਾ ਹੋ ਚੁੱਕਾ ਹੈ...ਇਉਂ ਕਹਾਣੀ ਕੇਵਲ ਇਕ ਪਰਿਵਾਰ ਦੀ ਤ੍ਰਾਸਦੀ ਦੀ ਨਹੀਂ ਰਹਿੰਦੀ ਸਗੋਂ ਪ੍ਰਤੀਕਾਤਮਕ ਤੌਰ 'ਤੇ ਸਮੁੱਚੇ ਭਾਰਤੀ ਸਿਸਟਮ ਦੀ ਬਣ ਜਾਂਦੀ ਹੈ। ਯਥਾਰਥ ਦੀਆਂ ਡੂੰਘੀਆਂ ਤਹਿਆਂ ਤੇ ਗੁੰਝਲਾਂ ਜਿਹੜੀਆਂ ਕਿਸੇ ਵੀ ਰਾਜਸੀ ਜਾਂ ਸਮਾਜਿਕ ਵਿਚਾਰਧਾਰਾ ਤੋਂ ਸੁਲਝ ਨਹੀਂ ਰਹੀਆਂ। (ਪੰਜਾਬੀ ਟ੍ਰਿਬਿਊਨ, ੬ ਅਪ੍ਰੈਲ, ੨੦੦੩)

ਨਿਆਂਪਾਲਿਕਾ ਤੋਂ ਲੈ ਕੇ ਪੁਲਿਸ ਤੇ ਅਫ਼ਸਰਸ਼ਾਹੀ ਸਭ ਨੂੰ ਨੱਥ ਪਾਉਣ ਵਾਲੀ ਧਿਰ ਰਾਜਨੀਤੀ ਹੈ, ਨਾਵਲ 'ਕੌਰਵ ਸਭਾ' ਵਿਚ ਇਸ ਗੱਲ ਨੂੰ ਬੜੀ ਗੂੜ੍ਹੀ ਰੇਖਾ ਰਾਹੀਂ ਰੇਖਾਂਕਿਤ ਕੀਤਾ ਗਿਆ ਹੈ। ਸੱਤਾ ਆਪਣੀਆਂ ਕੋਝੀਆਂ ਤੋਂ ਕੋਝੀਆਂ ਚਾਲਾਂ ਚੱਲ ਕੇ ਵੀ ਫੈਸਲਿਆਂ ਨੂੰ ਰੱਦ ਕਰਵਾ ਸਕਦੀ ਹੈ ਜਾਂ ਫਿਰ ਆਪਣੇ ਹੱਕ ਵਿਚ ਕਰਵਾ ਸਕਦੀ ਹੈ। ਬਘੇਲ ਸਿੰਘ ਮੁੱਖ ਮੰਤਰੀ ਦੇ ਇਸ਼ਾਰੇ 'ਤੇ ਕੁਝ ਦਿਨਾਂ ਵਿਚ ਹੀ ਪੰਕਜ ਹੁਰਾਂ ਦੇ ਹੱਕ ਵਿਚ ਜਾਂਦੇ ਫੈਸਲੇ ਨੂੰ ਉਨ੍ਹਾਂ ਦੇ ਉਲਟ ਕਰਵਾ ਦਿੰਦਾ ਹੈ ਤੇ ਕਰੋੜ ਰੁਪਿਆ ਹੱਥ ਆਉਂਦਿਆਂ ਹੀ ਪਾਸਾ ਉਨ੍ਹਾਂ ਦੇ ਹੱਕ ਵਿਚ ਵੀ ਕਰਵਾ ਦਿੰਦਾ ਹੈ। ਰਾਜਨੇਤਾ, ਅਫ਼ਸਰਸ਼ਾਹੀ ਤੇ ਪੁਲਿਸ ਦੀ ਮਿਲੀ ਭੁਗਤ ਦੀਆਂ ਬਾਰੀਕੀਆਂ ਤਾਂ ਨਾਵਲ ਵਿਚਦੀ ਗੁਜ਼ਰਦਿਆਂ

ਹੀ ਅਨੁਭਵ ਹੋ ਸਕਦੀਆਂ ਹਨ ਪ੍ਰੰਤੂ ਅਸੀਂ ਇਥੇ ਕੁਝ ਸਟੀਕ ਟਿੱਪਣੀਆਂ ਨੂੰ ਧਿਆਨ ਗੋਚਰੇ ਕਰ ਸਕਦੇ ਹਾਂ। ਪੰਕਜ ਦੇ ਡੈਡੀ ਦਾ ਅਨੁਭਵ ਸੀ ਕਿ , "ਅਫ਼ਸਰ ਤੇ ਨੇਤਾ ਚੰਗੇ ਸਮਿਆਂ ਵਿਚ ਸਾਥ ਦਿੰਦੇ ਹਨ। ਕਦੇ ਭੀੜ ਪੈ ਜਾਵੇ ਤਾਂ ਪੂਛ ਦਬਾ ਦੇ ਭੱਜਦੇ ਹਨ।" ਪਰ ਅਫ਼ਸਰਸ਼ਾਹੀ ਦਾ ਪ੍ਰਤੀਨਿਧੀ ਪ੍ਰਤਾਪ ਸਿੰਘ ਅਫ਼ਸਰਸ਼ਾਹੀ ਨੂੰ ਦੁੱਧ ਧੋਤਾ ਦੱਸਣ ਲਈ ਸਿਆਸੀ ਨੇਤਾਵਾਂ ਨੂੰ ਸਭ ਬਿਮਾਰੀਆਂ ਦੀ ਜੜ੍ਹ ਤੇ ਮੌਕਾਪ੍ਰਸਤ ਗਰਦਾਨਦਾ ਹੈ। ਸੱਚ ਇਹ ਹੈ ਕਿ ਵਿਹਾਰ ਰਾਹੀਂ ਉਹ ਆਪਣਾ 'ਸਹੀ' ਕਿਰਦਾਰ ਦੱਸ ਜਾਂਦਾ ਹੈ ਤੇ ਉਸ ਦੀ ਟਿੱਪਣੀ ਰਾਜਨੇਤਾਵਾਂ ਦਾ ਪਾਜ ਉਘਾੜਦੀ ਹੈ। ਉਸ ਅਨੁਸਾਰ, "ਅਫ਼ਸਰ ਧੁਰ ਤੱਕ ਪੁਗਦੇ ਹਨ। ਸਿਆਸੀ ਬੰਦਿਆਂ ਦਾ ਕੋਈ ਭਰੋਸਾ ਨਹੀਂ। ਅੱਜ ਇਕ ਦੀ ਝੋਲੀ ਕੱਲ੍ਹ ਦੂਜੇ ਦੀ। ਦੋਹਾਂ ਧਿਰਾਂ ਤੋਂ ਪੈਸੇ ਲੈ ਲੈਂਦੇ ਹਨ। ਆਪਣੇ 'ਤੇ ਬਣਦੀ ਨਜ਼ਰ ਆਵੇ, ਪਾਣੀ ਅਫ਼ਸਰਾਂ ਵੱਲ ਰੋੜ੍ਹ ਦਿੰਦੇ ਹਨ। ਜਦੋਂ ਇਹ ਗੱਦੀਉਂ ਲਹਿੰਦੇ ਹਨ ਸੌ ਸੌ ਸਕੈਂਡਲਾਂ ਵਿਚ ਫਸਦੇ ਹਨ। ਸਿਆਸੀ ਲੋਕ ਆਪਸ ਵਿਚ ਇਕ ਹੋ ਜਾਂਦੇ ਹਨ। ਅਫ਼ਸਰ ਮੁਕੱਦਮੇ ਭੁਗਤਦੇ ਮਰ ਜਾਂਦੇ ਹਨ।" (ਪੰਨਾ-੧੬੬) 'ਕੌਰਵ ਸਭਾ' ਦਾ ਹਰ ਪਾਤਰ ਵਿਅੰਗ ਦੀ ਮਾਰ ਹੇਠ ਹੈ। ਇਹ ਵਿਅੰਗ ਹੀ ਇਸ ਨਾਵਲ ਦੀ ਜਿੰਦ ਜਾਨ ਹੈ।

ਨਾਵਲ ਵਿਚ ਥਾਂ ਪੁਰ ਥਾਂ ਵਕੀਲ ਦੇ ਕਿੱਤੇ ਉੱਪਰ ਤਿੱਖੀਆਂ ਟਿੱਪਣੀਆਂ ਹਨ, ਮੁਕੱਦਮਿਆਂ ਦੇ ਅਨੇਕਾਂ ਫਰੰਟਾਂ ਉੱਪਰ ਵਿਅੰਗ ਹਨ ਤੇ ਰਾਮ ਨਾਥ ਵਰਗੇ ਛੋਟੇ ਵਕੀਲਾਂ ਦੀ ਸਥਿਤੀ ਦਾ ਵਰਣਨ ਹੈ ਤੇ ਨਾਲ ਹੀ ਸ਼ਹਿਰੀ ਉੱਚ ਵਰਗ ਦੀਆਂ ਨੈਤਿਕਤਾਵਾਂ ਦਾ ਖੁਲਾਸਾ ਵੀ ਹੈ। ਨਿਹਾ ਨੂੰ ਬਲਾਤਕਾਰ ਦੇ ਸਦਮੇ ਤੋਂ ਉਭਾਰਨ ਲਈ ਜੋ ਸਲਾਹਾਂ ਦਿੱਤੀਆਂ ਜਾਂਦੀਆਂ ਹਨ ਉਨ੍ਹਾਂ ਵਿਚੋਂ ਇਹ ਸ਼੍ਰੇਣੀ ਨੈਤਿਕਤਾ ਨੰਗੇ ਰੂਪ ਵਿਚ ਉਜਾਗਰ ਹੋ ਜਾਂਦੀ ਹੈ। ਇਕ ਪਾਸੇ ਜਾਗੀਰਦਾਰੀ ਨੈਤਿਕਤਾ ਦਾ ਵਿਰੋਧ ਹੈ ਤਾਂ ਦੂਜੇ ਪਾਸੇ ਬੁਰਜੂਆ ਨੈਤਿਕਤਾ ਦਾ ਫੂਹੜ ਪ੍ਰਗਟਾਵਾ। "ਕੁਆਰ ਭੰਗ ਹੋਣ ਤੇ ਕੁੜ੍ਹਨ ਨੂੰ ਉਹ ਉਸ ਸਮੇਂ ਦੇ ਜਗੀਰੂ ਸੋਚ ਆਖ ਰਹੇ ਸਨ ਜਦੋਂ ਔਰਤ ਪੂਰੀ ਤਰ੍ਹਾਂ ਗੁਲਾਮ ਸੀ। ਜੇ ਨਿਹਾ ਦੀ ਮਜਬੂਰੀ ਕਾਰਣ ਸਾਗਰ ਉਸ ਨੂੰ ਤਿਆਗ ਰਿਹਾ ਸੀ ਤਾਂ ਉਹ ਜੰਗਾਲੀ ਸੋਚ ਦਾ ਮਾਲਕ ਸੀ।....ਇਕ ਬੰਦੇ ਨਾਲ ਬੱਝੇ ਰਹਿਣ ਤੇ ਉਮਰ ਭਰ ਇਸ਼ਕ ਨਿਭਾਉਣ ਦਾ ਰਿਵਾਜ ਵੀ ਹੁਣ ਪੁਰਾਣਾ ਪੈ ਚੁੱਕਾ ਸੀ। ਅੱਜ ਦੀਆਂ ਕੁੜੀਆਂ ਇਸ਼ਕ ਇਕ ਨਾਲ ਕਰਦੀਆਂ ਹਨ, ਵਿਆਹ ਦੂਜੇ ਨਾਲ ਕਰਵਾਉਂਦੀਆਂ ਹਨ ਅਤੇ ਬੱਚੇ ਤੀਸਰੇ ਦੇ ਜਨਮਦੀਆਂ ਹਨ।" (ਪੰਨਾ-੧੫੧)

ਨਾਵਲ 'ਕੌਰਵ ਸਭਾ' ਦੇ ਕੁਝ ਚਰਿੱਤਰਾਂ ਦੀ ਮੁਦੱਈਆਂ ਦੇ ਹੱਕ ਵਿਚ ਕਾਇਆ ਕਲਪ ਹੁੰਦੀ ਹੈ। ਨਾਵਲਕਾਰ ਦਾ ਮੰਤਵ ਅਜਿਹਾ ਕਰਨ ਪਿੱਛੇ 'ਪਾਂਡਵਾਂ' ਦੇ ਪੱਖ ਦਾ ਵਿਸਤਾਰ ਹੁੰਦਾ ਦਰਸਾਉਣਾ ਹੈ। ਰਾਮ ਨਾਥ ਦਾ ਕਾਇਆ ਕਲਪ ਸਮਝ ਆਉਣ ਵਾਲਾ ਹੈ। ਰਾਮ ਨਾਥ ਬਲਾਤਕਾਰੀ ਦੇ ਮੁਕੱਦਮਿਆਂ ਵਿਚ ਕੁੜੀਆਂ ਨੂੰ ਅਦਾਲਤ ਵਿਚ ਜ਼ਲੀਲ ਕਰਨ ਤੱਕ ਜਾਂਦਾ ਹੈ। ਉਸ ਨੂੰ ਸਥਿਤੀ ਦੀ ਭਿਆਨਕਤਾ ਦਾ ਅਹਿਸਾਸ, ਅਜਿਹਾ ਕੁਝ ਉਸ ਦੀ ਭਾਣਜੀ ਨਾਲ ਵਾਪਰਨ ਤੋਂ ਬਾਅਦ ਹੁੰਦਾ ਹੈ। ਨੰਦ ਲਾਲ ਦੀ ਕਾਇਆ ਕਲਪ ਮੱਧਕਾਲੀ ਰੂੜ੍ਹੀ ਉੱਪਰ ਆਧਾਰਿਤ ਹੈ। ਸਾਧੂ ਸਿੰਘ ਦੇ ਅਦਾਲਤ ਵਿਚ ਆਖਰੀ ਦਿਨ ਕਹੇ ਸ਼ਬਦਾਂ ਦੀ ਤੀਖਣਤਾ ਨਾ ਸਾਹਰਦਾ ਹੋਇਆ ਨੰਦ ਲਾਲ ਆਤਮ ਆਲੋਚਨਾ ਕਰਨ ਦੇ ਰਾਹੇ ਪੈਂਦਾ ਹੈ ਤੇ ਮਾਨਸਿਕ ਉਥਲ-ਪੁਥਲ ਦਾ ਸ਼ਿਕਾਰ ਹੋਇਆ ਫੈਸਲੇ ਵਾਲੇ ਦਿਨ ਆਪਣੀ ਥਾਂ ਸਿੰਗਲੇ ਨੂੰ ਭੇਜ ਦਿੰਦਾ ਹੈ। ਇਥੇ 'ਜਬ ਜਾਗੇ ਤਭੀ ਸਵੇਰਾ' ਦੇ ਅਖਾਣ ਨੂੰ ਸਿੱਧ ਹੁੰਦਿਆਂ ਦਿਖਾਇਆ ਗਿਆ ਹੈ।

ਕੌਰਵ ਸਭਾ ਦਾ ਵਿਸ਼ਲੇਸ਼ਣ ਇਕ ਪੂਰੀ ਪੁਸਤਕ ਦੀ ਮੰਗ ਕਰਦਾ ਹੈ। ਪ੍ਰੰਤੂ ਸਾਡੀ ਚਰਚਾ ਇਹ ਦਰਸਾਉਣ ਲਈ ਕਾਫ਼ੀ ਹੈ ਕਿ ਮਿੱਤਰ ਸੈਨ ਮੀਤ ਦਾ ਇਹ ਨਾਵਲ ਵੀ ਕਟਹਿਰਾ ਤੇ ਤਫਤੀਸ਼ ਵਾਂਗ ਪੰਜਾਬੀ ਨਾਵਲ ਸਾਹਿਤ ਵਿਚ ਇਕ ਮੀਲ ਪੱਥਰ ਬਣਨ ਦੀ ਸਮਰੱਥਾ ਰੱਖਦਾ ਹੈ।

(ਨਾਵਲ ਅਕਾਦਮੀ ਵੱਲੋਂ ਕਰਵਾਏ ਗਏ ਸੈਮੀਨਾਰ ,੬ ਜੁਲਾਈ, ੨੦੦੩, ਲੁਧਿਆਣਾ) ਵਿਚ ਪੜ੍ਹਿਆ ਗਿਆ ਪਰਚਾ)





# ਨਜ਼ਮਾਂ

1.

## ਪੁੱਲ/ਸੁਖਵਿੰਦਰ ਰੰਧਾਵਾ

ਮੈਂ ਤਾਂ ਪੁੱਲ ਬਣਿਆ ਸਾਂ
ਜੋੜਨ ਲਈ
ਦੋ ਕਿਨਾਰਿਆਂ ਨੂੰ
ਦੋ ਵਿਚਾਰਿਆਂ ਨੂੰ
ਦੋ ਇਸ਼ਾਰਿਆਂ ਨੂੰ
ਤਾਂ ਕਿ
ਇਕ ਤੇ ਇਕ
ਦੋ ਹੋ ਜਾਣ
ਤੇ ਦੋ ਦੇ ਦੋ ਚਾਰ
ਤੇ ਇੰਝ ਹੀ ਜਰਬਾਂ ਨਾਲ
ਕਈ ਹਜ਼ਾਰ
ਤੇ ਇਕ ਪੁੱਲ ਤੋਂ
ਹਜ਼ਾਰਾਂ ਪੁੱਲ ਬਣ ਜਾਣਗੇ।
ਸਾਂਝਾ ਦੇ
ਦਰਿਆਵਾਂ ਦੀ, ਨਹਿਰਾਂ ਦੀ
ਪਿੰਡਾਂ ਦੀ, ਸ਼ਹਿਰਾਂ ਦੀ
ਦੇਸ਼ਾਂ ਦੀ, ਵਿਦੇਸ਼ਾਂ ਦੀ
ਧਰਤੀਆਂ ਦੀ, ਅਕਾਸ਼ਾਂ ਦੀ
ਐਪਰ, ਮੇਰੇ 'ਤੇ ਹਰ
ਲੰਘਣ ਵਾਲੇ ਨੇ
ਪੁੱਲ ਤੋੜਣ ਲਈ
ਮੇਰੇ ਤੇ ਵਾਰ ਕੀਤਾ
ਜਿਨ੍ਹਾਂ ਨੂੰ ਉਸ ਨੇ ਪਾਰ ਕੀਤਾ।
ਕਿੰਨੇ ਸੁਆਰਥੀ ਹੁੰਦੇ ਨੇ
ਉਹ ਲੋਕ ਜੋ
ਪੁੱਲਾਂ ਨੂੰ ਵੀ ਨਹੀਂ ਬਖ਼ਸ਼ਦੇ
ਜੋ ਗਵਾਹ ਹੁੰਦੇ ਨੇ
ਸਾਂਝ ਦੇ, ਪ੍ਰੇਮ ਦੇ
ਤੇ ਏਕਤਾ ਦੇ
ਕਿੰਨੇ ਸੁਆਰਥੀ ਹੁੰਦੇ ਨੇ
ਉਹ ਲੋਕ ਜੋ
ਪੁਲ ਵੀ ਤੋੜਦੇ ਨੇ
ਪੁੱਲ ਜੋ ਜੋੜਦੇ ਨੇ। •

2.

## ਭੂਆ ਬੰਸੋ/ਅਨੇਮਨ ਸਿੰਘ

ਬੰਸੋ
ਚਾਰ ਭਰਾਵਾਂ ਦੀ ਇਕਲੌਤੀ ਭੈਣ
ਪਿੰਡ ਦੇ ਸਭ
ਵੱਡੇ-ਛੋਟੇ ਬੱਚਿਆਂ ਦੀ ਭੂਆ
ਜਗਤ ਭੂਆ
ਬੰਸੋ
ਸਵੇਰੇ ਸਾਜਰੇ ਉੱਠ
ਬਹੁਕਰ ਫੇਰਦੀ
ਧਾਰਾਂ ਕੱਢਦੀ
ਚਾਹ ਧਰਦੀ
ਤੇ ਰੋਟੀਆਂ ਪਕਾਉਂਦੀ
ਭਰਾ ਰੋਟੀ ਖਾਂਦੇ
ਹਿੱਸੇ ਲਈ ਜ਼ਮੀਨ 'ਚ ਖੇਤੀ ਕਰਦੇ
ਬੰਸੋ
ਬੇ-ਜ਼ਮੀਨੇ ਘਰ ਦੀ ਹੋਣੀ
ਮਾਪਿਆਂ-ਭਰਜਾਈਆਂ ਵਿਹੂਣਾ
ਘਰ ਭਾਂ-ਭਾਂ ਕਰਦਾ
ਬੰਸੋ
ਸਿਖਰ ਦੁਪਹਿਰੇ
ਚਰਖਾ ਕੱਤਦੀ
ਆਪਣੇ ਚਿੱਟੇ ਹੋ ਰਹੇ ਵਾਲਾਂ 'ਤੇ
ਤੇਲ ਲਗਾਉਂਦੀ
ਬੰਸੋ
ਸਭ ਕੰਮ ਤੇਜ਼-ਤੇਜ਼ ਕਰਦੀ
ਇਕ ਉਦਾਸੀ
ਉਹਦੇ ਚਿਹਰੇ 'ਤੇ
ਸਾਰਾ ਦਿਨ ਬਣੀ ਰਹਿੰਦੀ •

3.

## ਅੰਗੂਰੀ

ਅੰਗੂਰੀ
ਸਭ ਦੀ ਮਾਸੀ
ਸਭ ਦੀ ਚਾਚੀ
ਕੋਈ-ਕੋਈ ਬੇਬੇ ਵੀ ਆਖ ਛੱਡਦਾ

ਅੰਗੂਰੀ
ਸੂਰਜ ਦੇ ਨਰਮ ਪੈਂਦਿਆਂ
ਆਪਣੀ ਭੱਠੀ 'ਤੇ ਚਲੀ ਜਾਂਦੀ
ਬੱਚੇ-ਬੁੱਢੇ ਸਭ
ਉਸ ਦੀ ਭੱਠੀ ਦੁਆਲੇ ਜੁੜ ਜਾਂਦੇ
ਅੰਗੂਰੀ
ਗੱਲਾਂ ਕਰਦੀ, ਗੀਤ ਗਾਉਂਦੀ
ਬੱਚਿਆਂ ਨੂੰ ਦਾਣੇ ਦਿੰਦੀ
ਹੱਸ ਪੈਂਦੀ
ਅੰਗੂਰੀ
ਸਭ ਘਰਾਂ ਨੂੰ ਜਾਣਦੀ
ਸੁਆਣੀਆਂ ਉਸ ਕੋਲ ਆਉਂਦੀਆਂ
ਉਸ ਦੀ ਭੱਠੀ
ਸਭ ਨੂੰ ਰਜਾਉਂਦੀ
ਅੰਗੂਰੀ
ਘਾਹ-ਫੂਸ 'ਕੱਠਾ ਕਰ
ਭੱਠ ਤਪਾਉਂਦੀ
ਧੂੰਆਂ ਉਸ ਦੇ ਅੰਦਰ ਹੁੰਦਾ
ਉਹ ਖਉਂ-ਖਉਂ ਵੀ ਕਰਦੀ
ਅੰਗੂਰੀ
ਤਪਦਿਕ ਦੀ ਮਰੀਜ਼
ਕਈ ਦਿਨਾਂ ਤੋਂ ਮੰਜੇ 'ਤੇ ਪਈ
ਤਪੇ ਪਿੰਡੇ ਨਾਲ
ਆਪਣੀ ਠੰਡੀ ਭੱਠੀ ਬਾਰੇ
ਅਜੇ ਵੀ ਸੋਚਦੀ ਹੈ

4.

**ਮੀਂਹ ਪੈਣ ਤੋਂ ਬਾਅਦ**

ਮੀਂਹ ਪੈਣ ਤੋਂ ਬਾਅਦ
ਹੱਸਦਾ ਘਾਹ
ਵਧਣ ਲੱਗਾ ਆਕਾਸ਼ ਵੱਲ
ਪੰਛੀ
ਖੰਭਾਂ ਨੂੰ ਛੰਡਦੇ
ਉੱਡੇ ਨਵੀਂ ਪਰਵਾਜ
ਬੱਚੇ
ਕਾਗ਼ਜ਼ ਦੀਆਂ ਕਿਸ਼ਤੀਆਂ 'ਚ
ਲੰਘ ਗਏ ਸਭ ਸਮੁੰਦਰ
ਬਸ ਦੇ ਸਫ਼ਰ 'ਚ
ਸੀਟ 'ਤੇ ਬੈਠਾ ਮੈਂ
ਸੋਚ ਰਿਹਾਂ
ਪੰਛੀ-ਘਾਹ
ਬੱਚਿਆਂ ਵਾਂਗ ਬਣਨਾ •

*(ਚੰਨ ਚਹਿਲ ਸਟਰੀਟ ਨੇੜੇ ਬੱਸ ਅੱਡਾ, ਮਾਨਸਾ-151505)*

5.

**ਅੱਗ ਵਰ੍ਹ ਰਹੀ ਸੀ**/*ਪ੍ਰੋਮਿਲਾ ਪ੍ਰੀਤ*

ਅੱਗ ਵਰ੍ਹ ਰਹੀ ਸੀ
ਜੇਠ ਦਾ ਸੂਰਜ ਮਘ ਰਿਹਾ ਸੀ
ਧਰਤੀ ਦੀ ਹਿੱਕ ਅੱਗ ਦੇ
ਗੋਲੇ ਵਾਂਗ ਤਪ ਰਹੀ ਸੀ
ਸੇਕ ਏਨਾ ਵਧ ਗਿਆ ਸੀ ਕਿ
ਤਨ ਮਨ ਝੁਲਸ ਗਿਆ
ਅਚਾਨਕ ਇਕ ਪਿਆਰਾ ਜਿਹਾ
ਚਿੱਟੀ ਜਿਹੀ ਰੂੰ ਵਰਗਾ
ਪੋਲਾ ਪੋਲਾ ਮਨ ਨੂੰ ਮੋਹਣ ਵਾਲਾ
ਬੱਦਲ ਨਜ਼ਰ ਆਇਆ
ਲੱਗਾ ਵਰਸਣ
ਧਰਤੀ ਦੀ ਅੱਗ ਠੰਡੀ ਹੋਣ ਲੱਗੀ
ਪਰ ਇਹ ਕੀ
ਇਹ ਹੁੰਮਸ ਜਿਹੀ ਕੀ ਹੈ
ਇਹ ਤਾਂ ਅੱਗ ਤੋਂ ਵੀ
ਜ਼ਿਆਦਾ ਖਤਰਨਾਕ ਲੱਗੀ
ਅੱਗ ਤਾਂ ਸਿਰਫ਼ ਸੇਕ ਦਿੰਦੀ ਹੈ
ਇਹ ਤਾਂ ਨਾ ਸਹਿਣ ਯੋਗ ਪੀੜ ਦਿੰਦੀ ਹੈ
ਹੁਣ
ਧਰਤੀ ਬੇਚੈਨ, ਕਾਇਨਾਤ ਬੇਚੈਨ
ਸ੍ਰਿਸ਼ਟੀ ਬੇਚੈਨ, ਆਲਾ ਦੁਆਲਾ ਬੇਚੈਨ
ਤਾਂ ਲੱਗਾ ਕਿ
ਬਜ਼ੁਰਗ ਠੀਕ ਕਹਿੰਦੇ ਹਨ
ਬੇਚੈਨੀ ਮਿਟਾਉਣ ਲਈ
ਇਕ ਮੀਂਹ ਦੇ ਛੜਾਕੇ ਦੀ ਨਹੀਂ
ਸਗੋਂ ਧੂੰਆਂਧਾਰ ਵਰਖਾ ਦੀ ਲੋੜ ਹੁੰਦੀ ਹੈ
ਜੋ ਧਰਤੀ ਦੀ ਅਗਨ ਠਾਰ ਸਕੇ
ਸ੍ਰਿਸ਼ਟੀ ਨੂੰ ਮਹਿਕਾ ਸਕੇ
ਵਾਤਾਵਰਨ ਨਿਖਾਰ ਸਕੇ।.. •



*ਜਾਪਾਨੀ ਕਹਾਣੀ*

# ਸ਼ੁਕਰੀਆ

*ਯਸੂਨਾਰੀ ਕਵਾਬਾਤਾ*

ਇਸ ਸਾਲ ਤੇਂਦੂ ਦੇ ਫਲ ਬੜੇ ਚੰਗੇ ਹੋਏ ਸਨ। ਪਹਾੜਾਂ 'ਚ ਪਤਝੜ ਦਾ ਮੌਸਮ ਖ਼ੂਬਸੂਰਤ ਸੀ। ਬੰਦਰਗਾਹ ਦਾ ਉਹ ਕਸਬਾ ਪਰਾਯਦੀਪ ਦੇ ਦੱਖਣੀ ਸਿਰੇ 'ਤੇ ਸੀ। ਬੱਸ ਅੱਡੇ ਦੀ ਇਮਾਰਤ ਦੀ ਦੂਜੀ ਮੰਜ਼ਿਲ ਤੋਂ ਉੱਤਰ ਕੇ ਡਰਾਈਵਰ ਹੇਠਾਂ ਉਡੀਕ-ਖੇਤਰ 'ਚ ਆਇਆ ਜਿਥੇ ਇਕ ਕਤਾਰ 'ਚ ਸਸਤੀ ਮਿਠਾਈ ਦੀਆਂ ਦੁਕਾਨਾਂ ਸਨ। ਉਸ ਦੀ ਪੀਲੀ ਵਰਦੀ ਦੇ ਕਾਲਰ ਬੈਂਗਣੀ ਰੰਗ ਦੇ ਸਨ।

ਬਾਹਰ ਸਾਹਮਣੇ ਇਕ ਵੱਡੀ ਸਾਰੀ ਲਾਲ ਬੱਸ ਖੜ੍ਹੀ ਸੀ ਜਿਸ 'ਤੇ ਬੈਂਗਣੀ ਝੰਡਾ ਲੱਗਾ ਹੋਇਆ ਸੀ। ਮਿਠਾਈ ਦਾ ਇਕ ਡੂਨਾ ਹੱਥ 'ਚ ਘੁੱਟੀ ਕੁੜੀ ਦੀ ਮਾਂ ਨੇ ਉੱਠਣ ਸਾਰ ਡਰਾਈਵਰ ਨੂੰ ਸੰਬੋਧਨ ਕੀਤਾ ਜੋ ਹੁਣ ਕਰੀਨੇ ਨਾਲ ਆਪਣੇ ਫੀਤੇ ਬੰਨ੍ਹਣ ਲੱਗ ਪਿਆ ਸੀ।

"ਤਾਂ ਅੱਜ ਤੇਰੀ ਵਾਰੀ ਹੈ ਮਿਸਟਰ 'ਸ਼ੁਕਰੀਆ', ਹੈ ਨਾ?.... ਜੇ ਇਸ ਵਿਚਾਰੀ ਨੂੰ ਤੂੰ ਮਿਲਦਾ ਏਂ ਉੱਥੇ ਲੈ ਚੱਲਣ ਲਈ, ਫੇਰ ਤਾਂ ਸ਼ਾਇਦ ਅੱਜ ਇਸ ਦੀ ਕਿਸਮਤ ਖੁੱਲ੍ਹ ਜਾਵੇ, ਇਹ ਇਕ ਸ਼ੁੱਭ ਸੰਕੇਤ ਹੈ ਕਿ ਕੁਝ ਹੋ ਕੇ ਰਹੇਗਾ।"

ਡਰਾਈਵਰ ਨੇ ਔਰਤ ਦੇ ਲਾਗੇ ਬੈਠੀ ਕੁੜੀ ਵੱਲ ਵੇਖਿਆ। ਉਹ ਕੁਝ ਨਹੀਂ ਬੋਲਿਆ।

"ਇੰਝ ਤਾਂ ਇਹ ਹਮੇਸ਼ਾ ਲਈ ਟਲਦਾ ਜਾਂਦਾ.... ਤੇ ਸਰਦੀਆਂ ਵੀ ਹੁਣ ਆਈਆਂ ਹੀ ਸਮਝੋ। ਠੰਢ ਦੇ ਮੌਸਮ 'ਚ ਇਸ ਨੂੰ ਇੰਨੀ ਦੂਰ ਭੇਜਣ ਦਾ ਜੀਅ ਵੀ ਨਹੀਂ ਕਰਦਾ। ਇਸ ਲਈ ਮੈਂ ਸੋਚਿਆ ਕਿ ਜਦ ਅਖੀਰ ਇਕ ਦਿਨ ਭੇਜਣਾ ਹੀ ਹੈ ਤਾਂ ਕਿਉਂ ਨਾ ਮੌਸਮ ਦੇ ਠੀਕ ਰਹਿੰਦਿਆਂ ਹੀ ਇਹ ਕੰਮ ਹੋ ਜਾਵੇ। ਮੈਂ ਸੋਚਿਆ ਹੈ ਕਿ ਉਥੇ ਤੀਕ ਇਹਦੇ ਨਾਲ ਚੱਲਾਂਗੀ।"

ਡਰਾਈਵਰ ਚੁੱਪ ਚਾਪ ਸਿਰ ਹਿਲਾਉਂਦਾ ਰਿਹਾ, ਫੇਰ ਸਿਪਾਹੀ ਵਾਂਗ ਕਦਮ ਵਧਾਉਂਦੇ ਹੋਏ ਉਹ ਬੱਸ 'ਚ ਚੜ੍ਹਿਆ ਤੇ ਸੀਟ ਦੀ ਗੱਦੀ ਠੀਕ ਕਰਨ ਲੱਗਾ।

"ਤੁਸੀਂ ਮਿਹਰਬਾਨੀ ਕਰਕੇ ਅਗਲੀ ਸੀਟ 'ਤੇ ਬੈਠੋ ਮਾਤਾ ਜੀ, ਉਥੇ ਬੱਸ ਉੱਨੀ ਹਿੱਲੇਗੀ ਨਹੀਂ। ਤੁਸੀਂ ਜਾਣਾ ਵੀ ਕਾਫ਼ੀ ਦੂਰ ਹੈ।"

ਔਰਤ ਪੈਂਤੀ ਮੀਲ ਦੂਰ ਰੇਲਵੇ-ਲਾਈਨ ਵਾਲੇ ਪਿੰਡ ਆਪਣੀ ਧੀ ਨੂੰ ਵੇਚਣ ਜਾ ਰਹੀ ਸੀ। ਪਹਾੜੀ ਸੜਕ 'ਤੇ ਝਟਕੇ ਖਾਂਦੀ ਕੁੜੀ ਨੇ ਆਪਣੀਆਂ ਨਜ਼ਰਾਂ ਠੀਕ ਸਾਹਮਣੇ ਬੈਠੇ ਡਰਾਈਵਰ ਦੇ ਮੋਢਿਆਂ 'ਤੇ ਟਿਕਾ ਦਿੱਤੀਆਂ। ਡਰਾਈਵਰ ਦੀ ਪੀਲੀ ਵਰਦੀ ਕੁੜੀ ਦੀਆਂ ਅੱਖਾਂ ਵਿਚ ਸਮਾ ਗਈ, ਜਿਵੇਂ ਕਿ ਉਹ ਆਪਣੇ ਆਪ 'ਚ ਇਕ ਸਮੁੱਚੀ ਦੁਨੀਆ ਹੋਵੇ। ਸਾਹਮਣੇ ਵਾਲੀ ਪਹਾੜੀ ਸੜਕ ਦੋ ਹਿੱਸਿਆਂ 'ਚ ਪਾਟਦੀ ਹੋਈ ਡਰਾਈਵਰ ਦੇ ਦੋਹਾਂ ਮੋਢਿਆਂ ਤੋਂ ਗੁਜ਼ਰ ਰਹੀ ਸੀ। ਬੱਸ ਨੇ ਦੋ ਪਹਾੜੀ ਦੱਰਿਆਂ ਵਿਚੋਂ ਦੀ ਲੰਘ ਕੇ ਜਾਣਾ ਸੀ।

ਬੱਸ ਅੱਗੇ ਵਧਦੀ ਹੋਈ ਘੋੜੇ ਵਾਲੀ ਬੱਘੀ ਤੱਕ ਜਾ ਪਹੁੰਚੀ। ਬੱਸ ਵਾਸਤੇ ਬੱਘੀ ਨੇ ਰਾਹ ਛੱਡ ਦਿੱਤਾ।

"ਸ਼ੁੱਕਰੀਆ!" ਡਰਾਈਵਰ ਨੇ ਕਠਫੋੜੇ ਵਾਂਗ ਝੁਕਦੇ ਹੋਏ ਸਾਫ਼ ਆਵਾਜ਼ 'ਚ ਬਾਅਦਬ ਕਿਹਾ।

ਅੱਗੇ ਸਾਮਾਨ ਨਾਲ ਲੱਦੀ ਹੋਈ ਇਕ ਖੱਚਰ-ਗੱਡੀ ਮਿਲੀ। ਗੱਡੀ ਇਕ ਪਾਸੇ ਹੋ ਗਈ।

"ਸ਼ੁਕਰੀਆ!"

ਫੇਰ ਇਕ ਠੇਲ੍ਹਾ।

"ਸ਼ੁਕਰੀਆ"

ਇਕ ਰਿਕਸ਼ਾ
"ਸ਼ੁਕਰੀਆ"
ਇਕ ਘੋੜਾ
"ਸ਼ੁਕਰੀਆ!"

ਡਰਾਈਵਰ ਨੇ ਦਸਾਂ ਮਿੰਟਾਂ 'ਚ ਤਕਰੀਬਨ ਤੀਹ ਗੱਡੀਆਂ ਨੂੰ ਪਾਰ ਕੀਤਾ ਹੋਵੇਗਾ, ਪਰ ਇਕ ਵਾਰ ਵੀ ਉਹ ਆਪਣਾ ਸ਼ਿਸ਼ਟਾਚਾਰ ਨਹੀਂ ਭੁੱਲਿਆ। ਇੰਝ ਲੱਗਾ ਜੇ ਉਸ ਨੂੰ ਸੌ ਮੀਲ ਵੀ ਜਾਣਾ ਪੈਂਦਾ ਤਾਂ ਵੀ ਉਸ ਦੀ ਮੁਦਰਾ 'ਚ ਕੋਈ ਫ਼ਰਕ ਨਹੀਂ ਸੀ ਪੈਣਾ। ਉਹ ਕਿਸੇ ਦੇਵਦਾਰ ਦੇ ਰੁੱਖ ਵਾਂਗ ਸਿੱਧਾ ਤੇ ਸਹਿਜ ਸੀ।

ਬੱਸ ਤਿੰਨ ਵਜੇ ਦੇ ਬਾਅਦ ਤੁਰੀ ਸੀ। ਰਾਹ 'ਚ ਡਰਾਈਵਰ ਨੂੰ ਬੱਸ ਦੀਆਂ ਹੈੱਡਲਾਈਟਾਂ ਜਗਾਣੀਆਂ ਪਈਆਂ। ਪਰ ਜਦ ਵੀ ਸਾਹਮਣੇ ਉਸ ਨੂੰ ਕੋਈ ਘੋੜਾ ਦਿੱਸਦਾ, ਉਹ ਦੋਵੇਂ ਹੈੱਡਲਾਈਟਾਂ ਬੰਦ ਕਰ ਦਿੰਦਾ।

"ਸ਼ੁਕਰੀਆ" "ਸ਼ੁਕਰੀਆ" "ਸ਼ੁਕਰੀਆ!"

ਪੈਂਤੀ ਮੀਲ ਲੰਮੀ ਉਸ ਸੜਕ 'ਤੇ ਉਹ ਗਾਡੀਵਾਨਾਂ, ਖੱਚਰ-ਚਾਲਕਾਂ ਤੇ ਘੋੜਸਵਾਰਾਂ ਦਰਮਿਆਨ ਸਭ ਤੋਂ ਵੱਧ ਆਦਰ ਨਾਲ ਵੇਖਿਆ ਜਾਣ ਵਾਲਾ ਡਰਾਈਵਰ ਸੀ।

ਸ਼ਾਮ ਦੇ ਹਨੇਰੇ 'ਚ ਬੱਸ ਜਦ ਆਖ਼ਰਕਾਰ ਪਿੰਡ ਦੇ ਚੌਕ 'ਚ ਦਾਖ਼ਲ ਹੋਈ ਤਾਂ ਕੁੜੀ ਦਾ ਜਿਸਮ ਕੰਬਣ ਲੱਗ ਪਿਆ ਸੀ ਤੇ ਉਸ ਨੂੰ ਚੱਕਰ ਆ ਰਹੇ ਸਨ ਜਿਵੇਂ ਕਿ ਉਸ ਦੇ ਪੈਰ ਹਵਾ 'ਚ ਤੈਰ ਰਹੇ ਹੋਣ। ਉਹ ਆਪਣੀ ਮਾਂ ਨਾਲ ਚਿਪਕ ਗਈ।

"ਜ਼ਰਾ ਠਹਿਰੀਂ ਇਕ ਮਿੰਟ।" ਮਾਂ ਨੇ ਆਪਣੀ ਧੀ ਨੂੰ ਕਿਹਾ ਤੇ ਦੌੜ ਕੇ ਬੱਸ ਡਰਾਈਵਰ ਕੋਲ ਇਲਤਜ਼ਾ ਕਰਨ ਪਹੁੰਚ ਗਈ।

"ਮੇਰੀ ਧੀਅ ਕਹਿੰਦੀ ਹੈ ਕਿ ਤੂੰ ਉਸ ਨੂੰ ਚੰਗਾ ਲੱਗਦਾ ਏਂ। ਮੈਂ ਤੈਨੂੰ ਬੇਨਤੀ ਕਰਦੀ ਹਾਂ, ਬਲਕਿ ਦੋਵੇਂ ਹੱਥ ਜੋੜ ਕੇ ਤੇਰੇ ਕੋਲੋਂ ਭਿੱਖਿਆ ਮੰਗਦੀ ਹਾਂ ਕਿ ਉਸ ਨੂੰ.... ਕੱਲ੍ਹ ਤਾਂ ਉਂਝ ਵੀ ਉਹ ਕਿਸੇ ਅਨਜਾਣ ਸ਼ਖ਼ਸ ਦੇ ਹੱਥਾਂ ਦਾ ਖਿਡੌਣਾ ਬਣ ਜਾਵੇਗੀ, ਇਸ ਲਈ...ਇਹ ਸੱਚ ਹੈ, ਕੋਈ ਉੱਚੇ ਘਰਾਣੇ ਦੀ ਸ਼ਹਿਰੀ ਕੁੜੀ ਵੀ ਜੇ ਦਸ ਮਿੰਟ ਵਾਸਤੇ ਤੇਰੀ ਬੱਸ ਵਿਚ ਚੜ੍ਹ ਜਾਂਦੀ...ਤਾਂ ਉਹ ਇੰਝ ਹੀ..."

ਅਗਲੀ ਸਵੇਰ ਤੜਕਸਾਰ ਬੱਸ ਡਰਾਈਵਰ ਉਸ ਸਸਤੀ ਸਰਾਂਅ 'ਚੋਂ ਨਿਕਲਿਆ ਤੇ ਕਿਸੇ ਸਿਪਾਹੀ ਵਾਂਗ ਚੌਕ ਪਾਰ ਕਰਨ ਲੱਗਾ। ਮਾਂ-ਧੀ ਕਾਹਲੀ ਨਾਲ ਉਸ ਦੇ ਪਿੱਛੇ-ਪਿੱਛੇ ਤੁਰ ਪਈਆਂ। ਬੈਂਗਣੀ ਝੰਡੇ ਵਾਲੀ ਉਹ ਵੱਡੀ ਸਾਰੀ ਲਾਲ ਬੱਸ ਗਰਾਜ 'ਚੋਂ ਨਿਕਲੀ ਤੇ ਸਟੇਸ਼ਨ 'ਤੇ ਪਹਿਲੀ ਗੱਡੀ ਦੇ ਆਣ ਦਾ ਇੰਤਜ਼ਾਰ ਕਰਨ ਲੱਗੀ।

ਪਹਿਲਾਂ ਕੁੜੀ ਅੰਦਰ ਚੜ੍ਹੀ ਤੇ ਆਪਣੇ ਦੋਵੇਂ ਬੁੱਲ੍ਹ ਮੀਟ ਕੇ ਕਾਲੇ ਚਮੜੇ ਵਾਲੀ ਡਰਾਈਵਰ ਦੀ ਸੀਟ ਨੂੰ ਸਹਿਲਾਣ ਲੱਗ ਪਈ। ਸਵੇਰ ਦੀ ਠੰਢ ਮਹਿਸੂਸ ਕਰਦੀ ਮਾਂ ਨੇ ਆਪਣੀਆਂ ਦੋਵੇਂ ਬਾਹਾਂ ਸਮੇਟ ਲਈਆਂ।

"ਤਾਂ ਹੁਣ ਮੈਨੂੰ ਇਸ ਨੂੰ ਵਾਪਸ ਲੈ ਜਾਣਾ ਹੋਵੇਗਾ। ਸਵੇਰੇ ਇਸ ਨੇ ਮੇਰੇ ਅੱਗੇ ਰੋਣਾ ਸ਼ੁਰੂ ਕਰ ਦਿੱਤਾ ਤੇ ਤੂੰ ਅੱਡ ਮੈਨੂੰ ਝਿੜਕ ਦਿੱਤਾ...ਮੈਂ ਭੁੱਲ ਕੀਤੀ ਜੋ ਇਸ 'ਤੇ ਤਰਸ ਖਾਧਾ। ਠੀਕ ਹੈ, ਮੈਂ ਲੈ ਤਾਂ ਜਾਂਦੀ ਹਾਂ ਇਸ ਨੂੰ ਘਰ, ਪਰ ਸਿਰਫ਼ ਬਸੰਤ ਦੀ ਰੁੱਤ ਤੱਕ ਹੀ। ਸਿਆਲ 'ਚ ਇਸ ਨੂੰ ਭੇਜਣਾ ਠੀਕ ਨਹੀਂ ਰਹੇਗਾ। ਮੈਂ ਕਿਸੇ ਤਰ੍ਹਾਂ ਚਲਾ ਲਵਾਂਗੀ। ਪਰ ਇਕ ਵੇਰ ਮੌਸਮ ਸੁਧਰ ਗਿਆ ਤਾਂ ਮੈਂ ਇਸ ਨੂੰ ਘਰ ਨਹੀਂ ਰੱਖ ਸਕਾਂਗੀ, ਕਹਿ ਦਿੰਦੀ ਹਾਂ..."

**(ਬਾਕੀ ਸਫ਼ਾ 51 'ਤੇ)**



*ਆਲੋਚਨਾ*

# ਗੁਰਭਜਨ ਗਿੱਲ ਦੀ ਕਵਿਤਾ ਦੀ ਲੋਕਨਾਇਕਤਾ

*ਸੂਫ਼ੀ ਅਮਰਜੀਤ*

ਗੁਰਭਜਨ ਗਿੱਲ ਦੀ ਕਵਿਤਾ ਨੇ 1978 ਤੋਂ ਤੁਰ ਕੇ ਪੱਚੀ ਵਰ੍ਹਿਆਂ ਦਾ ਵਿਖਮ ਪੈਂਡਾ ਤੈਅ ਕੀਤਾ ਹੈ। ਇਹ ਪੈਂਡਾ ਕਿਸੇ ਬਗੀਚੀ ਵਿਚ ਸੈਰ ਕਰਨ ਵਰਗਾ ਨਹੀਂ ਸੀ ਸਗੋਂ ਇਹ ਉਸ ਦੀ ਕਵਿਤਾ ਲਈ ਸਮਾਜ ਦੀ ਜਾਂਚ ਪਰਖ, ਵਿਸ਼ਲੇਸ਼ਣ ਅਤੇ ਸੰਗਰਾਮ ਦਾ ਸੰਕਲਪ ਲੈ ਕੇ, ਗੁਰੂ ਨਾਨਕ ਦੇ ਉਦਾਸੀਆਂ ਦੇ ਸਮੇਂ ਸਿਰਜੀ 'ਸੱਚ ਕੀ ਬਾਣੀ' ਦੁਆਰਾ ਪਾਈਆਂ ਲੀਹਾਂ ਉੱਪਰ ਤੁਰਦਿਆਂ ਅਜਿਹੀ ਕਵਿਤਾ ਦਾ ਸਿਰਜਨ ਹੈ, ਜੋ ਸਮੁੱਚੀ ਮਨੁੱਖਤਾ ਵਿਚਲੇ ਹਰ ਪ੍ਰਕਾਰ ਦੇ ਖਲਨਾਇਕਾਂ ਦੀਆਂ ਸੋਚਾਂ ਅਤੇ ਅਮਲਾਂ ਨਾਲ ਟੱਕਰ ਲੈਣ ਲਈ ਤੱਤਪਰ ਰਹਿੰਦੀ ਹੈ।

ਗੁਰਭਜਨ ਦੀ ਕਵਿਤਾ ਨੇ, ਸਮਾਜ ਦੀਆਂ ਸਾਰੀਆਂ ਬਦਕਾਰ-ਕਾਲਖਾਂ ਅਤੇ ਵਿਕਰਾਲ ਸਮੱਸਿਆਵਾਂ ਨਾਲ ਲੜਨ ਲਈ ਜੋ ਨਿਸਚਾ ਕੀਤਾ ਹੋਇਆ ਹੈ, ਉਹ ਉਸ ਨੂੰ ਸਦਾ ਚੇਤੰਨ ਅਤੇ ਗਤੀਸ਼ੀਲ ਰਹਿਣ ਲਈ ਪ੍ਰੇਰਦਾ ਰਹਿੰਦਾ ਹੈ। ਉਹ ਇਕੱਲਾ ਹੀ ਸਵਾ ਲੱਖ ਨਾਲ ਲੜਨ ਦੀ ਖਾਲਸਈ ਮਿੱਥ ਦਾ ਜੇਰਾ ਰੱਖਦਾ ਹੋਇਆ, ਜਨ-ਸਮੂਹ ਨੂੰ ਸੰਘਰਸ਼ ਕਰਨ ਲਈ ਹੌਸਲਾ ਦਿੰਦਾ ਅਤੇ ਪ੍ਰੇਰਦਾ ਵੀ ਹੈ।

ਉਹ ਗ਼ਲਤ ਕੀਮਤਾਂ ਅਤੇ ਹਰ ਪ੍ਰਕਾਰ ਦੀਆਂ ਸਮੱਸਿਆਵਾਂ ਨਾਲ ਦਸਤ ਪੰਜਾ ਲੈਣ ਤੋਂ ਨਾ ਉੱਕਦਾ ਹੈ, ਨਾ ਹੀ ਝਿਜਕਦਾ ਹੈ। 'ਅਗਨ ਕਥਾ' ਨਾਂ ਦੇ, ਉਸ ਦੇ ਕਾਵਿ-ਸੰਗ੍ਰਹਿ ਦੀ ਪਹਿਲੀ ਪ੍ਰਤੀਨਿਧ ਕਵਿਤਾ 'ਅਗਨ ਕਥਾ' ਇਸ ਦਾ ਵਿਸ਼ੇਸ਼ ਅਤੇ ਉੱਤਮ ਸਬੂਤ ਹੈ, ਜਿਸ ਵਿਚ ਉਹ ਇਕ ਅਜਿਹੀ ਜੰਗ ਲੜਨ ਲਈ ਕਮਰਕੱਸਾ ਕੀਤੇ ਹੋਏ ਨਜ਼ਰ ਆਉਂਦਾ ਹੈ। ਇਸ ਕਵਿਤਾ ਦੇ ਅਧਿਅਨ ਤੋਂ ਉਸ ਦੇ ਗ਼ਲਤ ਕੀਮਤਾਂ ਵਿਰੁੱਧ ਲੜਨ ਦੇ ਸੰਕਲਪ ਨੂੰ ਦੇਖਦੇ ਹਾਂ। ਉਸ ਦੇ ਇਨ੍ਹਾਂ ਗਲਤ ਕੀਮਤਾਂ ਵਿਰੁੱਧ ਲੜਨ ਦਾ ਸੰਕਲਪ ਇੰਨਾ ਵਿਆਪਕ ਹੈ ਕਿ ਸਮੁੱਚੇ ਸਮਾਜ ਨੂੰ ਬੁੱਕਲ ਵਿਚ ਲੈ ਲੈਂਦਾ ਹੈ। ਉਸ ਨੇ ਲੜਨ ਦੇ ਸੰਕਲਪ ਨੂੰ ਉਸ ਦੀ ਯਥਾਰਥਕ ਦ੍ਰਿਸ਼ਟੀ, ਲੋਕਾਂ ਪ੍ਰਤੀ ਵਿਸ਼ਵਾਸ ਅਤੇ ਸੱਚ-ਸਨਮੁੱਖਤਾ ਸਾਣ ਉੱਤੇ ਲੱਗ ਕੇ ਸਦਾ ਪ੍ਰਚੰਡ ਰੱਖਦੀ ਹੈ।

ਇਹ ਕਿਸੇ ਵੀ ਸੰਗਰਾਮੀਏ ਲਈ ਜ਼ਰੂਰੀ ਹੁੰਦਾ ਹੈ ਕਿ ਉਹ ਆਪਣੇ ਦੁਸ਼ਮਣ ਦਾ ਨਿਸ਼ਾਨਾ ਕਰਨ ਤੋਂ ਪਹਿਲਾਂ, ਉਸ ਦੀ ਪੜਤਾਲ ਤੇ ਪਛਾਣ ਕਰ ਲਵੇ, ਅਜਿਹਾ ਨਾ ਕਰਨ ਦੀ ਸੂਰਤ ਵਿਚ ਕੋਈ ਕੇਵਲ ਹਵਾ ਵਿਚ ਤਲਵਾਰਾਂ ਹੀ ਚਲਾ ਸਕਦਾ ਹੈ। ਇਸੇ ਲਈ ਉਹ ਬੇਮਤਲਬ ਨਿੱਕੀਆਂ ਨਿੱਕੀਆਂ ਗੱਲਾਂ ਤੇ ਨਿਗੂਣੇ ਮਸਲਿਆਂ ਨਾਲ ਲੜਨ ਦੀ ਥਾਂ ਵੱਡੀ ਨਿਰਣਾਇਕ ਜੰਗ ਉੱਪਰ ਨਜ਼ਰ ਰੱਖਦਾ ਹੈ। ਉਹ ਕਹਿੰਦਾ ਹੈ :

ਜੰਗ ਨਹੀਂ
ਇਹ ਤਾਂ ਨਿੱਕੀ ਜਿਹੀ ਲੜਾਈ ਹੈ
ਨਿੱਕੇ ਜਿਹੇ ਦੁਸ਼ਮਣ ਦੇ ਖਿਲਾਫ਼
ਜੰਗ ਤਾਂ ਅਜੇ ਲੜਨੀ ਹੈ
ਉਹਨਾਂ ਕਾਲੀਆਂ ਕਰੂਰ ਤਾਕਤਾਂ ਦੇ ਖਿਲਾਫ਼

ਇਹ 'ਕਾਲੀਆਂ ਕਰੂਰ ਤਾਕਤਾਂ' ਹਨ ਜੋ ਸਮਾਜ ਦਾ ਸ਼ੋਸ਼ਣ ਕਰਦੀਆਂ ਹਨ। ਇਹ ਇਸਤਰੀ ਉੱਤੇ ਅਤਿਆਚਾਰ ਤੋਂ ਬਲਾਤਕਾਰ ਤੱਕ ਦਾ ਜ਼ੁਲਮ ਕਰਦੀਆਂ ਹਨ, ਇਹੋ ਹਨ ਜਿਨ੍ਹਾਂ ਪੰਜਾਬ ਦੇ ਨੌਜਵਾਨਾਂ ਨੂੰ ਗੁੰਮਰਾਹ ਕਰਕੇ ਅੱਤਵਾਦੀ ਬਣਾ ਕੇ ਸਿਵਿਆਂ ਦਾ ਬਾਲਣ ਬਣਾਇਆ ਸੀ, ਬੱਚਿਆਂ ਨੂੰ ਯਤੀਮ ਕੀਤਾ। ਇਹੋ ਤਾਕਤਾਂ ਹਨ ਜੋ ਧਰਮ ਦੀ ਆੜ ਵਿਚ ਕਿਰਪਾਨਾਂ ਤੇ ਤਿਰਸ਼ੂਲਾਂ ਨੂੰ ਜ਼ਹਿਰੀ

ਪਾਣਾਂ ਦੇ ਕੇ, ਸਮਾਜਿਕ ਨਾਸੂਰ ਬਣ ਰਹੀਆਂ ਹਨ ਇਹ ਕਾਲੀਆਂ ਤਾਕਤਾਂ ਨੂੰ ਅਕਸਰ ਹੀ 'ਕਾਲੇ ਹੁਕਮ' ਤੇ ਕਾਲੇ ਮਨਾਂ ਵਾਲੇ ਹਾਕਮ ਹੀ ਅਮਲ ਵਿਚ ਲਿਆਉਂਦੇ ਹਨ, ਜਿਨ੍ਹਾਂ ਨੂੰ ਕਿਵੇਂ ਵੀ ਅਣਡਿੱਠ ਨਹੀਂ ਕੀਤਾ ਜਾ ਸਕਦਾ ਹੈ, ਇਹ ਜਨੂੰਨੀ-ਜ਼ਹਿਰ ਬਣ ਕੇ ਚੰਗੇ ਭਲੇ ਇਨਸਾਨ ਨੂੰ ਸ਼ੈਤਾਨ ਤੇ ਹੈਵਾਨ ਬਣਾ ਦਿੰਦੀਆਂ ਹਨ, ਕਰਫਿਊ ਲਾ ਕੇ ਜੀਭਾਂ ਠਾਕ ਦਿੰਦੀਆਂ ਹਨ। ਇਹ ਕੁਦਰਤ ਦੀਆਂ ਦੁਸ਼ਮਣ ਹਨ। ਇਹ ਨਸ਼ਿਆਂ ਅਤੇ ਧਰਮ ਦੇ ਜਨੂੰਨ ਵਿਚਕਾਰ ਫ਼ਰਕ ਨੂੰ ਮਿਟਾ ਦਿੰਦੀਆਂ ਹਨ, ਇਹੋ ਹਨ ਜੋ ਕਿਰਤ ਨੂੰ, ਗਰੀਬ ਦੀ ਧੀ ਵਾਂਗ ਸਰੇ ਬਾਜ਼ਾਰ ਬੇਪਤ ਕਰਦੀਆਂ ਹਨ, ਇਹੋ ਹਨ ਜੋ ਕਿਰਤ ਨੂੰ 'ਇਤਿਹਾਸਕ ਨਾਇਕ' ਦੇ ਨਾਂ ਉੱਪਰ 'ਸੈਨਾ' ਤੇ ਦਲਾਂ' ਦਾ ਨਾਂ ਦਿੰਦੀਆਂ ਹਨ, ਇਨ੍ਹਾਂ ਕਾਲੀਆਂ ਤਾਕਤਾਂ ਨੂੰ ਕਵੀ ਕਿਵੇਂ ਵੀ ਮੁਆਫ਼ ਨਹੀਂ ਕਰ ਸਕਦਾ। ਇਹੋ ਹਨ ਜੋ ਕਿਸਾਨਾਂ ਦਾ ਲਹੂ ਪੀ ਕੇ ਵੀ ਸੰਤੁਸ਼ਟ ਨਹੀਂ ਹੁੰਦੀਆਂ। ਲੋਕਾਂ ਨੂੰ ਗਿਆਨ ਦੇ ਚਾਨਣ ਤੋਂ ਵਿਰਵਾ ਰੱਖਦੀਆਂ ਹਨ ਅਤੇ 'ਟੂਣੇ ਟਾਮਣਾਂ ਵਹਿਮਾਂ ਤਵੀਤਾਂ, ਜਾਦੂ ਅਤੇ ਧਾਗਿਆਂ' ਵਿਚ ਲੋਕਾਂ ਨੂੰ ਉਲਝਾ ਕੇ ਰੱਖ ਰਹੀਆਂ ਹਨ। ਕਵੀ ਪੂੰਜੀਵਾਦੀ-ਵਿਸ਼ਵੀਕਰਨ ਦੇ ਤੂਫ਼ਾਨ ਉੱਪਰ ਨਜ਼ਰ ਧਰਦਿਆਂ ਸੰਕੇਤ ਕਰਦਾ ਹੈ:

ਅਸੀਂ ਤਾਂ ਅਜੇ ਉਸ ਹਨੇਰੇ ਦੇ ਖਿਲਾਫ਼ ਲੜਨਾ ਹੈ
ਜਿਸ ਦੇ ਕਾਰਨ ਇਹ ਵਿਸ਼ ਗੰਦਲਾ ਸੰਸਾਰ,
ਜੜ੍ਹਾਂ ਵਾਲੇ ਫੋੜੇ ਵਾਂਗ ਨਿਰੰਤਰ ਵਧ ਰਿਹਾ ਹੈ

ਇਸ ਤਰ੍ਹਾਂ ਉਹ ਥੈਲੀਸ਼ਾਹਾਂ ਦੀਆਂ ਕਮੀਨਗੀਆਂ ਨਾਲ ਲੜਦਿਆਂ, ਉਸ ਹਨੇਰ ਦੇ ਸਭ ਸਹਿਯੋਗੀਆਂ ਦੇ ਵਿਰੁੱਧ ਸੰਗਰਾਮ ਕਰਨ ਦਾ ਪ੍ਰਣ ਲੈਂਦਾ ਹੈ।

ਉਸ ਦੇ ਦੁਸ਼ਮਣਾਂ ਦੀ ਲਿਸਟ ਬੜੀ ਲੰਮੀ ਹੈ ਇਸ ਲਈ ਉਹ ਹਰ ਇਕ ਵਿਅਕਤੀ ਅਤੇ ਜਨਤਕ ਸਮੂਹ ਨੂੰ ਨਾਲ ਤੁਰਨ ਦਾ ਸੱਦਾ ਵੀ ਦਿੰਦਾ ਹੈ ਅਤੇ ਨਾਲ ਹੀ ਆਪਣੀ ਕਵਿਤਾ ਦੇ ਹਥਿਆਰ ਨੂੰ ਦੁਸ਼ਮਣ ਉੱਪਰ ਵਾਰ ਕਰਨ ਲਈ ਤਾੜਦਾ ਹੋਇਆ ਕਹਿੰਦਾ ਹੈ :

ਬਹੁਤ ਬੇਲਿਹਾਜ਼ ਹੈ ਸਮੇਂ ਦੀ ਹਕੀਕਤ
ਇਸ ਹਕੀਕਤ ਦੇ ਰੂਬਰੂ ਅਸੀਂ ਨਹੀਂ ਸਿਊਣੀਆਂ ਕਵਿਤਾਵਾਂ
ਦਰਜ਼ੀਆਂ ਨੂੰ ਚੌਕ ਵਿਚ ਮਿਲੇ ਫੌਜੀ ਆਡਰ ਵਾਂਗ

ਉਹ 'ਦੇਹੀ ਨਾਦ' ਵਰਗੀ ਨਿਰਵਸਤਰ-ਕਵਿਤਾ ਨੂੰ ਬਾਜ਼ਾਰ ਵਿਚ ਬੈਠੀ ਵੇਸਵਾ ਵਾਂਗ ਸਮਝਦਾ ਹੈ :

ਨਹੀਂ ਬੈਠਣਾ ਨਿਰਵਸਤਰ ਹੋ ਕੇ ਬਾਜ਼ਾਰ ਵਿਚ,
ਅਸੀਂ ਤਾਂ ਹਾਲੇ ਤੁਰਨਾ ਸਿਖਣਾ ਹੈ ਉਹਨਾਂ ਰਾਹਾਂ ਵੱਲ
ਜਿਨ੍ਹਾਂ ਤੇ ਤੁਰਦਿਆਂ ਅਸੀਂ ਪਛਾਣ ਸਕੀਏ
ਕਿ ਸਾਡੇ ਮਨਾਂ ਵਿਚ ਇਹ ਪੁਠਕੰਡੇ ਕੌਣ ਬੀਜਦਾ ਹੈ।

ਗੁਰਭਜਨ ਆਪਣੀ 'ਅਗਨ ਕਥਾ' ਨਾਂ ਦੀ ਉਤਸਵੀ ਕਵਿਤਾ ਦੇ ਅੰਤ ਉੱਤੇ ਵਿਅਕਤੀਵਾਦੀ ਪਹੁੰਚ ਨੂੰ ਨਕਾਰਦਾ ਹੋਇਆ, ਸਮਾਜ ਦੇ ਉੱਜਲੇ ਭਵਿੱਖ ਦੀ ਤਮੰਨਾ ਕਰਦਾ ਹੋਇਆ ਲੋਕ ਦੁਸ਼ਮਣ ਤਾਕਤਾਂ ਦਾ ਖ਼ਾਤਮਾ ਕਰਨ ਲਈ ਐਲਾਨ ਕਰਦਾ ਹੈ :

ਜ਼ਿੰਦਗੀ ਦੇ ਸਮੂਹ ਸਰੋਕਾਰਾਂ ਲਈ
ਮਹਿਕਦੀਆਂ ਬਹਾਰਾਂ ਤੇ ਗੁਲਜ਼ਾਰਾਂ ਲਈ
ਨਿੱਕੀ ਜਿਹੀ ਲੜਾਈ ਨਹੀਂ
ਬਹੁਤ ਸਾਰੇ ਦੁਸ਼ਮਣਾਂ ਦੇ ਖ਼ਿਲਾਫ਼
ਕਰੋੜਾਂ ਬਾਹਾਂ ਨਾਲ ਲੜਨਾ ਹੈ।

ਗੁਰਭਜਨ ਦੇ ਜ਼ਿਹਨ ਵਿਚ ਪਿੰਡ ਦਾ ਮੋਹ ਇਸ ਤਰ੍ਹਾਂ ਸਮੋਇਆ ਹੋਇਆ ਜਿਵੇਂ ਦਿਲ ਵਿਚ



ਲਹੂ ਹੁੰਦਾ ਹੈ। 'ਸ਼ਹਿਰ ਵਿਚ ਗੁਆਚ ਗਏ ਹਾਂ' ਕਵਿਤਾ ਵਿਚ, ਸ਼ਹਿਰ ਆ ਵੱਸਣ ਦੇ ਬਾਵਜੂਦ, ਪਿੰਡ ਦੇ ਮਾਹੌਲ ਦਾ ਵਾਜੂਦੀ-ਅਕਸ ਸਦਾ ਸਾਕਾਰ ਰਹਿੰਦਾ ਹੈ। ਉਹ ਸ਼ਹਿਰ ਦੇ ਭਾਰੂ ਮਾਹੌਲ ਵਿਚ, ਗੁਆਚਣ ਦੇ ਇਹਸਾਸ ਨਾਲ, ਪਿੰਡ ਦੀ ਕਾਲਪਨਿਕ ਯਾਤਰਾ ਕਰਕੇ, ਖਿਣ ਭਰ ਲਈ ਦੂਰੀ ਨੂੰ ਆਬੂਰ ਹੀ ਨਹੀਂ ਕਰ ਲੈਂਦਾ, ਸਗੋਂ ਮਿਟਾ ਲੈਂਦਾ ਹੈ। ਉਹ ਪਿੰਡ ਵਿਚੋਂ ਅਲੋਪ ਹੋ ਕੇ, ਇਤਿਹਾਸ ਦੇ ਅਜਾਇਬ ਘਰ ਵਿਚ ਜਾ ਟਿਕੇ 'ਖੂਹ' ਦੇ ਮੁਹੱਬਤਾਂ ਵਿਚ ਨੁਚੜਦੇ ਰੁਮਾਂਟਿਕ ਸਭਿਆਚਾਰ ਨੂੰ ਵੀ ਮਨ ਦੀ ਸਕਰੀਨ ਉੱਪਰ ਫਿਲਮਾ ਲੈਂਦਾ ਹੈ।

ਖੂਹ ਨੂੰ ਜਾਂਦਿਆਂ ਵਗਦੇ ਜਦੋਂ ਹਵਾ ਦੇ ਬੁੱਲ੍ਹੇ
ਮੈਨੂੰ ਉਹ ਅੱਜ ਤੱਕ ਨਹੀਂ ਭੁੱਲੇ।

ਇਹ ਕਵੀ ਦੀ ਮਾਨਵੀ ਸੋਚ ਦੀ ਉਗਰ ਸੁਰ ਹੈ, ਜੋ ਉਸ ਨੂੰ ਸਮਾਜ ਦੇ ਗੁਰਬਤ-ਅੱਟੇ ਲੋਕਾਂ ਦੇ ਦੁੱਖਾਂ ਨੂੰ ਬਿਆਨਦੀ ਹੈ। ਇਹ ਕੇਵਲ ਵਰਨਣ ਮਾਤਰ ਹੀ ਨਹੀਂ ਰਹਿੰਦੀ ਸਗੋਂ ਉਨ੍ਹਾਂ ਦੇ ਹਨੇਰੇ ਘਰਾਂ ਵਿਚ ਦੀਵੇ ਬਾਲਣ ਲਈ ਤਾਂਘਦੀ ਹੈ ਅਤੇ ਉਤਸ਼ਾਹਿਤ ਕਰਦੀ ਹੈ :

ਆਓ ਉਥੇ ਚੱਲੀਏ
ਜਿਨ੍ਹਾਂ ਘਰਾਂ ਵਿਚ ਦੀਵੇ ਨਹੀਂ ਜਗਦੇ

ਗੁਰਭਜਨ ਦੀ ਦ੍ਰਿਸ਼ਟੀ ਅਤੇ ਸਮਰੱਥਾ ਏਨੀ ਵਿਸ਼ਾਲਤਾ ਅਤੇ ਕਲਾਤਮਿਕਤਾ ਨਾਲ ਪ੍ਰਕਾਸ਼ਿਤ ਹੈ ਕਿ ਉਹ 'ਵਰਤਮਾਨ ਨਿਜ਼ਾਮ' ਨਾਂ ਦੀ ਕਵਿਤਾ ਵਿਚ ਬੜੀ ਖ਼ੂਬਸੂਰਤੀ ਨਾਲ ਹਕੂਮਤ ਦੇ ਲੋਕ ਵਿਰੋਧੀ ਰੂਪ ਨੂੰ ਸਾਕਾਰ ਕਰਦਾ ਹੈ ਕਿ ਭਾਰਤ ਦੀਆਂ ਹਾਕਮ ਜਮਾਤਾਂ ਦੀਆਂ ਨੀਤੀਆਂ ਤੇ ਅਮਲਾਂ ਨੂੰ ਚਿੱਟੇ ਦਿਨ ਵਾਂਗ ਦੇਖ ਸਕਦਾ ਹਾਂ।

ਇਹਦਾ ਕਾਲਾ ਮੂੰਹ ਨਾ ਦੇਖੋ
ਮੂੰਹ ਅੰਦਰਲੇ ਦੰਦ ਵੀ ਦੇਖੋ
ਮੀਸਣੀਆਂ ਮੁਸਕਾਨਾਂ ਓਹਲੇ
ਜੋ ਜੋ ਚਾੜ੍ਹੇ ਚੰਦ ਵੀ ਦੇਖੋ
ਰੂਹ ਤੋਂ ਰੂਹ ਵਿਚਕਾਰ ਉਸਾਰੀ
ਅਣਦਿਸਦੀ ਉਹ ਕੰਧ ਵੀ ਦੇਖੋ

ਇਹ ਪੂੰਜੀਵਾਦੀ ਪ੍ਰਬੰਧ ਦਾ ਖਾਸਾ ਹੀ ਹੈ ਕਿ ਉਹ ਵਿਸ਼ਾਲ ਜਨ ਸਮੂਹ ਨੂੰ ਪਛੜਿਆ ਰੱਖਣ ਵਿਚ ਆਪਣੇ ਸ਼ੋਸ਼ਨ ਨੂੰ ਸੁਰੱਖਿਅਤ ਦੇਖਦਾ ਹੈ ਤੇ ਨਾਲ ਹੀ ਉਸ ਨੂੰ ਸਸਤੀ ਕਿਰਤ ਸ਼ਕਤੀ ਮਿਲਦੀ ਹੈ ਜਿਸ ਨਾਲ ਉਨ੍ਹਾਂ ਦੇ ਰਾਜਨੀਤਕ ਅਤੇ ਆਰਥਿਕ ਹਿੱਤਾਂ ਦੀ ਪੂਰਤੀ ਹੁੰਦੀ ਹੈ। ਜੇ ਕਰ ਕੋਈ ਆਪਣੀ ਹਿੰਮਤ ਅਤੇ ਸੂਝ ਨਾਲ ਸਿਰਜਣਾ ਦੀ ਸਿਖਰ ਉੱਤੇ ਪੁੱਜ ਜਾਂਦਾ ਹੈ ਤਾਂ ਇਹ ਉਸ ਨੂੰ ਵੀ ਖਰੀਦ ਕੇ ਆਪਣੇ ਮੁਨਾਫ਼ਿਆਂ ਨੂੰ ਹੋਰ ਵਧਾ ਲੈਂਦੇ ਹਨ। ਪ੍ਰਬੰਧ ਕੋਈ ਵੀ ਹੋਵੇ, ਸਾਰੀ ਤਕਨਾਲੋਜੀਕਲ ਵਿਗਿਆਨਿਕ ਸਿਰਜਣਾ ਦਾ ਮੂਲ ਸਰੋਤ ਸਮੂਹਿਕ ਸਿਰਜਣਾ ਦੀ ਕਿਰਤ ਸ਼ਕਤੀ ਹੀ ਹੈ ਜਿਹੜੀ ਸਮੁੱਚੇ ਸਮਾਜ ਦੇ ਵਿਕਾਸ ਲਈ ਅਤੇ ਹਰ ਬਸ਼ਰ ਲਈ ਉਪਯੋਗੀ, ਕੇਵਲ ਸਮਾਜਵਾਦ ਵਿਚ ਹੀ ਸੰਭਵ ਹੁੰਦੀ ਹੈ।

ਗੁਰਭਜਨ ਦੀ ਕਵਿਤਾ 'ਅੱਖਰ ਸ਼ਿਲਪੀ' ਇਕ ਅਜਿਹੀ ਕਵਿਤਾ ਹੈ ਜੋ ਸਮਾਜੀ ਵਿਕਾਸ ਵਿਚ 'ਨੂਰਦੀਨ' ਵਰਗੇ ਅਣਗਿਣਤ ਸਿਰਜਕਾਂ ਦੀ ਰਚਨਾਤਮਿਕਤਾ ਨੂੰ ਸਮਰਪਤ ਹੈ। 'ਨੂਰਦੀਨ' ਨੇ ਗੁਰਮੁਖੀ ਲਿਪੀ ਦਾ ਲੱਕੜੀ ਦਾ ਪਹਿਲਾ ਟਾਈਪ ਫੌਂਟ ਬਣਾਇਆ ਸੀ। ਇਹ ਕਵਿਤਾ ਨੂਰ ਦੀਨ ਦੇ ਜੀਵਨ ਨੂੰ ਲਘੂ ਮਹਾਕਾਵਿਕ ਰੂਪ ਵਿਚ ਪੇਸ਼ ਕਰਦੀ ਹੈ। ਅਜਿਹੇ ਭੁੱਲੇ ਵਿਸਰੇ ਲੋਕ ਸਿਰਜਕਾਂ ਦੀ ਘਾਲਣਾ ਦੀ ਭਲਾ ਕੌਣ ਦੇਣ ਦੇ ਸਕਦਾ ਹੈ ਜੋ ਸਿਰਜਣਾ ਦੇ ਇਤਿਹਾਸ ਵਿਚ ਵੀ ਕਿਧਰੇ ਅੰਕਿਤ ਨਹੀਂ ਹੋ ਸਕੇ। ਫਿਰ ਵੀ ਉਨ੍ਹਾਂ ਦੀ ਕਿਰਿਆਤਮਿਕਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ

ਕਿਉਂਕਿ ਉਹ ਅਜੋਕੇ ਸੰਸਾਰ ਦੇ ਵਿਕਾਸ ਦੀ ਨੀਂਹ ਵਾਲੀਆਂ ਇੱਟਾਂ ਦੇ ਸਮਾਨ ਹਨ :

ਮਿਸਤਰੀਆਂ ਦੇ ਮੁੰਡੇ ਦਾ
ਨਾਂ ਤਾਂ ਭਾਵੇਂ ਨੂਰਦੀਨ ਸੀ
ਪਰ ਅੱਜ ਉਸ ਦਾ ਪਤਾ ਟਿਕਾਣਾ
'ਨ੍ਹੇਰੇ ਵਿਚ ਗੁਆਚ ਗਿਆ ਹੈ
ਨੀਂਹ ਵਿਚ ਪਈਆਂ ਇੱਟਾਂ
ਦੱਸੋ ਕੌਣ ਫੋਲਦੈ?

ਪ੍ਰੰਤੂ ਉਸ ਦੇ ਪੰਜਾਬੀ ਮਾਂ ਬੋਲੀ ਦੀ ਗੁਰਮੁਖੀ ਲਿਪੀ ਦੇ ਛਾਪੇ ਖਾਨੇ ਦੇ ਲਈ ਕੀਤੇ ਮੁੱਢਲੇ ਕੰਮ ਨੂੰ, ਕਵੀ ਰਬ ਦੀ ਸਿਰਜਣ ਸ਼ਕਤੀ ਦੀ ਮਿੱਥ ਦੇ ਨਾਲ ਜੋੜਦਾ ਹੋਇਆ ਕਹਿੰਦਾ ਹੈ,

ਰੱਬ ਦੇ ਜਿੱਡਾ ਉੱਚ ਉਚੇਰਾ।

ਨੂਰਦੀਨ ਦੀ ਕਿਰਤ ਦੀ ਸਰਬਵਿਆਪਕਤਾ ਨੂੰ ਪਰਦਰਸ਼ਤ ਕਰਨਾ ਕਵੀ-ਮਨ ਦੀ ਸੁੱਚਤਾ, ਠੀਕ ਹੀ ਉਸ ਨੂੰ ਲਿਖੇ ਹੋਏ ਅੱਖਰ-ਅੱਖਰ ਵਿਚ ਇਉਂ ਦੇਖਦੀ ਹੈ ਜਿਵੇਂ ਪ੍ਰਕਿਰਤੀ ਵਿਚ ਵੀ ਸਜੀਵਤਾ ਹੁੰਦੀ ਹੈ, ਜਿਵੇਂ ਮਹਿੰਦੀ ਵਿਚ ਰੰਗਤ ਤੇ ਫੁੱਲਾਂ ਵਿਚ ਖੁਸ਼ਬੂ ਰਚੀ ਮਿਲੀ ਹੁੰਦੀ ਹੈ। ਕੰਪਿਊਟਰ ਤੱਕ ਵਿਕਸਤ ਹੋਏ 'ਫੌਂਟ' ਦੀ ਲਿਖਤ ਵਿਚ ਉਸ ਨੂੰ ਨੂਰਦੀਨ ਦੀ ਰੱਬਤਾ ਨਜ਼ਰ ਆਉਂਦੀ ਹੈ।

ਪਰ ਅੱਜ ਮੇਰੀ ਹਾਲਤ ਦੇਖੋ
ਜਿਹੜਾ ਅੱਖਰ ਵੀ ਪੜ੍ਹਦਾ ਹਾਂ
ਹਰ ਅੱਖਰ ਦੇ ਹਰ ਹਿੱਸੇ ਵਿਚੋਂ
ਨੂਰੀ ਮੱਥੇਵਾਲਾ ਸੂਰਜ,
ਨੂਰਦੀਨ ਹੀ, ਨੂਰਦੀਨ ਬੱਸ ਚਮਕ ਰਿਹਾ ਹੈ

ਗੁਰਭਜਨ ਦੀ ਕਵੀ ਅੱਖ ਜੀਵਨ ਦੀ ਬਰੀਕ ਤੋਂ ਮਹੀਨ ਛੀਥ ਵਿਚੋਂ ਦੀ ਮਨੁੱਖੀ ਸਮੱਸਿਆਵਾਂ ਨੂੰ ਦੇਖਣ ਦੇ ਸਮਰੱਥ ਹੈ। ਉਹ ਸ਼੍ਰੇਣਿਕ ਸਮਾਜ ਵਿਚ ਤਰਾਸਦੀਆਂ ਹੰਢਾਉਂਦੇ ਮਨੁੱਖ ਨੂੰ ਅਨੇਕਾਂ ਕੋਨਾਂ ਤੋਂ ਤੱਕਦਾ ਹੈ। ਨਿਰਾਸ਼ ਹੋਏ ਮਨੁੱਖ ਨੂੰ ਕਿਸਮਤ ਦੀ ਵਾੜ ਵਿਚ ਫਸੇ ਨੂੰ ਮੁਕਤ ਹੋਣ ਲਈ ਹੱਲਾਸ਼ੇਰੀ ਦੇ ਕੇ ਸੰਘਰਸ਼ ਕਰਨ ਲਈ ਪ੍ਰੇਰਤ ਕਰਦਾ ਹੈ। ਅਜਿਹੀ ਸੰਵੇਦਨਾ ਪ੍ਰਗਟਾਉਣ ਲਈ ਉਸ ਕੋਲ ਗ਼ਜ਼ਲ ਦਾ ਕਾਵਿ ਰੂਪ ਵੀ ਹੈ। ਜਿਸ ਵਿਚ ਉਸ ਦੀ ਨਿਪੁੰਨਤਾ ਨੂੰ ਅਸੀਂ ਉਸ ਦੀਆਂ ਗ਼ਜ਼ਲਾਂ ਦੇ ਅਧਿਅਨ ਕਰਨ ਸਮੇਂ ਦੇਖ ਸਕਦੇ ਹਾਂ। ਕੁਝ ਸ਼ੇਅਰ ਧਿਆਨਯੋਗ ਹਨ :

ਤੂੰ ਕਿਸਮਤ ਨੂੰ ਕੋਸ ਨਾ
ਸਭ ਕੁਝ ਵੱਸ ਇਨਸਾਨ ਦੇ।

ਇਨਸਾਨਾਂ ਦੀ ਜੂਨ ਪਏ ਹਾਂ,
ਪਸ਼ੂਆਂ ਵਾਂਗੂੰ ਕਾਹਨੂੰ ਖਹੀਏ।

ਭਰਾਓ ਮੈਂ ਪੰਜਾਬੀ ਹਾਂ, ਮੈਂ ਨਾਨਕ ਦਾ ਰਬਾਬੀ ਹਾਂ
ਲਿਆਓ ਜੋੜ ਕੇ ਦੇਵਾਂ ਉਹ ਟੁੱਟੀ ਤਾਰ ਕਿੱਥੇ ਹੈ

ਉਹ ਤਾਂ ਦਿਲ ਵਿਚ ਸੋਚ ਤੁਰੀ ਸੀ ਪਾਰ ਲੰਘਾਊਂ ਰਾਹੀਆਂ ਨੂੰ
ਸਣੇ ਮਲਾਹਾਂ ਡੁੱਬ ਗਏ ਸੁਪਨੇ ਅੱਧ ਵਿਚਾਲੇ ਬੇੜੀ ਦੇ।

ਪਤਝੜ ਮਗਰੋਂ ਕੋਮਲ ਪੱਤੀਆਂ ਆਉਂਦੇ ਰਹਿਣਾ ਹੈ,



ਭਰੇ ਹੁੰਗਾਰਾ ਜਾਂ ਨਾਂ ਮੈਂ ਤਾਂ ਗਾਉਂਦੇ ਰਹਿਣਾ ਹੈ।

ਦੇਖੋ ਵਸਤਰ ਉੱਜਲੇ ਚਿਹਰੇ ਬਗਲੇ ਵਾਂਗ ਅਡੋਲ ਖੜ੍ਹੇ
ਵੇਖ ਪਛਾਣ ਲਵੀਂ ਤੂੰ ਆਪੇ ਨਕਲੀ ਮੂੰਹ ਗੁਰਮੁੱਖਾਂ ਦੇ।
ਕੋਈ ਵੇਚਦਾ ਈਮਾਨ ਕੋਈ ਮੁੱਲ ਤਾਰਦਾ
ਪੱਗ ਸਿਰ ਵਾਲੀ ਬਣ ਗਈ ਵਪਾਰ ਦੀਆਂ ਗੱਲਾਂ।

ਗੁਰਭਜਨ ਦੀ ਕਵਿਤਾ ਨੂੰ ਕਿਸੇ ਇਕ ਲੇਖ ਦੇ ਘੇਰੇ ਵਿਚ ਘੇਰਨਾ ਉਸ ਨਾਲ ਅਨਿਆਂ ਹੋਵੇਗਾ। ਉਸ ਦੀ ਕਵਿਤਾ ਦਾ ਵਿਸਤਰਤ ਅਧਿਅਨ ਪੰਜਾਬੀ ਸਾਹਿਤ ਦੇ ਇਤਿਹਾਸ, ਸਮੀਖਿਆ ਅਤੇ ਪੰਜਾਬੀ ਪਾਠਕਾਂ ਲਈ ਕਰਨਾ ਜ਼ਰੂਰੀ ਹੈ। ਯੂਨੀਵਰਸਿਟੀ ਦੇ ਪੰਜਾਬੀ ਵਿਭਾਗਾਂ ਵਿਚ ਲੱਗੇ ਵਿਦਵਾਨਾਂ ਨੂੰ ਇਸ ਸੁਹਿਰਦ ਪੰਜਾਬੀ ਕਵੀ ਦੀਆਂ ਰਚਨਾਵਾਂ ਦੇ ਸੋਧ ਕਾਰਜਾਂ ਵਿਚ ਧਿਆਨ ਦੇਣਾ ਬਣਦਾ ਹੈ। ਇਸ ਤਰ੍ਹਾਂ ਉਸ ਦੀ ਕਵਿਤਾ ਤੋਂ ਵਧੇਰੇ ਲਾਭ ਉਠਾਇਆ ਜਾ ਸਕਦਾ ਹੈ। •

*( ਸਫ਼ਾ 46 ਦੀ ਬਾਕੀ)*

ਪਹਿਲੀ ਗੱਡੀ 'ਚੋਂ ਬੱਸ ਵਾਸਤੇ ਤਿੰਨ ਮੁਸਾਫ਼ਰ ਉੱਤਰੇ। ਡਰਾਈਵਰ ਨੇ ਸੀਟ ਦੀ ਗੱਦੀ ਨੂੰ ਠੀਕ ਕੀਤਾ। ਕੁੜੀ ਦੀਆਂ ਨਜ਼ਰਾਂ ਆਪਣੇ ਸਾਹਮਣੇ ਫੈਲੇ ਗਰਮ ਮੋਢਿਆਂ 'ਤੇ ਜੰਮੀਆਂ ਹੋਈਆਂ ਸਨ। ਪਤਝੜ ਦੇ ਮੌਸਮ 'ਚ ਹਵਾ ਇਨ੍ਹਾਂ ਮੋਢਿਆਂ ਦੇ ਦੋਹੀਂ ਪਾਸੀਂ ਵਗ ਰਹੀ ਸੀ।

ਬੱਸ ਇਕ ਘੋੜੇ ਵਾਲੀ ਬੱਘੀ ਕੋਲ ਜਾ ਪਹੁੰਚੀ। ਬੱਘੀ ਇਕ ਪਾਸੇ ਹਟ ਗਈ।

"ਸ਼ੁਕਰੀਆ"
ਇਕ ਠੇਲਾ ਗੱਡੀ
"ਸ਼ੁਕਰੀਆ"
ਇਕ ਘੋੜਾ
"ਸ਼ੁਕਰੀਆ"
"ਸ਼ੁਕਰੀਆ", "ਸ਼ੁਕਰੀਆ" "ਸ਼ੁਕਰੀਆ"

ਸ਼ੁਕਰਾਨੇ ਨਾਲ ਸਰਾਬੋਰ ਡਰਾਈਵਰ ਪੈਂਤੀ ਮੀਲ ਤੱਕ ਫੈਲੇ ਪਹਾੜਾਂ 'ਤੇ ਖੇਤਾਂ ਤੋਂ ਹੁੰਦਾ ਹੋਇਆ ਪਰਾਯਦੀਪ ਦੇ ਦੱਖਣੀ ਸਿਰੇ 'ਤੇ ਵੱਸੇ ਬੰਦਰਗਾਹ ਦੇ ਉਸ ਕਸਬੇ ਤੱਕ ਪਰਤ ਕੇ ਆ ਗਿਆ।

ਇਸ ਸਾਲ ਤੇਂਦੂ ਦੇ ਫਲ ਬਹੁਤ ਚੰਗੇ ਹੋਏ ਸਨ। ਪਹਾੜਾਂ 'ਚ ਪਤਝੜ ਦਾ ਮੌਸਮ ਖੂਬਸੂਰਤ ਸੀ।

ਪੇਸ਼: ਪ੍ਰੇਮ ਸਾਹਿਲ


## ਫਾਰਮ ਨੰ: 4 ਰੂਲ ਨੰ: 8

### ਤਿਮਾਹੀ ਚਿਰਾਗ਼ ਬਾਰੇ ਜਾਣਕਾਰੀ

*1 ਪ੍ਰਕਾਸ਼ਨ ਸਥਾਨ : ਜਲੰਧਰ*

*2. ਪ੍ਰਕਾਸ਼ਨ ਕਾਲ : ਤਿਮਾਹੀ*

*3. ਪ੍ਰਕਾਸ਼ਕ ਤੇ ਮਾਲਕ -ਡਾ: ਅਨੂਪ ਸਿੰਘ, ਭਾਈ ਰਤਨ ਸਿੰਘ ਯਾਦਗਾਰ ਟਰੱਸਟ ਜਲੰਧਰ*

*4. ਸੰਪਾਦਕ-ਹਰਭਜਨ ਸਿੰਘ ਹੁੰਦਲ, ਪਿੰਡ ਫੱਤੂ ਚੱਕ ਡਾਕ. ਢਿਲਵਾਂ ਜ਼ਿਲ੍ਹਾ ਕਪੂਰਥਲਾ (144804)*

*5. ਮੈਂ ਅਨੂਪ ਸਿੰਘ ਐਲਾਨ ਕਰਦਾ ਹਾਂ ਕਿ ਉਪਰ ਦਰਜ ਵੇਰਵੇ ਮੇਰੇ ਗਿਆਨ ਤੇ ਵਿਸ਼ਵਾਸ ਅਨੁਸਾਰ ਸਹੀ ਹਨ। (ਡਾ: ਅਨੂਪ ਸਿੰਘ, ਪ੍ਰਕਾਸ਼ਕ ਦੇ ਦਸਤਖ਼ਤ) ਮਿਤੀ : 15 ਜਨਵਰੀ 2004*

**ਮੁਲਾਂਕਣ**

# 'ਜਲਾਵਤਨ' ਕਹਾਣੀ ਸੰਗ੍ਰਹਿ 'ਚੋਂ ਲੋਕ-ਮਸਲੇ ਜਲਾਵਤਨ

(ਡਾ: ਅਨੂਪ ਸਿੰਘ)

ਸੁਕੀਰਤ ਦੀ ਸਾਹਿਤਕ ਸਮਝਦਾਰੀ ਇਹ ਹੈ ਕਿ "ਕੋਈ ਵੀ ਗਲਪੀ ਰਚਨਾ ਨਿਰੀਪੁਰੀ ਕਲਪਨਾ ਨਹੀਂ ਹੁੰਦੀ। ਇਸ ਉੱਤੇ ਲੇਖਕ ਦੇ ਆਪਣੇ ਤਜਰਬੇ, ਦ੍ਰਿਸ਼ਟੀਕੋਣ ਤੇ ਦੇਖੇ ਹੰਢਾਏ ਦਾ ਪਲੇਥਣ ਵੀ ਹੁੰਦਾ ਹੈ।" (ਪੰਨਾ 7) ਪਹਿਲੀ ਗੱਲ, ਸਿਰਜਣਾਤਮਕ ਸਾਹਿਤਕ ਪ੍ਰਕ੍ਰਿਆ ਵਿਚ ਕਲਪਨਾ ਦੀ ਇਕ ਸਾਕਾਰਾਤਮਕ ਤੇ ਸਾਰਥਿਕ ਭੂਮਿਕਾ ਹੈ ਅਤੇ 'ਪਲੇਥਣ' ਨਿਖੇਧੀ ਸੂਚਕ, ਨਿੰਦਿਆ ਭਾਵੀ ਤੇ ਨਾਂਹ-ਸੂਚਕ ਸ਼ਬਦ-ਸੰਕਲਪ ਹੈ। ਦੂਜੇ, ਬੁਨਿਆਦ-ਆਧਾਰ ਯਥਾਰਥ ਹੁੰਦਾ ਹੈ ਅਤੇ ਕਲਪਨਾਸ਼ੀਲਤਾ ਦੀ ਭੂਮਿਕਾ ਦੂਜੈਲੇ ਸਥਾਨ ਦੀ ਲਖਾਇਕ ਹੈ। ਸਫ਼ਲ ਸਾਹਿਤਕ ਸਿਰਜਣਾ ਦਾ ਆਧਾਰ ਯਥਾਰਥਕ ਜ਼ਿੰਦਗੀ ਦਾ ਕੋਈ ਪਸਾਰ ਹੁੰਦਾ ਹੈ। ਲੇਖਕ ਨੇ ਪ੍ਰਤੀਨਿਧ ਪ੍ਰਸਥਿਤੀਆਂ ਵਿਚ ਵਿਚਰਦੇ ਪ੍ਰਤੀਨਿਧ ਪਾਤਰਾਂ ਰਾਹੀਂ ਪ੍ਰਤੀਨਿਧ ਯਥਾਰਥ ਨੂੰ ਪੇਸ਼ ਕਰਨਾ ਹੁੰਦਾ ਹੈ। ਲੇਖਕ ਵੱਲੋਂ ਅਨੁਭਵ ਦੀ ਚੋਣ, ਕਲਪਨਾ ਉਡਾਰੀ ਤੇ ਦ੍ਰਿਸ਼ਟੀਕੋਣ ਰਚਨਾ ਦੇ ਉਦੇਸ਼ ਨੂੰ ਸਪੱਸ਼ਟ ਕਰਨ ਲਈ ਸਹਾਇਕ ਦੀ ਭੂਮਿਕਾ ਨਿਭਾਉਂਦੇ ਹਨ। ਕਲਪਨਾ, ਆਧਾਰਿਤ ਹੁੰਦੀ ਹੋਈ ਸੰਭਵ-ਸੰਭਾਵੀ ਦੀ ਸੀਮਾ ਵਿਚ ਸਾਹਿਤਕ ਰਚਨਾ ਦੀ ਰੌਚਿਕਤਾ ਵਧਾਉਣ ਅਤੇ ਉਦੇਸ਼ ਨੂੰ ਨਿਖਾਰਨ-ਸੰਵਾਰਨ ਵਿਚ ਕਾਰਜਸ਼ੀਲ ਹੁੰਦੀ ਹੈ। ਅਪਵਾਦੀ ਚੀਜ਼ਾਂ, ਘਟਨਾਵਾਂ ਤੇ ਵਰਤਾਰੇ ਆਦਿ ਸਾਹਿਤਕ ਰਚਨਾ ਦਾ ਵਿਸ਼ਾ-ਵਸਤੂ ਨਹੀਂ ਬਣਨੇ ਚਾਹੀਦੇ। ਅਪਵਾਦੀ ਪਹੁੰਚ ਦ੍ਰਿਸ਼ਟੀ ਦਾ ਪ੍ਰਗਟਾਵਾ ਯਥਾਰਥ ਨੂੰ ਵਿਕ੍ਰਿਤ ਰੂਪ ਵਿਚ ਪੇਸ਼ ਕਰਨ ਅਤੇ ਇਸ ਤਰ੍ਹਾਂ ਪਾਠਕ ਦੀ ਮਾਨਸਿਕਤਾ ਨੂੰ ਦੂਸ਼ਿਤ ਕਰਨ ਦਾ ਕਾਰਨ ਬਣ ਸਕਦੀ ਹੈ। ਜਲਾਵਤਨ (2003) ਕਹਾਣੀ ਸੰਗ੍ਰਹਿ ਦੀਆਂ ਦੋ ਕਹਾਣੀਆਂ 'ਵਾਪਸੀ' ਤੇ 'ਸ਼ੱਕ' ਨੂੰ ਛੱਡ ਕੇ ਬਾਕੀ ਕਹਾਣੀਆਂ ਭਾਰਤੀ ਵਸਤੂ ਸਥਿਤੀ ਦਾ ਕਾਲਪਨਿਕ ਰੁਮਾਂਚੀਕ੍ਰਿਤ ਕਰਨ ਦੇ ਨਾਲ ਨਾਲ ਯਥਾਰਥ ਤੋਂ ਟੁੱਟੀਆਂ ਹੋਈਆਂ ਅਤੇ ਉੱਚ ਮੱਧ ਸ਼੍ਰੇਣੀ ਦੇ ਚੋਚਲਿਆਂ ਦਾ ਵੇਰਵਾ ਮਾਤਰ ਹਨ। ਮੱਧ-ਸ਼੍ਰੇਣਿਕ ਮਾਨਸਿਕਤਾ ਦਾ ਕਥਾਰਸਿਸ ਕਰਨ ਵਿਚ ਇਹ ਸਹਾਈ ਹੋ ਸਕਦੀਆਂ ਹਨ ਐਪਰ ਭਾਰਤੀ/ਪੰਜਾਬੀ ਪੀੜਤ ਧਿਰ ਦਾ ਪਥ-ਪ੍ਰਦਰਸ਼ਨ ਕਰਨਾ ਤਾਂ ਕਿਤੇ ਰਿਹਾ, ਇਹ ਕਹਾਣੀਆਂ ਉਨ੍ਹਾਂ ਦੇ ਸੌਂਦਰਬੋਧ ਤੇ ਸੁਹਜ-ਸੁਆਦ ਨੂੰ ਵੀ ਵਿਕ੍ਰਿਤ ਕਰਦੀਆਂ ਹਨ।

ਔਰਤ ਦੀ ਮਨੋ-ਸਥਿਤੀ ਨੂੰ ਯਥਾਰਥਕ ਪੱਧਰ 'ਤੇ ਪੇਸ਼ ਕਰਨ ਦੇ ਨਾਲ-ਨਾਲ 'ਵਾਪਸੀ' ਨਾਂ ਦੀ ਕਹਾਣੀ ਇਕ ਸਿਧਾਂਤਕ ਪ੍ਰਸ਼ਨ ਨੂੰ ਇਕ ਵਾਰ ਫਿਰ ਉਠਾਉਂਦੀ ਹੈ ਕਿ ਮੁਹੱਬਤ ਦੀ ਪ੍ਰਕਿਰਤੀ ਤੇ ਸਰੂਪ ਕੀ ਹੈ? ਕੀ ਮੁਹੱਬਤ ਨਿਰਪੇਖ-ਨਿਰਲੇਪ ਵਰਤਾਰਾ ਜਾਂ ਪ੍ਰਕ੍ਰਿਆ ਹੈ? ਕੀ ਪਿਆਰ ਵਿਅਕਤੀਪਰਕ ਅਤੇ ਸਥਿਤੀ ਸਾਪੇਖ ਹੁੰਦਾ ਹੈ? ਜਾਂ ਕੀ ਮੁਹੱਬਤ ਵੀ ਸਮੇਂ, ਸਥਾਨ ਤੇ ਪ੍ਰਸਥਿਤੀਆਂ ਦੇ ਆਪਸੀ ਤਣਾਉ-ਟਕਰਾਉ ਦੀ ਉੱਪਜ ਹੈ? ਕੀ ਮੁਹੱਬਤ ਵੀ ਲੈਣ ਦੇਣ (Give & Take) ਵਿਚ ਹੈ? ਕੀ ਇਹ ਇਕ ਦੂਜੇ ਦੀਆਂ ਸਰੀਰਕ ਤੇ ਭਾਵਾਤਮਕ ਲੋੜਾਂ ਦੀ ਪ੍ਰਤੀ-ਪੂਰਤੀ ਦਾ ਨਾਂ ਹੈ? ਕੀ ਹਰ ਕੋਈ ਪਿਆਰ 'ਚੋਂ ਵੀ ਆਪਣੀ ਆਪਣੀ ਤਸੱਲੀ-ਸੰਤੁਸ਼ਟੀ ਭਾਲਦਾ ਹੈ? ਇਤਿਆਦ! ਅਨੇਕਾਂ ਪ੍ਰਸ਼ਨਾਂ ਨੂੰ ਖੜ੍ਹਾ ਕਰਨ ਵਿਚ ਇਹ ਕਹਾਣੀ ਸਫ਼ਲ ਰਹੀ ਹੈ। ਇਸੇ ਪ੍ਰਸੰਗ ਵਿਚ ਹੀ ਇਕ ਹੋਰ ਕਹਾਣੀ 'ਸ਼ੱਕ' ਨਵ-ਅਮੀਰਾਂ ਦੀ ਜੀਵਨ-ਸ਼ੈਲੀ, ਉਨ੍ਹਾਂ ਦੀ ਸੋਚ ਪ੍ਰਕ੍ਰਿਆ ਅਤੇ ਉਨ੍ਹਾਂ ਦੇ ਦੋਗਲੇ ਦੰਭੀ ਵਿਵਹਾਰ ਦੇ ਗਲਪੀ ਵੇਰਵਿਆਂ ਨੂੰ ਪੇਸ਼ ਕਰਨ ਵਿਚ ਸਮਰੱਥ ਰਹੀ ਹੈ। ਕਥਾਕਾਰ ਇਸ ਸਾਰੇ ਕੁਝ ਉੱਪਰ ਬੜੇ ਸਹਿਜ ਸੁਭਾਅ ਬੜੇ ਕਰੜੇ ਪ੍ਰਹਾਰ ਕਰਦਾ ਹੋਇਆ 'ਸ਼ੱਕ' ਦੀ ਪ੍ਰਕਿਤੀ ਤੇ ਸਰੂਪ ਨੂੰ ਉਘਾੜ ਦਿੰਦਾ ਹੈ। ਸ਼ੱਕ ਦੀ ਸੂਈ ਸਭ ਤੋਂ ਪਹਿਲਾਂ ਸਦਾ ਹੀ ਨੌਕਰਾਂ, ਚੌਥਾ ਦਰਜਾ ਮੁਲਾਜ਼ਮਾਂ, ਗਰੀਬਾਂ, ਕਮਜ਼ੋਰਾਂ ਤੇ ਛੋਟਿਆਂ 'ਤੇ ਜਾਂਦੀ ਹੈ। ਸ਼ੱਕ ਵੀ ਇਕ ਜਮਾਤੀ ਵਰਤਾਰਾ ਹੈ। ਇਸ ਕਹਾਣੀ ਵਿਚ ਜਮਾਤੀ ਵੱਡੇ ਦੇ ਸੱਚ ਦੇ ਵੇਰਵੇ ਸਮੁੱਚੀ ਕਹਾਣੀ ਦੀ ਬੁਣਤੀ ਤੇ ਬਣਤਰ ਦਾ ਅਹਿਮ ਅੰਗ ਬਣਦੇ ਹੋਏ ਜਮਾਤੀ ਵੰਡ ਵਿਰੁੱਧ ਨਫ਼ਰਤ ਦੇ ਭਾਵਾਂ ਨੂੰ ਸੰਚਾਰਿਤ ਕਰਦੇ ਹਨ।



ਇਨ੍ਹਾਂ ਦੋਵਾਂ ਕਹਾਣੀਆਂ ਤੋਂ ਛੁੱਟ ਬਾਕੀ ਚਾਰ ਕਹਾਣੀਆਂ ਯਥਾਰਥ ਤੋਂ ਟੁੱਟੀਆਂ ਅਤੇ ਪੇਸ਼ ਵਾਸਤਵਿਕਤਾ ਤੋਂ ਪੂਰੀ ਤਰ੍ਹਾਂ ਵਿਛੁੰਨੀਆਂ ਹੋਈਆਂ ਹਨ। ਇਨ੍ਹਾਂ ਵਿਚ ਪੇਸ਼ ਘਟਨਾਵਾਂ ਤੇ ਵਰਤਾਰੇ ਪ੍ਰਤੀਨਿਧ ਨਹੀਂ ਹਨ ਅਤੇ ਪਾਤਰ ਆਪਣੀ-ਆਪਣੀ ਸ਼੍ਰੇਣੀ ਦੇ ਪ੍ਰਤੀਨਿਧ ਨਹੀਂ ਹਨ। ਇਸ ਤਰ੍ਹਾਂ ਇਹ ਕਹਾਣੀਆਂ ਵਸਤੂ ਸਥਿਤੀ ਨੂੰ ਪੇਸ਼ ਕਰਨ ਵਿਚ ਅਸਮਰੱਥ ਰਹੀਆਂ ਹਨ। ਉਦਾਹਰਣ ਹਿੱਤ 'ਆਪਣੇ ਘਰ' ਕਹਾਣੀ 'ਚ ਘਰ ਦਾ ਮੋਹ, ਮਾਂ ਦੀ ਮਮਤਾ ਤੇ ਯਾਦ ਆਦਿ ਸੰਕੇਤਕ ਰੂਪ ਦਿਖਾਈ ਦਿੰਦਾ ਹੈ। ਐਪਰ ਵਿਆਹ ਦੀ ਰਸਮ ਜਾਂ ਪਾਰਟੀ ਵਿਚ ਕਿਸੇ ਸਾਕ-ਸੰਬੰਧੀ ਜਾਂ ਦੋਸਤ ਵਿਸ਼ੇਸ਼ ਦਾ ਜ਼ਿਕਰ ਨਾ ਹੋਣਾ ਅਤੇ ਸਾਰੀ ਗੱਲ ਨੂੰ ਕੇਵਲ ਇਕ ਜਾਂ ਦੋ ਵਾਕਾਂ ਵਿਚ ਸਮੇਟ ਦੇਣਾ ਯਾਂਤਰਿਕ ਪਹੁੰਚ ਦਾ ਪ੍ਰਮਾਣ ਹੈ। ਵਿਆਹ ਦੀ ਰਸਮ ਵੇਲੇ ਲੜਕੀ ਦੇ ਮਾਂ-ਬਾਪ ਹਾਜ਼ਰ ਨਹੀਂ ਹੋਏ, ਇਹ ਠੀਕ ਹੈ। ਉਹ ਇਸ ਵਿਆਹ ਨਾਲ ਸਹਿਮਤ ਨਹੀਂ ਸਨ। ਪਰ ਮੁੰਡੇ ਦੇ ਸਾਕ-ਸੰਬੰਧੀ ਤੇ ਸੱਜਣ-ਸਨੇਹੀ ਕਿੱਥੇ ਹਨ? ਅਜਿਹੇ ਪਿਆਰ ਤੇ ਅਦਾਲਤੀ ਵਿਆਹਾਂ ਵਿਚ ਭਾਰਤੀ ਸਮਾਜ ਵਿਚ ਮੁੰਡੇ ਦੀ ਧਿਰ ਤਾਂ ਕਿਸੇ ਨਾ ਕਿਸੇ ਰੂਪ ਵਿਚ ਹਾਜ਼ਰ ਹੁੰਦੀ ਹੈ। ਇਸ ਤਰ੍ਹਾਂ ਦੋਵਾਂ ਦਾ ਵਿਆਹ ਕਰਵਾ ਆਉਣਾ ਯੂਰਪ ਦੇ ਕਿਸੇ ਦੇਸ਼ ਦੀ ਰਾਜਧਾਨੀ ਵਿਚ ਤਾਂ ਸੰਭਵ ਹੋ ਸਕਦਾ ਹੈ, ਪਰ ਭਾਰਤ ਵਰਗੇ ਦੇਸ਼ ਵਿਚ ਅੱਜ ਤੋਂ 30 ਸਾਲ ਪਹਿਲਾਂ ਇਹ ਅਪਵਾਦ ਹੀ ਹੋ ਸਕਦਾ ਹੈ ਅਤੇ ਅਪਵਾਦੀ ਘਟਨਾਵਾਂ ਤੇ ਵਰਤਾਰੇ ਸਾਹਿਤ ਦਾ ਵਸਤੂ ਨਹੀਂ ਬਣਨੇ ਚਾਹੀਦੇ। ਕਥਾਕਾਰ ਅਨੁਸਾਰ 'ਤੇਲ ਚੋਣਾ ਤਾਂ ਕਿਤੇ ਰਿਹਾ, ਘਰ ਦਾ ਬੂਹਾ' ਖੋਲ੍ਹਣ ਵਾਲਾ ਵੀ ਕੋਈ ਨਹੀਂ।" (ਪੰਨਾ 13) ਜੇਕਰ ਇਹ ਆਸ ਕਰਨੀ ਜਾਇਜ਼ ਹੈ ਤਾਂ ਲੜਕੇ ਦੇ ਰਿਸ਼ਤੇਦਾਰਾਂ ਦੀ ਗ਼ੈਰ-ਹਾਜ਼ਰੀ ਕਹਾਣੀ ਦੇ ਯਥਾਰਥਕ ਹੋਣ ਨੂੰ ਸਾਬਤ ਕਰਨ ਲਈ ਕਾਫ਼ੀ ਹੈ। ਇਸ ਤਰ੍ਹਾਂ ਕਹਾਣੀ ਵਿਚ ਪੇਸ਼ ਵਿਆਹ ਭਾਰਤੀ ਫ਼ਿਲਮੀ ਅੰਦਾਜ਼ ਦਾ ਪਰਤੌ ਹੈ ਅਤੇ ਵਾਸਤਵਿਕਤਾ ਦਾ ਅਹਿਸਾਸ ਨਹੀਂ ਕਰਵਾਉਂਦਾ। ਨਿਰੋਲ ਕਲਪਨਾ ਸਫ਼ਲ ਕਹਾਣੀ ਨਹੀਂ ਸਿਰਜ ਸਕਦੀ।

'ਵਗਦੇ ਪਾਣੀ' ਕਹਾਣੀ ਦਾ ਸੰਦਰਭ ਪਰਿਪੇਖ ਤੇ ਪਿੱਠ-ਭੂਮੀ ਜੇਕਰ ਯੂਰਪੀਨ ਦੇਸ਼ ਦੀ ਹੁੰਦੀ ਤਾਂ ਚੰਗਾ ਸੀ। ਇਸ ਨਾਲ ਪੂੰਜੀਵਾਦ ਦੇ ਚਰਮ ਸੀਮਾ 'ਤੇ ਪੁੱਜਣ ਨਾਲ ਉਪਜਦੇ ਵਿਅਕਤੀਵਾਦ, ਖਾਉ-ਪੀਓ ਮੌਜ ਕਰੋ ਜਾਂ ਘੋਰ-ਸੁਆਰਥ ਦੇ ਗਲਪ ਬਿੰਬ ਉਜਾਗਰ ਹੋ ਜਾਣੇ ਸਨ। ਭਾਰਤ ਵਰਗੇ ਦੇਸ਼ ਵਿਚ, ਜਿਥੇ ਮੋਹ ਦੀਆਂ ਅਤੇ ਪਰਿਵਾਰਕ ਰਿਸ਼ਤੇ ਅਜੇ ਵੀ ਬੜੇ ਪੀਡੇ ਹਨ, ਕਹਾਣੀ ਵਿਚ ਦਰਸਾਈ ਦਰਦਨਾਕ ਮੌਤ ਦੇ ਪਰਛਾਵੇਂ ਏਨੀ ਛੇਤੀ ਨਹੀਂ ਤਿਲਕਦੇ। ਨੌਜਵਾਨ ਸਾਥੀ ਦੀ ਡੁੱਬਣ ਨਾਲ ਮੌਤ ਹੋ ਗਈ, ਪਰ ਇਕ ਦਿਨ ਦੇ ਵਕਫ਼ੇ ਬਾਅਦ ਹੀ ਸਾਰਾ ਕੁਝ ਆਮ ਵਰਗਾ ਹੋ ਗਿਆ। ਡੁੱਬਣ ਵਾਲਾ ਵਿਦਿਆਰਥੀ-ਵਿਕਰਮ ਖੁੱਲ੍ਹਦਿਲਾ, ਲਾਇਕ ਤੇ ਸ਼ਰੀਫ਼ ਮੁੰਡਾ ਦੱਸਿਆ ਗਿਆ ਹੈ, ਫਿਰ ਉਹ ਇਕੱਲਾ ਕਿਉਂ ਸੀ? ਉਹ ਕਿਵੇਂ ਡੁੱਬਾ? ਉਸ ਨੂੰ ਇਕੱਲਿਆਂ ਕਿਉਂ ਰਹਿਣ ਦਿੱਤਾ? ਕੋਈ ਜਾਣਕਾਰੀ ਉਪਲਬਧ ਨਹੀਂ। "ਵਿਕਰਮ ਦੀ ਲਾਸ਼ ਨੂੰ ਬੀਚ ਉੱਤੇ ਫਸਟ ਏਡ ਬੂਥ ਵਿਚ ਭਿਜਵਾ ਦਿੱਤਾ ਗਿਆ ਤੇ ਸਾਨੂੰ ਸਾਰਿਆਂ ਨੂੰ ਸਰ ਨੇ ਹਟ ਵਿਚ ਇਕੱਠੇ ਹੋਣ ਲਈ ਕਿਹਾ।" (ਪੰਨਾ 20) ਸਹਿਪਾਠੀ ਕਹਿ ਰਹੇ ਹਨ ਕਿ "ਸਰ, ਸਾਨੂੰ ਵਾਪਸ ਚਲੇ ਜਾਣਾ ਚਾਹੀਦਾ ਹੈ... ਏਥੇ ਹੋਰ ਨਹੀਂ ਰਿਹਾ ਜਾ ਸਕਦਾ।" (ਪੰਨਾ 20) "ਪਰ ਪਾਟਿਲ ਸਰ ਦਾ ਨਿਰਣਾ ਅੰਤਮ ਸੀ। ਅਸੀਂ ਮਿਥੇ ਮੁਤਾਬਿਕ ਹੀ ਵਾਪਸ ਮੁੜਾਂਗੇ ਤੇ ਵਿਕਰਮ ਦੀ ਲਾਸ਼ ਲੈ ਕੇ ਸ਼ਾਮੀਂ ਸਾਡੇ ਵਿਚੋਂ ਦੋ ਜਣੇ ਬੰਬਈ ਰਵਾਨਾ ਹੋ ਜਾਣਗੇ।" (ਉਹੀ) ਭਾਰਤ ਵਿਚ ਘੱਟੋ-ਘੱਟ ਅੱਜ ਵੀ ਅਜਿਹੀ ਪਹੁੰਚ ਤੇ ਵਿਵਹਾਰ ਸੰਭਵ ਨਹੀਂ? ਅਜਿਹਾ ਘੋਰ ਸੁਆਰਥੀ ਕਿਰਦਾਰ ਤੇ ਵਿਵਹਾਰ ਯੂਰਪ ਤੇ ਅਮਰੀਕਾ ਵਿਚ ਤਾਂ ਸੰਭਵ ਹੈ। ਇਸ ਘੋਰ ਮੁਜਰਮਾਨਾਂ ਸੁਆਰਥ ਨੂੰ ਪੇਸ਼ ਕਰਕੇ ਅਸੀਂ ਕੀ ਸੁਨੇਹਾ ਦੇਣਾ ਚਾਹੁੰਦੇ ਹਾਂ? ਹੋਰ ਵੇਖੋ, ਭਾਰਤੀ ਪ੍ਰਸਿਥਤੀਆਂ ਵਿਚ ਕੋਈ ਕਾਲਜੀਏਟ ਕੁੜੀ ਕਿਸੇ ਸਹਿਪਾਠੀ ਮੁੰਡੇ ਨੂੰ ਤਰਨਾ ਸਿਖਾਉਣ ਦਾ ਯਤਨ ਕਰੇ ਅਤੇ ਉਹ ਵੀ ਸ਼ਰੇਆਮ ਜਾਣੂਆਂ ਪਛਾਣੂਆਂ ਦੀ ਸੰਗਤ ਵਿਚ ਇਹ ਅਜੇ ਵੀ ਸੰਭਵ ਨਹੀਂ। ਜੇਕਰ ਕੋਈ ਇਸ ਦੇ ਯਥਾਰਥਕ ਹੋਣ ਦੀ ਜ਼ਿੱਦ ਕਰੇ ਤਾਂ ਇਹ ਅਪਵਾਦੀ ਵਾਸਤਵਿਕ ਘਟਨਾ ਹੋਵੇਗੀ, ਜਿਹੜੀ ਸਾਹਿਤ ਦਾ ਵਸਤੂ ਨਹੀਂ ਬਣਨੀ ਚਾਹੀਦੀ। ਪਰ ਕਹਾਣੀਕਾਰ ਜ਼ਿੱਦ ਕਰਦਾ ਹੋਇਆ ਦੱਸਦਾ ਹੈ, "ਲਤਾ ਤਰਨਾ ਚੰਗੀ ਤਰ੍ਹਾਂ ਜਾਣਦੀ ਸੀ ਤੇ ਉਸ ਨੇ ਮੈਨੂੰ ਬੰਬਈਉਂ

ਤੁਰਨ ਵੇਲੇ ਹੀ ਕਿਹਾ ਸੀ ਕਿ ਐਤਕੀਂ ਉਹ ਮੈਨੂੰ ਤਰਨਾ ਸਿਖਾ ਕੇ ਹੀ ਛੱਡੇਗੀ।" (ਪੰਨਾ 17) ਕਹਾਣੀ 'ਚ ਦਰਜ ਵੇਰਵਿਆਂ ਅਨੁਸਾਰ ਟੂਰ 'ਤੇ ਗਏ ਮੁੰਡੇ ਕੁੜੀਆਂ ਖੁਲ੍ਹੱਮ-ਖੁੱਲ੍ਹਾ ਸ਼ਰਾਬ ਪੀਣ ਦਾ ਪ੍ਰੋਗਰਾਮ ਬਣਾਉਂਦੇ ਹਨ ਅਤੇ ਪੀਂਦੇ ਹਨ। ਨਾਲ ਗਿਆ ਵਰਡਨ "ਸਰ" ਵੀ ਭਾਈਵਾਲ ਬਣਦਾ ਹੈ। ਇਹ ਸਾਰਾ ਕੁਝ ਯੂਰਪ ਵਿਚ ਤਾਂ ਸੰਭਵ ਹੈ, ਪਰ ਭਾਰਤ ਵਰਗੇ ਪਛੜੇ ਦੇਸ਼ ਵਿਚ ਅੱਜ ਵੀ ਨਹੀਂ।

ਯਥਾਰਥ ਦੇ ਸਨਮੁੱਖ ਹੋਣ ਦੀ ਥਾਂ ਪੇਸ਼ ਕਹਾਣੀਆਂ ਵਿਚ ਕਾਲਪਨਿਕ ਉਡਾਰੀਆਂ ਦੇ ਨਾਲ-ਨਾਲ ਰੁਮਾਂਚੀਕਰਨ ਦੀ ਪ੍ਰਵਿਰਤੀ ਵੀ ਉਗਰ ਰੂਪ ਵਿਚ ਪ੍ਰਗਟ ਹੋਈ ਹੈ। ਸੰਗ੍ਰਹਿ ਦੀ ਪਹਿਲੀ ਕਹਾਣੀ ਵਿਚ ਹੀ ਮੁੱਖ ਪਾਤਰ ਦੱਸਦਾ ਹੈ, (ਪਾਤਰ ਜਿਹੜਾ ਅੰਤਰਮੁਖ ਤੇ ਸਵੈ-ਕੇਂਦਰਿਤ ਦਰਸਾਇਆ ਗਿਆ ਹੈ) "ਪਾਪਾ-ਮਾਂ ਨਾਲ ਕੋਈ ਏਧਰ-ਉੱਧਰ ਦੀ ਗੱਲ ਕਰਨ ਵਿਚ ਉਸ ਨੂੰ ਜ਼ਿਆਦਾ ਸੁਆਦ ਆਉਂਦਾ ਸੀ ਤੇ ਇਹ ਏਧਰ ਉਧਰ ਦੀ ਗੱਲ ਸਿਆਸਤ ਤੋਂ ਲੈ ਕੇ ਪਾਪਾ ਦੀ ਪਹਿਲੀ ਮੁਹੱਬਤ ਤੀਕ ਹੋ ਸਕਦੀ ਸੀ।" (ਪੰਨਾ 10) ਮੁੱਖ ਪਾਤਰ ਆਪਣੇ ਮਾਂ ਬਾਪ ਦੀ ਮੌਤ ਤੋਂ ਬਾਅਦ ਵੀ ਉਨ੍ਹਾਂ ਦੇ "ਸੌਣ ਕਮਰੇ ਵਿਚ ਬੈੱਡ ਕਵਰ ਫੇਰ ਵੀ ਹਰ ਤੀਜੇ ਦਿਨ ਜ਼ਰੂਰ ਬਦਲਦਾ ਸੀ।" (ਪੰਨਾ 11) ਇਹੀ ਰੁਮਾਂਚੀਕਰਨ ਦੀ ਪ੍ਰਵਿਰਤੀ 'ਵਗਦੇ ਪਾਣੀ' ਵਿਚ ਵੀ ਵੇਖੀ ਜਾ ਸਕਦੀ ਹੈ।

"ਤੀਹ ਵਿਦਿਆਰਥੀਆਂ ਦੀ ਉਸ ਟੋਲੀ ਵਿਚ ਮੈਂ ਹੀ 'ਕੱਲਾ ਸਾਂ ਜਿਸ ਨੂੰ ਨੌਂ ਵਿਚੋਂ ਦੋ ਕੁੜੀਆਂ ਆਪਣੇ ਮੇਜ਼ 'ਤੇ ਬਿਠਾ ਸਕਣ ਦੀ ਸਫ਼ਲਤਾ ਪ੍ਰਾਪਤ ਹੋਈ ਸੀ। ਵਰਨਾ ਕੁਝ ਮੇਜ਼ ਤਾਂ ਜਾਂ ਨਿਰੋਲ ਕੁੜੀਆਂ ਨੇ ਮੱਲੇ ਹੋਏ ਸਨ ਤੇ ਕੁਝ ਬਿਲਕੁੱਲ ਹੀ ਉਨ੍ਹਾਂ ਤੋਂ ਸੱਖਣੇ ਸਨ।" ਲੋਕਾਂ ਦੇ ਧਿਆਨ ਦਾ ਕੇਂਦਰ ਬਣਨਾ, ਮੱਧ ਸ਼੍ਰੇਣਿਕ ਮਾਨਸਿਕਤਾ ਨੂੰ ਬੜਾ ਸਖਾਉਂਦਾ ਹੈ। ਵਿਸ਼ੇਸ਼ ਕਰਕੇ ਜਦੋਂ ਲੋਕਾਂ ਵਿਚ ਸਹਿਕਰਮੀ, ਸਹਿਪਾਠੀ ਜਾਂ ਵਾਕਫ਼ਕਾਰ ਹੋਣ!

ਅਸਲ ਵਿਚ ਸਾਰੀਆਂ ਕਹਾਣੀਆਂ ਉੱਚ ਮੱਧ-ਸ਼੍ਰੇਣੀ ਦੇ ਚੋਚਲਿਆਂ ਦਾ ਸ਼ਾਬਦਿਕ ਰੂਪਾਂਤਰਣ ਹੈ। ਉੱਚ ਮੱਧ ਸ਼੍ਰੇਣੀ ਦੀ ਵੀ ਉਹ ਪਰਤ ਜਿਹੜੀ ਹਾਕਮ ਜਮਾਤਾਂ ਵਿਚ ਰਲਣ ਲਈ ਤਰਲੋ ਮੱਛੀ ਹੋ ਰਹੀ ਹੈ। ਜਿਨ੍ਹਾਂ ਲਈ ਇਸ਼ਕ, ਖਾਣਾ-ਪੀਣ, ਮੌਜ-ਮਸਤੀ ਕਰਨੀ ਅਤੇ ਲਿੰਗਕ ਅਵੈੜ ਹੀ ਇਕੋ ਇਕ ਮਸਲੇ ਹਨ। ਸਮੁੱਚੇ ਸੰਗ੍ਰਹਿ ਵਿਚ ਵੰਚਿਤ ਧਿਰ ਤੇ ਮਸਲਿਆਂ ਦਾ ਕੋਈ ਜ਼ਿਕਰ ਤੱਕ ਨਹੀਂ ਹੈ ਅਤੇ ਨਾ ਹੀ ਮਨੁੱਖਤਾ ਨੂੰ ਦਰਪੇਸ਼ ਮਸਲਿਆਂ ਦਾ ਕੋਈ ਸੰਕੇਤ ਹੈ। ਇਸ ਤਰ੍ਹਾਂ 'ਜਲਾਵਤਨ' ਕਹਾਣੀ ਸੰਗ੍ਰਹਿ ਵਿਚ ਲੋਕ ਮਸਲੇ ਪੂਰੀ ਤਰ੍ਹਾਂ ਜਲਾਵਤਨ ਹਨ। ਸੰਗ੍ਰਹਿ ਦੀ ਇਕ ਕਹਾਣੀ ਦੇ ਪਾਤਰ ਕਾਲਜੀਏਟ ਮੁੰਡੇ-ਕੁੜੀਆਂ 15-15 ਦਿਨ ਸੈਰਾਂ ਕਰਦੇ ਹਨ ਅਤੇ ਇਨ੍ਹਾਂ ਸੈਰਾਂ ਦੌਰਾਨ "ਮੁੰਡਿਆਂ-ਕੁੜੀਆਂ ਦੀਆਂ ਆਪਸੀ ਮਿਲਣੀਆਂ ਉੱਤੇ ਨਿਗਰਾਨ ਅਧਿਆਪਕ ਦੀਆਂ ਦਹਾੜਾਂ ਦੀ ਤਲਵਾਰ ਨਹੀਂ ਸੀ ਲਟਕਦੀ, ਸੋ ਜਿਹੜੀਆਂ ਮੁਹੱਬਤਾਂ ਬੰਬਈ ਦੇ ਹੋਸਟਲਾਂ ਵਿਚ ਦੱਬੀਆਂ-ਦੱਬੀਆਂ ਸਨ, ਹੁਣ ਸਾਗਰ ਕੰਢੇ ਦੀਆਂ ਖੁੱਲ੍ਹੀਆਂ ਹਵਾਵਾਂ ਵਿਚ 'ਫਲਰਿਸ਼' ਕਰ ਰਹੀਆਂ ਸਨ। ਯੂਰਪ, ਜਿਥੇ ਬੇਬਹਾ ਖੁੱਲ੍ਹਾਂ ਹਨ ਅਤੇ ਜਿਥੇ ਅਕਾਦਮਿਕਤਾ ਦਾ ਵੀ ਇਕ ਪੱਧਰ ਹੈ, ਵਿਚ ਤਾ ਅਜਿਹਾ ਸੰਭਵ ਹੈ, ਪਰ ਭਾਰਤ ਵਿਚ ਅਜੇ ਵੀ ਸੰਭਵ ਨਹੀਂ। ਹਾਂ, ਭਾਰਤ ਦੇ ਉਪਰਲੇ ਦੋ ਕਰੋੜ ਲੋਕਾਂ 'ਚ ਇਹੰ ਵਰਤਾਰਾ ਹੋ ਸਕਦਾ ਹੈ।

'ਸਾਡੇ ਲੋਕ' ਸ਼ਰਾਬ ਸਿਰ ਨੂੰ ਚੱਕਰ ਦੇਣ ਲਈ ਪੀਂਦੇ ਹਨ। (ਕੁਝ ਘੜੀਆਂ ਕੌੜੀ-ਕੁਸੈਲੀ ਜ਼ਿੰਦਗੀ ਤੋਂ ਪਰ੍ਹੇ ਜਾਣ ਲਈ, ਭਰਮ ਸਿਰਜਣ ਲਈ ਜਾਂ ਕੁਝ ਘੜੀਆਂ ਪਾਗਲ ਜਾਂ ਸ਼ੈਦਾਈ ਬਣਨ ਲਈ। ਉਂਝ ਥੋੜ੍ਹੀ ਸ਼ਰਾਬ ਥੋੜ੍ਹਾ ਨੁਕਸਾਨ ਕਰਦੀ ਹੈ ਅਤੇ ਬਹੁਤੀ ਪੀਣੀ ਬਹੁਤਾ) ਪਰ ਜਲਾਵਤਨ ਵਿਚਲੀਆਂ ਕਹਾਣੀਆਂ ਦੇ ਪਾਤਰ ਬੀਅਰ ਬਾਰੇ ਵੀ ਚੋਣ ਕਰਦੇ ਹਨ: "ਹਾਈਨੇਕਨ, ਲੌਵਿਨ ਬਰਾਓ, ਬਲੈਕ ਲੇਬਲ....ਆਦਿ।" ਪਾਤਰਾਂ ਪਾਸ ਕਈ ਦੇਸ਼ਾਂ ਦੀਆਂ ਕਰੰਸੀਆਂ ਹਨ। ਪਾਤਰ ਵਿਦੇਸ਼ੀ ਯੂਨੀਵਰਸਿਟੀਆਂ ਵਿਚ ਪੜ੍ਹਦੇ, ਇਸ਼ਕ ਲੜਾਉਂਦੇ, ਸੈਰਾਂ ਕਰਦੇ ਤੇ ਵਿਆਹ ਕਰਵਾਉਂਦੇ ਹਨ। ਜਲਾਵਤਨ ਦੀ ਪਾਤਰ ਕਰਤਾਰ ਉਰਫ਼ ਤਾਰੀ ਦੱਸਦੀ ਹੈ : "ਬਲਜੀਤ ਨੇ ਹੀ ਮੈਨੂੰ ਪਹਿਲੀ ਵਾਰ ਜਿਨ-ਟੌਨਿਕ ਦਾ ਗਲਾਸ ਪੇਸ਼ ਕੀਤਾ ਤੇ ਪਿਆਇਆ।" (ਪੰਨਾ 43) ਇਸੇ ਕਹਾਣੀ ਦੀ ਇਕ ਹੋਰ ਪਾਤਰ ਸੁਮੀ ਨੇ "ਨਾਪਾਘਾਟੀ ਵਿਚ ਉੱਗਦੇ ਅੰਗੂਰਾਂ ਤੋਂ ਬਣੀ ਵਧੀਆ ਅਤੇ ਮਹਿੰਗੀ ਵਾਈਨ ਦੀ ਬੋਤਲ ਖੋਲ੍ਹੀ ਸੀ। ਇਹ ਬੋਤਲਾਂ ਮੈਂ 1993



ਤੋਂ ਸਾਂਭ ਕੇ ਰੱਖੀਆਂ ਹੋਈਆਂ ਹਨ। ਸਿਰਫ਼ ਚੋਣਵੇਂ ਮੌਕਿਆਂ ਉੱਤੇ ਹੀ ਖੋਲ੍ਹਣ ਲਈ।" (ਪੰਨਾ 37) ਨੋਟ ਕਰੋ ਅੰਗੂਰ ਨਾਪਾਘਾਟੀ ਦੇ ਹਨ, ਬਠਿੰਡੇ ਦੇ ਰੇਤਲੇ ਮੈਦਾਨਾਂ ਦੇ ਨਹੀਂ! ਭਤੀਜੀ, ਮਾਂ, ਬਾਪ ਤੇ ਚਾਚੇ ਦੀ ਮਹਿਫ਼ਿਲ 'ਚ ਸਾਕੀ ਦੀ ਸੇਵਾ ਨਿਭਾਉਂਦੀ ਹੈ। ਉਹ ਮਾਂ ਨੂੰ ਪੈੱਗ ਬਣਾ ਕੇ ਪੇਸ਼ ਕਰਦੀ ਹੋਈ ਕਹਿੰਦੀ ਹੈ:

"And here is your drink, Mama, But please go slow." ਪਤੀ-ਪਤਨੀ ਦਾ ਤਲਾਕ ਹੋ ਚੁੱਕਾ ਹੈ। ਉਹ ਛੇ ਮਹੀਨਿਆਂ ਤੋਂ ਵੱਖ-ਵੱਖ ਰਹਿ ਰਹੇ ਹਨ। ਪਰ ਵਿਛੜਨ ਵੇਲੇ (ਦੇਸ਼ ਛੱਡਣ) ਸ਼ਰਾਬ ਦੀ ਮਹਿਫ਼ਿਲ ਜਮਾਉਂਦੇ ਹਨ। ਹੈ ਕਿ ਨਹੀਂ ਕਮਾਲ! ਨਹੀਂ ਮਿੱਤਰੋ! ਯੂਰਪ ਤੇ ਭਾਰਤ ਦੇ ਉਪਰਲੇ ਦੋ ਕਰੋੜਾਂ 'ਚ ਅਜਿਹਾ ਸੰਭਵ ਹੈ। ਸੁਕੀਰਤ ਤੁਹਾਡੀ ਜਾਣਕਾਰੀ 'ਚ ਵਾਧਾ ਕਰ ਰਿਹਾ ਹੈ। ਉਸ ਦਾ ਧੰਨਵਾਦ ਕਰੋ। 'ਵਾਪਸੀ' ਕਹਾਣੀ ਦੀ ਮੁੱਖ ਪਾਤਰ ਸੁਮਿਤਾ ਨੂੰ ਆਪਣੇ ਦੇਸ਼ ਪਰਤ ਕੇ ਔਰਤ ਤੇ ਇਕ ਪੜ੍ਹੀ-ਲਿਖੀ ਅਧਖੜ ਵਿਅਕਤੀ ਵਜੋਂ ਜੀਵਨ ਬਸਰ ਕਰਨ ਵਿਚ ਆਉਣ ਵਾਲੀਆਂ ਮੁਸ਼ਕਿਲਾਂ ਦੀ ਕੋਈ ਚਿੰਤਾ ਨਹੀਂ। ਉਹ ਕੇਵਲ ਟੁੱਟ ਚੁੱਕੀ ਮੁਹੱਬਤ ਤੇ ਬੀਤ ਗਏ ਵਿਆਹੁਤਾ ਜੀਵਨ 'ਤੇ ਝੋਰਾ ਕਰ ਰਹੀ ਹੈ। ਉਹ ਤਲਖ਼ ਹਕੀਕਤਾਂ ਦੇ ਰੂ-ਬ-ਰੂ ਹੋਣ ਲਈ ਤਿਆਰੀ ਨਹੀਂ ਕਰ ਰਹੀ। ਇਸ ਕਹਾਣੀ 'ਚ ਸੁਨੇਹਾ ਕੀ ਹੈ? ਉਦੇਸ਼ ਕੀ ਹੈ? ਉੱਚ ਮੱਧ ਸ਼੍ਰੇਣੀ ਦੀ ਜਜ਼ਬਾਤੀ ਜ਼ਿੰਦਗੀ ਦਾ ਵਿਵਰਣ, ਜਿਨ੍ਹਾਂ ਵਿਚ ਰੋਟੀ, ਕੱਪੜਾ, ਮਕਾਨ, ਸਿਹਤ, ਸਿੱਖਿਆ ਤੇ ਰੁਜ਼ਗਾਰ ਦਾ ਕੋਈ ਮਸਲਾ ਨਹੀਂ ਹੈ ਨਾ ਹੀ ਇਨ੍ਹਾਂ ਬਾਰੇ ਉਨ੍ਹਾਂ ਨੂੰ ਸੋਚਣ ਦੀ ਕੋਈ ਲੋੜ। ਇਸ ਉੱਚ ਮੱਧ ਸ਼੍ਰੇਣੀ ਦੇ ਰਸੋਈ ਦੇ ਸਮਾਨ ਦੀ ਇਕ ਝਲਕ ਪਾ ਲਈਏ: "ਸਿਮਰਨ ਦੀ ਮਾਂ ਦੇ ਵਿਆਹ ਵੇਲੇ ਦੇ ਸਾਂਭੇ ਹੋਏ ਵਲੈਤੀ ਡਿਨਰ ਸੈੱਟ, ਰਮੇਸ਼ ਦੀ ਭੈਣ ਦਾ ਅਮਰੀਕਾ ਤੋਂ ਭੇਜਿਆ 'ਪਾਇਰੇਕਸ' ਦਾ ਟੀ ਸੈੱਟ-ਸਾਰਾ ਕੁਝ ਅਲਮਾਰੀ ਵਿਚੋਂ ਬਾਹਰ ਹੈ।" (ਪੰਨਾ 63) ਇਨ੍ਹਾਂ ਕਹਾਣੀਆਂ ਵਿਚ ਉਨ੍ਹਾਂ ਲੋਕਾਂ ਦੀਆਂ ਗੱਲਾਂ ਹਨ, "ਜਿਨ੍ਹਾਂ ਲਈ ਘਰਾਂ ਦੀਆਂ ਕੰਧਾਂ ਦੀ ਵੱਖਰੀ ਹੋਂਦ ਸੀ, ਬਾਰੀਆਂ ਦੇ ਮਾਇਨੇ ਸਨ, ਨੁੱਕਰਾਂ ਦੇ ਅਰਥ ਸਨ।" ਜਿਨ੍ਹਾਂ ਨੇ 'ਗਲਿਆਰਿਆਂ ਵਿਚ ਤਸਵੀਰਾਂ ਲਾਉਣ ਦੀਆਂ ਥਾਵਾਂ' ਦੀ ਚੋਣ ਮਸਲਾ ਹੁੰਦਾ ਹੈ। ਜਿਨ੍ਹਾਂ ਲਈ 'ਕਮਰਿਆਂ ਵਿਚ ਫਰਨੀਚਰ ਬੀੜਨ ਦੀਆਂ ਜੁਗਤਾਂ' ਜਾਨਣਾ ਮਸਲਾ ਹੁੰਦਾ ਹੈ। 'ਜੁਗਤਾਂ ਜਿਹੜੀਆਂ ਅਣਗੌਲੇ ਕੋਨਿਆਂ ਨੂੰ ਸਰਸ਼ਾਰ ਕਰ' ਦੇਣ ਅਤੇ 'ਖਾਲੀ ਲੱਗਣ ਵਾਲੀਆਂ ਥਾਵਾਂ ਨੂੰ ਇਕ ਕਿਰਦਾਰ' ਬਖ਼ਸ਼ ਦੇਣ। (ਪੰਨਾ 68) ਕਹਾਣੀ ਦਾ ਇਕ ਪਾਤਰ ਗੁਣਰਾਜ ਫਰੈਂਕਫਰਟ ਦਾ 'ਸਭ ਤੋਂ ਵਧੀਆ ਹਿੰਦੁਸਤਾਨੀ ਰੈਸਟੋਰੈਂਟ ਚਲਾਉਂਦਾ ਹੈ।" (ਪੰਨਾ 72) ਇਨ੍ਹਾਂ ਕਹਾਣੀਆਂ ਦੇ ਪਾਤਰਾਂ ਦੇ ਮਸਲੇ ਹਨ: 'ਤੇਰਾ ਚਾਚਾ ਸਿਰਫ਼ ਸਿੰਗਲ ਮਾਲਟ ਵਿਸਕੀ ਹੀ ਪਸੰਦ ਕਰਦਾ ਹੈ। ਤੇਰੀ ਫੇਵਰਿਟ ਅਜੇ ਵੀ ਟੈਲਿਸਕਰ ਹੀ ਹੈ ਨਾ?' ਕਹਾਣੀਆਂ ਦੇ ਪਾਤਰ ਜਰਮਨ ਤਦੇ ਹੀ ਜਾਣਾ ਪਸੰਦ ਕਰਦੇ ਹਨ 'ਜੇਕਰ ਮੈਨੂੰ ਹਾਈ ਡਲਬਰਗ ਲੈ ਕੇ ਚੱਲੋਗੇ। ਬਾਵਰੀਆਂ ਦਿਖਾ ਕੇ ਲਿਆਉਣਗੇ। ਨਾ ਮੈਨੂੰ ਫਰੈਂਕਫਰਟ ਵਿਚ ਦਿਲਚਸਪੀ ਹੈ ਤੇ ਨਾ ਹੀ ਤੁਹਾਡੇ ਰੈਸਟੋਰੈਂਟ ਦੇ ਨਕਲੀ ਮੁਮਲਈ ਖਾਣੇ ਵਿਚ ਹੈ।' 'ਵਾਪਸੀ' ਤੇ 'ਮੈਨਾ ਭਾਬੀ' ਵਿਚ ਔਰਤ ਦੀ ਹੀਣ ਸਥਿਤੀ ਦੇ ਵੇਰਵੇ ਤਾਂ ਹਨ। ਉਸ ਨੂੰ ਹਾਰਦੀ, ਸਮਝੌਤੇ ਕਰਨ ਲਈ ਮਜਬੂਰ ਅਤੇ ਆਪਣੀਆਂ ਇੱਛਾਵਾਂ ਨੂੰ ਅੰਦਰੋ-ਅੰਦਰੀਂ ਡੱਕਦੀ ਦਬਾਉਂਦੀ ਹੋਈ ਤਾਂ ਦਰਸਾਇਆ ਗਿਆ ਹੈ। ਪਰ ਕਿਸ ਔਰਤ ਦੀ ਗੱਲ ਹੋ ਰਹੀ ਹੈ? ਭਾਰਤ ਦੀਆਂ 90% ਔਰਤਾਂ ਦੀ ਹੀਣ-ਸਥਿਤੀ, ਉਨ੍ਹਾਂ ਦੁਆਰਾ ਉਠਾਏ ਜਾ ਰਹੇ ਅਕਹਿ ਤੇ ਅਸਹਿ ਕਸ਼ਟਾਂ ਦੀ ਪੇਸ਼ਕਾਰੀ ਕਿਉਂ ਨਹੀਂ ਕੀਤੀ ਜਾ ਰਹੀ ਹੈ? ਉਨ੍ਹਾਂ ਨਾਲ ਜਿਹੜਾ ਜਨਮ ਤੋਂ ਮਰਨ ਤੱਕ ਅਤੇ ਜ਼ਿੰਦਗੀ ਦੇ ਹਰ ਖੇਤਰ ਵਿਚ ਵਿਤਕਰਾ ਹੋ ਰਿਹਾ ਹੈ, ਉਸ ਨੂੰ ਕੌਣ ਪੇਸ਼ ਕਰੇਗਾ? ਲੇਖਕ ਦੀ ਅਜਿਹੀ ਪਹੁੰਚ ਦ੍ਰਿਸ਼ਟੀ ਉਸ ਨੂੰ ਸਮਲੈਂਗਿਕਤਾ ਵਰਗੇ ਅਵੈੜ. ਜਿਨਸੀ ਵਿਵਹਾਰ ਦੀ ਸ਼ਲਾਘਾ ਕਰਨ ਵੱਲ ਲੈ ਜਾਂਦੀ ਹੈ। 'ਜਲਾਵਤਨ' ਦੀ ਨਾਇਕਾ ਸੁਮੀ ਦੇ ਇਸ ਅਵੈੜ ਲਈ ਕੋਈ ਸਮਾਜਿਕ-ਸਭਿਆਚਾਰਕ ਪਰਿਪੇਖ ਨਹੀਂ ਸਿਰਜਿਆ ਗਿਆ। ਉਸ ਨੂੰ ਪੁਰਸ਼ਾਂ ਤੋਂ ਕਿਉਂ ਨਫ਼ਰਤ ਹੈ? ਉਸ ਨੇ ਇਸ ਸਵੈ-ਕੇਂਦਰਿਤ, ਸਨਕੀ ਅਲਗਾਵਵਾਦੀ ਹੋਣੀ ਕਿਉਂ ਪ੍ਰਵਾਨ ਕਰ ਲਈ ਹੈ? ਉਹ ਤੇਜ਼ ਬੁੱਧ ਹੋ ਸਕਦੀ ਹੈ, ਮਿਹਨਤੀ ਤੇ ਗਿਆਨ ਦੀ ਅਭਿਲਾਸ਼ੀ ਹੋ ਸਕਦੀ ਹੈ। ਪਰ ਉਹ ਪੁਰਸ਼ ਨਾਲ ਵਿਆਹ ਨਾ ਕਰਵਾ ਕੇ ਜਾਂ ਇਕੱਲਿਆ ਰਹਿ ਕੇ ਜਾਂ ਸਮਲੈਂਗਿਕ ਰਹਿ ਕੇ, ਕੀ ਵਿਸ਼ੇਸ਼ ਕਰਨਾ ਚਾਹੁੰਦੀ ਹੈ? ਉਸ ਦੇ ਸਾਹਮਣੇ ਕੀ ਆਦਰਸ਼ ਹਨ? ਉਹ ਕਿਹੜੇ ਸਿਧਾਂਤਾਂ ਜਾਂ ਵਿਚਾਰਾਂ ਦੀ ਧਾਰਨੀ ਹੈ? ਉਹ ਕਿਨ੍ਹਾਂ ਸਿਧਾਂਤਾਂ

ਦੀ ਰਾਖੀ ਲਈ ਖੜ੍ਹਨਾ-ਲੜ੍ਹਨਾ ਚਾਹੁੰਦੀ ਹੈ? ਸੂਮੀ ਦਾ ਕਾਲਜ ਤੋਂ ਬਾਅਦ ਵਾਲਾ ਸਮਾਂ 'ਔਰਤਾਂ ਦੀਆਂ ਸਮੱਸਿਆਵਾਂ ਨਾਲ ਜੁੜੀਆਂ ਜਥੇਬੰਦੀਆਂ ਦੇ ਕੰਮਾਂ ਦੇ ਲੇਖੇ ਲੱਗ ਜਾਂਦਾ ਸੀ।' ਪਰ ਇਨ੍ਹਾਂ ਜਥੇਬੰਦੀਆਂ ਜਾਂ ਸੂਮੀ ਦੇ ਕੰਮ ਦੀ ਦਿਸ਼ਾ ਜਾਂ ਦਸ਼ਾ ਕੀ ਹੈ? ਕੀ ਇਹ ਸਮਲੈਂਗਿਕਤਾ ਦਾ ਪ੍ਰਚਾਰ ਕਰਦੀਆਂ ਹਨ? ਔਰਤ, ਔਰਤ ਨਾਲ ਪਿਆਰ ਕਰੇ, ਪਰ ਜੋ ਪ੍ਰਕ੍ਰਿਤਕ ਰਿਸ਼ਤਾ ਪੁਰਸ਼ ਦਾ ਔਰਤ ਨਾਲ ਹੈ, ਉਸ ਨੂੰ ਰੱਦ ਕਿਉਂ ਕੀਤਾ ਜਾਵੇ? ਕੁਦਰਤੀ ਜੀਵ ਵਿਗਿਆਨਕ ਤੇ ਜੈਵਿਕ ਸੰਬੰਧਾਂ ਦਾ ਨਿਖੇਧ ਕਿਉਂ? ਸੂਮੀ ਦਾ ਮਸਲਾ ਕੀ ਹੈ? 'ਮੈਂ ਸਿਰਫ਼ ਕਿਸੇ ਔਰਤ ਨੂੰ ਹੀ ਪਿਆਰ ਕਰ ਸਕਦੀ ਹਾਂ, ਤੇ ਉਹ ਪਿਆਰ ਜੇ ਕਦੇ ਮੈਨੂੰ ਇਥੇ ਲੱਭ ਵੀ ਗਿਆ, ਉਸ ਨੇ ਮੇਰਾ ਹੋ ਨਹੀਂ ਸਕਣਾ। ਉਸੇ ਪਿਆਰ ਦੀ ਭਾਲ ਵਿਚ ਮੈਂ ਆਪਣੇ ਆਪ ਨੂੰ ਜਲਾਵਤਨ ਕਰ ਰਹੀ ਹਾਂ I am a sexcually exile.....driven out of this country for my sexual beliefs." (ਪੰਨਾ 45) ਅਤੇ ਉਹ ਗਲ ਸੜ ਚੁੱਕੇ ਅਮਰੀਕਨ ਸਭਿਆਚਾਰ ਦਾ ਅੰਗ ਬਣਨ ਚਲੀ ਗਈ। ਭਾਰਤੀ ਔਰਤ, ਉਨ੍ਹਾਂ ਦੀਆਂ ਜਥੇਬੰਦੀਆਂ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਠੰਡੇ ਬਸਤੇ ਵਿਚ ਰੱਖ ਕੇ ਉਹ ਆਪਣੇ ਜਿਨਸੀ ਵਿਵਹਾਰ ਦੀ ਆਜ਼ਾਦੀ ਲਈ 'ਜਲਾਵਤਨ' ਹੋ ਰਹੀ ਹੈ। ਕਿਆ ਕਮਾਲ ਹੈ! ਕਿਹਾ ਆਦਰਸ਼ ਹੈ। ਉਂਝ ਉਸ ਨੂੰ ਅਹਿਸਾਸ ਹੈ, "ਨਾ ਸਿਰਫ਼ ਮੇਰੇ ਵੱਖਰੇਪਣ ਤੋਂ ਤੂੰ ਘਬਰਾਉਂਦੀ ਹੈ, ਤੇਰੇ ਅੰਦਰ ਕਿਧਰੇ ਏਸ ਵੱਖਰੇਪਣ ਬਾਰੇ ਘੋਰ ਸ਼ਰਮਿੰਦਗੀ ਦਾ ਅਹਿਸਾਸ ਵੀ ਹੈ।

ਤੂੰ ਮੇਰੇ ਨਾਲ 'ਡੀਲ' ਕਰ ਸਕਦੀ ਹੈਂ। ਮੇਰੇ ਲੈਸਬੀਅਨ ਹੋਣ ਨਾਲ ਨਹੀਂ। ਮੇਰੀਆਂ ਜਿਸਮਾਨੀ ਲੋੜਾਂ ਦਾ ਵੱਖਰਾਪਣ ਤੈਨੂੰ ਤੰਗ ਕਰਦਾ ਹੈ....ਤੇ ਮੈਂ ਤੇਰੀ ਇਸ ਬੇਚੈਨੀ ਨੂੰ ਵਧਾਉਣਾ ਨਹੀਂ ਚਾਹੁੰਦੀ। ਨਾ ਹੀ ਆਪਣੀਆਂ ਲੋੜਾਂ ਬਾਰੇ ਕੋਈ ਵੀ ਜਸਟੀਫਿਕੇਸ਼ਨ ਕਿਸੇ ਨੂੰ ਦੇਣਾ ਚਾਹੁੰਦੀ ਹਾਂ।" (ਪੰਨਾ 49) ਜਸਟੀਫਿਕੇਸ਼ਨ ਹੋ ਵੀ ਕੀ ਸਕਦੀ ਹੈ? ਪਰਿਵਾਰਕ ਤੇ ਸਮਾਜਿਕ ਜ਼ਿੰਮੇਵਾਰੀਆਂ ਤੋਂ ਬਚਣਾ, ਆਪਣੇ ਆਪ ਤੱਕ ਸੀਮਤ ਤੇ ਸਵੈ-ਕੇਂਦਰਿਤ ਰਹਿਣਾ, ਘੋਰ ਸੁਆਰਥ, ਉੱਲੂ-ਸਿੱਧਾਵਾਦ, ਕੁਦਰਤ ਦੇ ਨੇਮਾਂ ਦੀ ਉਲੰਘਣਾ, ਅਨਾਰਕੀ, ਸਮਾਜਿਕ ਵਿਕਾਸ ਵਿਚ ਹਿੱਸਾ ਪਾਉਣ ਤੋਂ ਨਾਂਹ, ਗ਼ੈਰ-ਕੁਦਰਤੀ ਵਿਵਹਾਰ ਤੇ ਕਿਰਦਾਰ ਦਾ ਵਿਕਾਸ। ਇਹ ਕੇਹੀ ਪਹੁੰਚ ਦ੍ਰਿਸ਼ਟੀ ਹੈ। ਕਿਤੇ ਇਹ ਵਿਕਾਸ ਵਿਨਾਸ਼ ਵੱਲ 'ਤੇ ਨਹੀਂ ਜਾਏਗਾ। ਉਸ ਦੀ ਸਹੇਲੀ ਤਾਰੀ ਵੀ ਸਾਰੀ ਉਮਰ ਅਮੀਰੀ ਭੋਗ ਕੇ ਲਾਖੀ ਵਾਈਨ ਦੇ ਨਸ਼ੇ ਵਿਚ ਕਹਿੰਦੀ ਹੈ : "ਜਲਾਵਤਨੀ ਮੈਂ ਕੱਟੀ ਹੈ ਸਾਰੀ ਉਮਰ ਸੂਮੀ। I am the sexual exile sumy, not you. ਮੈਂ ਹਾਂ ਜਿਸ ਨੇ ਸਾਰੀ ਉਮਰ ਆਪ ਸਹੇੜੀ ਜਲਾਵਤਨੀ ਕੱਟੀ ਹੈ-ਜਲਾਵਤਨ ਮੈਂ ਆਪਣੇ ਆਪ ਨੂੰ ਕੀਤਾ ਹੈ। ਕਹਾਣੀ ਦੀ ਨਾਇਕਾ ਸੂਮੀ ਦੀ ਸਭ ਤੋਂ ਵੱਡੀ ਸਮੱਸਿਆ ਹੈ, ਜਿਸ ਨੂੰ ਉਹ ਇਕ ਪ੍ਰਸ਼ਨ ਦੇ ਰੂਪ ਵਿਚ ਉਠਾਉਂਦੀ ਹੈ : "ਕੀ ਹਰ ਔਰਤ ਦਾ ਮਰਦ ਨਾਲ ਹੀ ਰਹਿਣਾ ਜ਼ਰੂਰੀ ਹੈ? ਦੋ ਔਰਤਾਂ ਇਕੱਠੀਆਂ ਕਿਉਂ ਨਹੀਂ ਰਹਿ ਸਕਦੀਆਂ?" (ਪੰਨਾ42-ਉੱਚ ਮੱਧ ਸ਼੍ਰੇਣੀ ਦੇ ਘਰਾਂ ਦੀਆਂ ਕੁੜੀਆਂ ਜਿਨ੍ਹਾਂ ਨੇ ਉੱਚਤਮ ਵਿਦਿਆ ਹਾਸਲ ਕੀਤੀ ਹੈ, ਆਪਣੇ-ਆਪਣੇ ਢੰਗ ਨਾਲ ਮਨ ਪਸੰਦ ਜ਼ਿੰਦਗੀਆਂ ਜੀਵੀਆਂ ਹਨ, ਪਰ ਉਹ ਆਪਣੇ ਆਪ ਨੂੰ ਜਲਾਵਤਨ ਮਹਿਸੂਸ ਕਰ ਰਹੀਆਂ ਹਨ। ਇਹ ਕੀ ਸੁਨੇਹਾ ਹੈ? ਕੀ ਪੰਜਾਬੀ ਪਾਠਕਾਂ ਨੂੰ ਇਨ੍ਹਾਂ ਨਾਲ ਹਮਦਰਦੀ ਹੋ ਸਕਦੀ ਹੈ? ਹਰਗਿਜ਼ ਨਹੀਂ। ਸਮੁੱਚੇ ਸੰਗ੍ਰਹਿ ਵਿਚ 'ਸ਼ੱਕ' ਕਹਾਣੀ ਦੀ ਇਕ ਪਾਤਰ-ਬੰਗਲਾਦੇਸ਼ੀ ਨਜ਼ਮਾ ਹੀ ਹੈ, ਜਿਸ ਪ੍ਰਤੀ ਪਾਠਕ ਦੇ ਮਨ ਵਿਚ ਮਨੁੱਖੀ ਸੰਵੇਦਨਾ ਜਾਗਦੀ ਹੈ ਅਤੇ ਜਿਹੜੀਆਂ ਪ੍ਰਸਥਿਤੀਆਂ ਵਿਚ ਉਹ ਰਹਿ ਰਹੀ ਹੈ, ਉਨ੍ਹਾਂ ਪ੍ਰਤੀ ਨਫ਼ਰਤ ਤੇ ਗੁੱਸੇ ਦੀ ਇਕ ਭਾਵਨਾ ਪਨਪਦੀ ਹੈ। ਬਾਕੀ ਕਹਾਣੀਆਂ ਤਾਂ ਵਸਤੂ ਯਥਾਰਥ ਤੇ ਬਾਹਰਮੁਖੀ ਹਾਲਤਾਂ/ਪ੍ਰਸਥਿਤੀਆਂ ਤੋਂ ਪੂਰਨ ਭਾਂਤ ਟੁੱਟੀਆਂ ਹੋਈਆਂ ਪ੍ਰਤੀਤ ਹੁੰਦੀਆਂ ਹਨ। ਇਨ੍ਹਾਂ ਵਿਚ ਇਕ ਵੀ ਕਿਸਾਨ, ਮਜ਼ਦੂਰ, ਜਾਂ ਮਿਹਨਤਕਸ਼ ਜਨਤਾ ਦਾ ਪ੍ਰਤੀਨਿਧ ਪਾਤਰ ਨਹੀਂ ਹੈ। ਵਿਦਿਆਰਥੀ, ਨੌਜਵਾਨ ਜਾਂ ਔਰਤਾਂ ਜਿਹੜੀਆਂ ਇਨ੍ਹਾਂ ਕਹਾਣੀਆਂ ਦੇ ਪਾਤਰਾਂ ਵਜੋਂ ਵਿਚਰਦੇ ਹਨ, ਉਹ ਕਿਸੇ ਸਮਾਜਿਕ ਸਮੱਸਿਆ ਦਾ ਸ਼ਿਕਾਰ ਨਹੀਂ ਹਨ। ਇਹ ਸੌਰੇ ਵਿਹਲੜ, ਪਰਜੀਵੀ ਤੇ ਐਸ਼ ਕਰਦੇ ਹੋਏ ਦਿਖਾਏ ਗਏ ਹਨ। ਇਹ ਆਪਣੀਆਂ-ਆਪਣੀਆਂ ਮਾਨਸਿਕ ਗੁੰਝਲਾਂ ਦੇ ਸ਼ਿਕਾਰ ਹਨ। ਇਸ ਤਰ੍ਹਾਂ ਕੁੱਲ ਮਿਲਾ ਕੇ ਇਨ੍ਹਾਂ ਵਿਚ ਲੋਕਾਂ ਦੇ ਪ੍ਰਤੀਨਿਧ ਪਾਤਰ ਅਤੇ ਲੋਕ ਮਸਲੇ ਜਲਾਵਤਨ ਹਨ। •



ਆਲੋਚਨਾ

# ਹਰਭਜਨ ਸਿੰਘ ਹੁੰਦਲ ਦੀ ਵਾਰਤਕ ਰਚਨਾ

ਹਰਿੰਦਰ ਬਰਾੜ

(1)

ਹਰਭਜਨ ਸਿੰਘ ਹੁੰਦਲ ਮੁੱਖ ਤੌਰ 'ਤੇ ਇਕ ਕਵੀ ਵਜੋਂ ਜਾਣਿਆ ਜਾਂਦਾ ਹੈ। ਇਸ ਵਿਧਾ 'ਤੇ ਉਸ ਨੂੰ ਸੰਪੂਰਨ ਅਬੂਰ ਹਾਸਲ ਹੈ। ਪ੍ਰੰਤੂ ਉਹ ਇਕ ਉੱਤਮ ਵਾਰਤਕ ਲੇਖਕ ਵੀ ਹੈ। ਜੇਕਰ ਗਿਣਤੀ ਪੱਖੋਂ ਵੇਖਿਆ ਜਾਵੇ ਤਾਂ ਪਤਾ ਲੱਗੇਗਾ ਕਿ ਜਿੰਨੀਆਂ ਪੁਸਤਕਾਂ ਉਹਨੇ ਕਵਿਤਾ ਦੀਆਂ ਲਿਖੀਆਂ ਹਨ ਤਕਰੀਬਨ ਉਨੀਆਂ ਹੀ ਵਾਰਤਕ ਦੀਆਂ ਲਿਖੀਆਂ ਹਨ। ਉਹ ਸਮੇਂ-ਸਮੇਂ ਵਾਰਤਕ ਵੀ ਲਿਖਦਾ ਹੈ। ਪਿੱਛੇ ਜਿਹੇ ਉਹਦੀਆਂ ਇਕੱਠੀਆਂ ਤਿੰਨ ਪੁਸਤਕਾਂ 'ਮੋਤੀਆਂ ਵਰਗੇ ਅੱਖਰ' 'ਮੇਰੇ ਸਮਕਾਲੀ ਕਵੀ' ਅਤੇ 'ਘੁੰਮਦੇ ਫਿਰਦਿਆਂ' ਵਾਰਤਕ ਵਿਚ ਆਈਆਂ ਹਨ। ਹੁਣ ਸਮਾਂ ਆ ਗਿਆ ਹੈ ਕਿ ਹਰਭਜਨ ਸਿੰਘ ਹੁੰਦਲ ਦੀ ਵਾਰਤਕ ਦਾ ਉਹਦੀ ਕਵਿਤਾ ਵਾਂਗ ਹੀ ਮੁਲਾਂਕਣ ਕੀਤਾ ਜਾਵੇ। ਇਨ੍ਹਾਂ ਤਿੰਨ ਪੁਸਤਕਾਂ ਤੋਂ ਪਹਿਲਾਂ ਉਹ ਨੌਂ ਪੁਸਤਕਾਂ ਵਾਰਤਕ ਵਿਚ ਲਿਖ ਚੁੱਕਾ ਹੈ। ਜਿਹੜੀਆਂ ਵੱਖੋ-ਵੱਖਰੇ ਵਿਸ਼ਿਆਂ ਨਾਲ ਸੰਬੰਧਿਤ ਹਨ। ਪਹਿਲੀ ਪੁਸਤਕ 'ਮੋਤੀਆ ਵਰਗੇ ਅੱਖਰ' ਹਰਭਜਨ ਸਿੰਘ ਹੁੰਦਲ ਵੱਲੋਂ ਅਖ਼ਬਾਰਾਂ ਲਈ ਲਿਖੇ ਹਲਕੇ ਲੇਖਾਂ, ਜਿਨ੍ਹਾਂ ਨੂੰ ਅਖ਼ਬਾਰੀ ਬੋਲੀ ਵਿਚ ਮਿਡਲ ਕਿਹਾ ਜਾਂਦਾ ਹੈ, ਦੀ ਹੈ। ਇਹ ਲੇਖ ਕੋਈ ਬਹੁਤੀ ਡੂੰਘੀ ਘੋਖ ਪੜਤਾਲ ਪਿੱਛੋਂ ਨਹੀਂ ਲਿਖੇ ਜਾਂਦੇ ਤੇ ਇਹਨਾਂ ਦਾ ਮਨੋਰਥ ਵੀ ਪਾਠਕ 'ਤੇ ਕੋਈ ਡੂੰਘਾ ਪ੍ਰਭਾਵ ਪਾਉਣਾ ਨਹੀਂ ਹੁੰਦਾ। ਤੁਰੰਤ ਵਾਪਰੀ ਕੋਈ ਘਟਨਾ ਜਾਂ ਸਿਮਰਤੀਆਂ ਵਿਚੋਂ ਕੋਈ ਅਭੁੱਲ ਪਰ ਹਲਕੀ ਘਟਨਾ ਬਾਰੇ ਅਖ਼ਬਾਰੀ ਲੇਖ ਲਿਖਿਆ ਜਾਂਦਾ ਹੈ। ਪ੍ਰੰਤੂ ਹਰਭਜਨ ਸਿੰਘ ਹੁੰਦਲ ਦੇ ਇਹਨਾਂ ਲੇਖਾਂ ਵਿਚ ਉਸ ਦੀ ਕਲਾਕਾਰੀ ਪ੍ਰਤੱਖ ਝਲਕਦੀ ਹੈ। ਉਹਨੇ ਇਹਨਾਂ ਲੇਖਾਂ ਵਿਚ ਸਾਧਾਰਨ ਗੱਲਾਂ ਕਰਕੇ ਵੀ ਇਹਨਾਂ ਨੂੰ ਸਿਮਰਤੀਆਂ ਵਿਚ ਵੱਸ ਜਾਣ ਵਾਲੀਆਂ ਗੱਲਾਂ ਬਣਾ ਦਿੱਤਾ ਹੈ। ਉਸ ਦੇ ਇਹਨਾਂ ਸਾਰੇ ਲੇਖਾਂ ਦਾ ਜਾਇਜ਼ਾ ਲੈਣਾ ਗੱਲ ਨੂੰ ਬਹੁਤ ਵਿਸਥਾਰਨਾ ਹੋਵੇਗਾ ਕਿਉਂਕਿ ਬਿਆਸੀ ਲੇਖਾਂ ਨੂੰ ਇਕ ਆਮ ਲੇਖ ਵਿਚ ਸਮੇਟਣਾ ਸੰਭਵ ਨਹੀਂ ਹੋ ਸਕਦਾ। ਫਿਰ ਵੀ ਵੰਨਗੀ ਵਜੋਂ ਉਹਦੇ ਕੁਝ ਅਹਿਮ ਲੇਖਾਂ ਦਾ ਜਾਇਜ਼ਾ ਲੈਣਾ ਜ਼ਰੂਰੀ ਹੈ। ਉਹਦਾ ਪਹਿਲਾ ਲੇਖ 'ਮਾਂ ਬੋਲੀ ਦਾ ਕਮਾਲ' ਹੈ ਜਿਸ ਵਿਚ ਲੇਖਕ ਦੱਸਦਾ ਹੈ ਕਿ ਉਹ ਇਕ ਵੇਰ ਭੁਪਾਲ ਜਨਵਾਦੀ ਲੇਖਕ ਸੰਘ ਦੀ ਕਾਨਫਰੰਸ ਵਿਚ ਗਿਆ। ਉਥੇ ਇਕੱਠੇ ਹੋਏ ਲੇਖਕਾਂ ਦੀ ਸਾਂਝੀ ਬੋਲੀ ਅੰਗਰੇਜ਼ੀ ਬਣਦੀ ਸੀ। ਜਿਸ ਵਿਚ ਸਾਰੇ ਲੇਖਕ ਆਪਣੀ ਰਚਨਾ 'ਤੇ ਗੱਲਬਾਤ ਪੇਸ਼ ਕਰਦੇ ਸੀ। ਪ੍ਰੰਤੂ ਹੁੰਦਲ ਕੋਲੇ ਕੋਈ ਰਚਨਾ ਅੰਗਰੇਜ਼ੀ ਵਿਚ ਉਲਥਾਈ ਹੋਈ ਨਹੀਂ ਸੀ ਅਤੇ ਨਾ ਹੀ ਉਸ ਨੂੰ ਅੰਗਰੇਜ਼ੀ ਵਿਚ ਬੋਲਣ ਦਾ ਬਹੁਤਾ ਅਭਿਆਸ ਸੀ। ਉਹ ਸੰਕਟ ਵਿਚ ਫਸ ਗਿਆ। ਅੰਤ ਵਿਚ ਉਹਨੇ ਫੈਸਲਾ ਕੀਤਾ ਕਿ ਉਹ ਆਪਣੀ ਗੱਲ ਪੰਜਾਬੀ ਵਿਚ ਕਰੇਗਾ। ਕਿਉਂਕਿ ਉਹਦਾ ਪਹਿਲਾ ਯਤਨ ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਵਿਚ ਬੋਲਣ ਦਾ ਅਸਫ਼ਲ ਰਿਹਾ ਸੀ। ਪੰਜਾਬੀ ਵਿਚ ਬੋਲਣ ਦਾ ਫੈਸਲਾ ਉਹਨੇ ਡਾ. ਰਮੇਸ਼ ਕੁੰਤਲ ਮੇਘ ਦੀ ਹੱਲਾਸ਼ੇਰੀ 'ਤੇ ਕੀਤਾ। ਉਹ ਪੰਜਾਬੀ ਵਿਚ ਖੁੱਲ੍ਹ ਕੇ ਬੋਲਿਆ ਅਤੇ ਸਾਰਿਆਂ ਪਾਸਿਆਂ ਤੋਂ ਵਾਹਵਾ ਖੱਟੀ। ਉਹ ਇਸ ਸਫ਼ਲਤਾ ਨੂੰ 'ਮਾਂ ਬੋਲੀ ਦੀ ਸਫ਼ਲਤਾ' ਸਮਝਦਾ ਹੈ। ਦੂਜਾ ਲੇਖ 'ਦਹਿਸ਼ਤ ਦੇ ਦਿਨਾਂ ਵਿਚ' ਹੈ ਜਿਹੜਾ ਦਹਿਸ਼ਤ ਦੇ ਦਿਨਾਂ ਵਿਚ ਲੋਕਾਂ 'ਤੇ ਪਈ ਦਹਿਸ਼ਤ ਦਾ ਬਿਆਨ ਹੈ ਕਿਉਂਕਿ ਉਹਨੂੰ ਤੇ ਉਹਦੇ ਮਿੱਤਰ ਨੂੰ ਇਕ ਹੋਰ ਮਿੱਤਰ ਦੇ ਘਰਵਾਲੇ ਪਨਾਹ ਦੇਣ ਤੋਂ ਇਨਕਾਰ ਕਰ ਦਿੰਦੇ ਹਨ। ਤੀਜਾ ਲੇਖ 'ਬਚਪਨ ਦੇ ਦਿਨ' ਜਿਸ ਵਿਚ ਪੜ੍ਹਨ ਸਮੇਂ ਇਕ ਅੰਗਰੇਜ਼ੀ ਦਾ ਮਾਸਟਰ ਇਕ ਕਿਰਿਆ ਦਾ ਨਾਂਵ ਪੁੱਛਦਾ ਹੈ। ਕਿਸੇ ਨੂੰ ਨਹੀਂ ਆਉਂਦਾ ਤੇ ਟੀਚਰ ਇਸ ਗੱਲ ਤੋਂ ਨਿਰਾਸ਼ ਹੋ ਕੇ ਕਲਾਸੋਂ ਬਾਹਰ ਨਿਕਲਣ ਲੱਗਦਾ ਹੈ, ਪ੍ਰੰਤੂ ਲੇਖਕ ਦੇ ਕਿਤੇ ਪੜ੍ਹੀ ਗੱਲ ਯਾਦ ਆ ਜਾਂਦੀ ਹੈ ਤੇ ਉਹ ਤੁਰੰਤ Seed

ਕਹਿ ਦਿੰਦਾ ਹੈ, ਜਿਸ 'ਤੇ ਟੀਚਰ ਖ਼ੁਸ਼ ਹੋ ਕੇ ਇਸ ਨੂੰ ਇਨਾਮ ਦਿੰਦਾ ਹੈ ਤੇ ਸ਼ਾਬਾਸ਼ ਵੀ ਦਿੰਦਾ ਹੈ। 'ਮਰੀਅਲ ਬੋਲ...' ਵਿਚ ਲੇਖਕ ਪਾਕਿਸਤਾਨ ਜਾਣ ਸਮੇਂ ਸ਼ੇਖ਼ੂਪੁਰੇ ਦੇ ਸਟੇਸ਼ਨ 'ਤੇ ਗੱਡੀ ਰੁਕਦੀ ਹੈ। ਉਥੇ ਇਕ ਮੁੰਡਾ ਠੰਡੇ ਦੀਆਂ ਬੋਤਲਾਂ ਵੇਚਦਾ ਹੈ, ਦੀ ਅਣਖ ਦੀ ਗੱਲ ਕਰਦਾ ਹੈ। ਠੰਡਾ ਪੀਣ ਵਾਲੇ ਇਹ ਗੱਲ ਮਹਿਸੂਸ ਕਰਦੇ ਹਨ ਕਿ ਇਹ ਬੱਚਾ ਇਹਨਾਂ ਦੇ ਬਕਾਇਆ ਪੈਸਾ ਨਹੀਂ ਮੋੜ ਸਕੇਗਾ। ਬੱਚਾ ਇਹ ਗੱਲ ਅਨੁਭਵ ਕਰਕੇ ਟੁਣਕਵੀਂ ਆਵਾਜ਼ ਵਿਚ ਕਹਿੰਦਾ ਹੈ ਕਿ ਉਹ ਪੈਸੇ ਮਾਰਨ ਵਾਲਾ ਨਹੀਂ, ਸਭ ਦੇ ਪੈਸੇ ਮੋੜੇਗਾ। 'ਦਰਿਆਵਾਂ ਦੀ ਦੋਸਤੀ' ਲੇਖ ਵਿਚ ਲੇਖਕ ਦਰਿਆ ਦੇ ਕੰਢੇ ਵਸੇ ਆਪਣੇ ਪਿੰਡ ਦਾ ਜ਼ਿਕਰ ਕਰਦਾ ਹੈ ਕਿ ਜਿਥੇ ਉਸ ਤੋਂ ਕਈ ਸੁੱਖ ਹਨ ਉਥੇ ਖ਼ਤਰੇ ਵੀ ਬੜੇ ਹਨ। ਇਕ ਵੇਰ ਦਰਿਆ ਵਿਚ ਹੜ੍ਹ ਆਉਂਦਾ ਹੈ ਤੇ ਸਾਰੇ ਪਿੰਡ ਵਿਚ ਪਾਣੀ ਭਰ ਜਾਂਦਾ ਹੈ। ਲੇਖਕ ਕਹਿੰਦਾ ਹੈ ਕਿ ਦਰਿਆਵਾਂ ਨਾਲ ਦੋਸਤੀ ਪਾਉਣੀ ਸੌਖੀ ਨਹੀਂ। 'ਅਕਾਲ ਤਖ਼ਤ ਤੇ ਗ੍ਰੰਥੀ'...ਵਿਚ ਲੇਖਕ ਦੋ ਗ੍ਰੰਥੀਆਂ ਦਾ ਜ਼ਿਕਰ ਕਰਦਾ ਹੈ ਜਿਹੜੇ ਗੁਰਦੁਆਰੇ ਵਿਚੋਂ ਰੁਮਾਲੇ ਚੁਰਾਉਂਦੇ ਹਨ। 'ਬਦਲਦੇ ਪ੍ਰਸੰਗ ਤੇ ਰੁੱਖ' ਇਸ ਵਿਚ ਜ਼ਿਕਰ ਕਿਸਾਨੀ ਦੇ ਪੁਰਾਣੇ ਸੁਭਾਅ ਅਨੁਸਾਰ ਰੁੱਖ ਲਾਉਣ ਦੀ ਮਹਾਨਤਾ ਦਾ ਜ਼ਿਕਰ ਕਰਦਾ ਹੈ। ਪ੍ਰੰਤੂ ਅਜੋਕੇ ਸਮੇਂ ਵਿਚ ਖੇਤਾਂ ਦੀਆਂ ਵੱਟਾਂ 'ਤੇ ਲਾਏ ਰੁੱਖ ਲਾਭ ਦੀ ਥਾਂ ਨੁਕਸਾਨ ਵੱਧ ਕਰਦੇ ਹਨ। ਇਸ ਲਈ ਵੱਢਣੇ ਪੈਂਦੇ ਹਨ। ਲੇਖਕ ਇਥੇ ਦੁਚਿੱਤੀ ਵਿਚ ਹੈ। 'ਮਾਂ ਮਿੱਟੀ ਦੀ ਖ਼ੁਸ਼ਬੂ' ਵਿਚ ਲੇਖਕ ਇਧਰਲੇ ਪੰਜਾਬ ਤੋਂ ਉੱਧਰ ਗਏ ਇਕ ਮੁਸਲਮਾਨ ਪੰਜਾਬੀ ਦੀ ਵਿਥਿਆ ਵਰਨਣ ਕਰਦਾ ਹੈ। ਜਿਹੜਾ ਵਰ੍ਹਿਆਂ ਪਿੱਛੋਂ ਆਪਣਾ ਪਿੰਡ ਦੇਖਣ ਆਉਂਦਾ ਹੈ। ਪ੍ਰੰਤੂ ਉਹਨੂੰ ਉਥੇ ਬਜ਼ੁਰਗਾਂ ਦੀ ਦੱਸੀ ਕੋਈ ਨਿਸ਼ਾਨੀ ਨਹੀਂ ਮਿਲਦੀ, ਨਾ ਘਰ ਅਤੇ ਨਾ ਹੀ ਖੂਹ। ਅੰਤ ਵਿਚ ਉਹ ਆਪਣੇ ਪਿੰਡ ਦੀ ਮਿੱਟੀ ਦੇਖ ਕੇ ਸੰਤੁਸ਼ਟ ਹੋ ਜਾਂਦਾ ਹੈ। 'ਮੋਤੀਆਂ ਵਰਗੇ ਅੱਖਰ' ਲੇਖ, ਜਿਸ ਉੱਤੇ ਇਸ ਸੰਗ੍ਰਹਿ ਦਾ ਨਾਂ ਰੱਖਿਆ ਗਿਆ ਹੈ, ਵਿਚ ਲੇਖਕ ਕਲਮ ਤੋਂ ਲੈ ਕੇ ਬਾਲ ਪੈੱਨ ਤੱਕ ਲੇਖਨ ਸਮੱਗਰੀ ਦੇ ਵਿਕਾਸ ਦਾ ਵਰਨਣ ਕਰਦਾ ਹੈ। ਇਥੇ ਲੇਖਕ ਕਹਿੰਦਾ ਹੈ ਕਿ ਬੇਸ਼ੱਕ ਅਗਲਾ ਬਾਲ-ਪੈੱਨ ਇਸ ਤੋਂ ਵਧੀਆ ਹੋਵੇਗਾ ਪ੍ਰੰਤੂ ਕਾਨਾ ਘੜ ਕੇ ਬਣਾਈ ਕਲਮ, ਜਿਹੜੀ ਮੋਤੀਆਂ ਵਰਗੇ ਅੱਖਰ ਲਿਖਦੀ ਸੀ, ਉਸ ਦੀ ਰੀਸ ਨਹੀਂ ਹੋ ਸਕਦੀ। 'ਕੰਮ ਕਰਦੇ ਹੱਥ' ਵਿਚ ਲੇਖਕ ਹੱਥੀਂ ਕੰਮ ਕਰਨ ਦੀ ਮਹਾਨਤਾ ਆਪਣੀ ਦਾਦੀ ਦੀ ਉਦਾਹਰਨ ਦੇ ਕੇ ਦੱਸਦਾ ਹੈ, ਜਿਹੜੀ ਹਰ ਕੰਮ ਹੱਥੀਂ ਕਰਦੀ ਸੀ। ਉਹ ਹੱਥਾਂ ਦੀ ਬਹੁਤ ਸੁਚਿਆਰੀ ਸੀ। ਹੱਥੀਂ ਨਾ ਕੰਮ ਕਰਨ ਵਾਲਿਆਂ ਤੇ ਗੰਦੇ ਹੱਥਾਂ ਵਾਲਿਆਂ ਨੂੰ ਨਫ਼ਰਤ ਕਰਦੀ ਸੀ। 'ਵਜ਼ੀਰ ਦੀ ਧੀ' ਲੇਖ ਵਿਚ ਇਕ ਵਜ਼ੀਰ ਦੀ ਧੀ ਦੇ ਅਫ਼ਸਰ ਬਣ ਕੇ ਲੋਕਾਂ ਨਾਲ ਕੀਤੇ ਵਿਵਹਾਰ ਦਾ ਜ਼ਿਕਰ ਹੈ। ਜਿਸ ਤੋਂ ਤੰਗ ਆ ਕੇ ਮੁਲਾਜ਼ਮ ਇਕ ਦਿਨ ਉਹਦੇ ਵਿਰੁੱਧ ਧਰਨਾ ਮਾਰਨ ਦਾ ਫੈਸਲਾ ਕਰਦੇ ਹਨ। ਪ੍ਰੰਤੂ ਉਹ ਉਸ ਦਿਨ ਦਫ਼ਤਰ ਹੀ ਨਹੀਂ ਆਉਂਦੀ। ਲੋਕਾਂ ਦੇ ਧਰਨਿਆਂ ਤੇ ਨਾਅਰਿਆਂ ਤੋਂ ਡਰ ਜਾਂਦੀ ਹੈ। ਇਸੇ ਤਰ੍ਹਾਂ ਲੇਖਕ ਨੇ ਢੇਰ ਸਾਰੇ ਵਿਸ਼ਿਆਂ 'ਤੇ ਲੇਖ ਲਿਖੇ ਹਨ। ਜਿਹੜੇ ਕਾਫ਼ੀ ਦਿਲਚਸਪ ਵੀ ਹਨ ਤੇ ਸਿੱਖਿਆਦਾਇਕ ਵੀ ਹਨ। ਇਹ ਲੇਖ ਲੇਖਕ ਦੀ ਨਵੀਂ ਪ੍ਰਤਿਭਾ ਦਾ ਪ੍ਰਗਟਾਵਾ ਕਰਦੇ ਹਨ। ਲੇਖਕ ਪੱਤਰਕਾਰੀ ਪੱਧਰ ਦੇ ਲੇਖ ਬਹੁਤ ਸਫ਼ਲਤਾ ਨਾਲ ਤੇ ਸਾਦੇ ਢੰਗ ਨਾਲ ਲਿਖਦਾ ਹੈ ਅਤੇ ਵਾਰਤਕ ਦੀ ਇਕ ਵਿਸ਼ੇਸ਼ ਵਿਧੀ ਵਿਚ ਆਪਣੀ ਨਿਪੁੰਨਤਾ ਪ੍ਰਗਟਾਉਂਦਾ ਹੈ।

(2)

ਦੂਜੀ ਪੁਸਤਕ 'ਮੇਰੇ ਸਮਕਾਲੀ ਕਵੀ' ਹੈ। ਇਸ ਵਿਚ ਲੇਖਕ ਆਪਣੇ ਸਮਕਾਲੀਆਂ ਦਾ ਵਰਨਣ ਨਿਵੇਕਲੇ ਢੰਗ ਨਾਲ ਕਰਦਾ ਹੈ। ਕਵੀਆਂ ਬਾਰੇ ਇਹ ਲੇਖ ਉਹਨਾਂ ਦੇ ਵਿਅਕਤਵ ਤੇ ਰਚਨਾ ਦਾ ਜ਼ਿਕਰ ਕਰਦੇ ਹਨ। ਪ੍ਰੰਤੂ ਇਹ ਲੇਖ ਲਿਖਣ ਦੀ ਵਿਧੀ ਆਮ ਆਲੋਚਨਾ ਨਾਲੋਂ ਵੱਖਰੀ ਹੈ। ਇਹ ਲੇਖਕ ਦੇ ਦੋਨੋਂ ਪੱਖਾਂ ਦਾ ਬਹੁਤ ਡੂੰਘਾ ਤੇ ਘੋਖਵਾਂ ਵਰਨਣ ਨਹੀਂ ਕਰਦਾ ਪ੍ਰੰਤੂ ਉਹਨਾਂ ਦੀਆਂ ਵਿਸ਼ੇਸ਼ਤਾਵਾਂ ਨੂੰ ਪੇਸ਼ ਕਰਦਾ ਹੈ। ਇਹਨਾਂ ਕਵੀਆਂ ਵਿਚੋਂ ਕਾਫ਼ੀ ਸਾਰੇ ਉਹਦੇ ਮਿੱਤਰ ਤੇ ਵਿਚਾਰਧਾਰਕ ਪੱਖੀ ਵੀ ਹਨ। ਕੁਝ ਵਿਚਾਰਧਾਰਕ ਤੌਰ 'ਤੇ ਵਿਰੋਧੀ ਵੀ ਹਨ। ਲੇਖਕ ਇਹਨਾਂ ਸਾਰਿਆਂ ਦਾ ਜ਼ਿਕਰ



ਆਪਣੀ ਦ੍ਰਿਸ਼ਟੀ ਤੋਂ ਕਰਦਾ ਹੈ। ਸਭ ਤੋਂ ਪਹਿਲਾਂ ਦੋ ਰਾਮਪੁਰੀਆਂ, ਸੁਰਜੀਤ ਰਾਮਪੁਰੀ ਤੇ ਗੁਰਚਰਨ ਰਾਮਪੁਰੀ ਦਾ ਜ਼ਿਕਰ ਕਰਦਾ ਹੈ। ਇਸ ਦੇਸ਼ ਦੀ ਵੰਡ ਉਪਰੰਤ ਸੰਸਾਰ ਵਿਚ ਖੜ੍ਹੇ ਹੋਏ ਨਵੇਂ ਖ਼ਤਰੇ, ਐਟਮੀ ਜੰਗ ਵਿਰੁੱਧ ਚੱਲੀ ਸੰਸਾਰ ਪੱਧਰੀ ਲਹਿਰ ਦੀ ਉਪਜ ਸਨ। ਪੰਜਾਹਵਿਆਂ ਵਿਚ ਚੱਲੀ ਇਸ ਲਹਿਰ ਨੇ ਬੁੱਧੀਜੀਵੀਆਂ, ਲੇਖਕਾਂ, ਕਵੀਆਂ ਤੇ ਗੱਭਰੂਆਂ ਦੀ ਪੀੜ੍ਹੀ ਨੂੰ ਬਹੁਤ ਪ੍ਰਭਾਵਿਤ ਕੀਤਾ ਸੀ। ਉਸ ਸਮੇਂ ਇਸ ਲਹਿਰ ਦੇ ਪ੍ਰਚਾਰ ਲਈ ਵੱਡੀਆਂ ਵੱਡੀਆਂ ਕਾਨਫਰੰਸਾਂ ਕੀਤੀਆਂ ਜਾਂਦੀਆਂ ਸਨ ਤੇ ਪ੍ਰਚਾਰ ਲਈ ਤੁਕਬੰਦ ਤੇ ਲੈਅਬੰਦ ਕਵਿਤਾਵਾਂ ਲਿਖੀਆਂ ਜਾਂਦੀਆਂ ਸਨ। ਇਹ ਦੋਨੋਂ ਕਵੀ ਉਸ ਲਹਿਰ ਦੇ ਮੋਹਰੀਆਂ ਵਿਚੋਂ ਸਨ। ਦੂਜਾ ਲੇਖ 'ਨਿਰਮਲ ਅਰਪਨ ਦੀ ਤੂਲਿਕਾ' ਹੈ। ਇਹ ਲੇਖਕ ਕਿਸੇ ਸਮੇਂ ਸਾਹਿਤ ਚਰਚਿਤ ਰਹੇ ਕਵੀ ਨਿਰਮਲ ਅਰਪਨ ਦੀ ਅਹਿਮ ਰਚਨਾ ਬਾਰੇ ਦੱਸਦਾ ਹੈ। ਨਿਰਮਲ ਅਰਪਨ ਆਪਣੀ ਕਵਿਤਾ ਵਿਚ ਇਤਿਹਾਸ ਤੇ ਮਿਥਿਹਾਸ ਦੀਆਂ ਘਟਨਾਵਾਂ ਤੇ ਉਨ੍ਹਾਂ ਦੇ ਪਾਤਰਾਂ ਦਾ ਜ਼ਿਕਰ ਕਰਦਾ ਹੈ। ਕਿਸੇ ਸਮੇਂ ਪੰਜਾਬੀ ਕਾਵਿ ਜਗਤ ਵਿਚ ਉਹਦਾ ਵਿਲੱਖਣ ਸਥਾਨ ਸੀ। ਇਕ ਹੋਰ ਲੇਖ 'ਝਨਾਂ ਦੀ ਰਾਤ' ਦਾ ਕਾਵਿ ਸੰਸਾਰ' ਵਿਚ ਲੇਖਕ ਹਰਿੰਦਰ ਮਹਿਬੂਬ ਦੀ ਵਾਦ-ਵਿਵਾਦੀ ਰਚਨਾ ਦਾ ਵਰਨਣ ਕਰਦਾ ਹੈ। ਹਰਿੰਦਰ ਮਹਿਬੂਬ ਦਾ ਸੰਸਾਰ ਦ੍ਰਿਸ਼ਟੀਕੋਣ ਧਾਰਮਿਕ ਹੈ। ਉਹ ਗੁਰਬਾਣੀ ਨੂੰ ਆਪਣਾ ਪ੍ਰੇਰਨਾ ਸਰੋਤ ਮੰਨਦਾ ਹੈ। ਉਹ ਆਪਣੀ ਗੱਲ ਰਹੱਸਵਾਦੀ ਢੰਗ ਨਾਲ ਕਰਨ ਦਾ ਯਤਨ ਕਰਦਾ ਹੈ। ਹਰਭਜਨ ਸਿੰਘ ਹੁੰਦਲ ਦੇ ਉਸ ਨਾਲ ਵਿਚਾਰਧਾਰਕ ਮਤਭੇਦ ਹਨ। ਹਰਿੰਦਰ ਮਹਿਬੂਬ ਗੁਰਬਾਣੀ ਦੀ ਉੱਤਮਤਾ ਦੱਸ ਕੇ ਮਾਰਕਸਵਾਦ ਦਾ ਖੰਡਨ ਕਰਦਾ ਹੈ। ਇਸ ਲੇਖ ਵਿਚ ਹਰਭਜਨ ਸਿੰਘ ਹੁੰਦਲ ਹਰਿੰਦਰ ਮਹਿਬੂਬ ਨਾਲ ਸੰਵਾਦ ਰਚਾਉਂਦਾ ਹੈ ਤੇ ਆਪਣਾ ਪੱਖ ਪੇਸ਼ ਕਰਦਾ ਹੈ। ਇਕ ਹੋਰ ਲੇਖ ਦਰਸ਼ਨ ਸਿੰਘ ਮਾਸਟਰ ਦੀ ਪੁਸਤਕ 'ਪ੍ਰਸੰਗ ਨਵੇਲਾਂ' ਬਾਰੇ ਹੈ। ਦਰਸ਼ਨ ਸਿੰਘ ਦਾ ਦ੍ਰਿਸ਼ਟੀਕੋਣ ਮਨੁੱਖਵਾਦੀ ਮਾਨਵੀ ਹੈ। ਉਹਨੇ ਕੁਝ ਹੱਦ ਤੱਕ ਮਾਰਕਸਵਾਦ ਦਾ ਚਿੰਤਨ ਵੀ ਕੀਤਾ ਸੀ। ਉਹ ਆਪਣੀ ਬਹੁਤੀ ਗੱਲ ਇਸੇ ਦ੍ਰਿਸ਼ਟੀ ਤੋਂ ਕਰਦਾ ਹੈ। ਪ੍ਰੰਤੂ ਉਹਦੀ ਸ਼ਾਇਰੀ ਉੱਚ ਪਾਏ ਦੀ ਨਾ ਹੋ ਕੇ ਆਮ ਲੋਕ ਪੱਧਰ ਦੀ ਹੈ। ਪ੍ਰੰਤੂ ਲੋਕ ਪੱਧਰ ਦਾ ਕਵੀ ਹੋਣਾ ਜਿਥੇ ਇਕ ਗੁਣ ਹੈ ਉਥੇ ਕਾਵਿ ਸ਼ਾਸਤਰ ਅਨੁਸਾਰ ਬਹੁਤਾ ਉੱਚਾ ਦਰਜਾ ਪ੍ਰਾਪਤ ਨਹੀਂ ਕਰ ਸਕਦਾ। ਹੁੰਦਲ ਆਪਣੇ ਲੇਖ ਵਿਚ ਕਵੀ ਦੇ ਇਸੇ ਪੱਖ ਵੱਲ ਸੰਕੇਤ ਕਰਦਾ ਹੈ। ਇਕ ਹੋਰ ਲੇਖ ਨਕਸਲੀ ਲਹਿਰ ਦੇ ਕਵੀ ਸੰਤ ਸੰਧੂ ਦੀ ਪੁਸਤਕ 'ਬਾਂਸ ਦੀ ਅੱਗ' ਬਾਰੇ ਹੈ। ਸੰਤ ਸੰਧੂ ਆਪਣੇ ਸਮੇਂ ਦਾ ਨਕਸਲੀ ਲਹਿਰ ਦੇ ਪ੍ਰਗਤੀਵਾਦੀ ਕਵੀਆਂ ਵਿਚੋਂ ਇਕ ਸੀ। ਉਸ ਦੀ ਕਵਿਤਾ ਵਿਚ ਨਕਸਲੀ ਲਹਿਰ ਦੀ ਕਵਿਤਾ ਵਾਲੇ ਸਾਰੇ ਗੁਣ-ਔਗੁਣ ਹਨ। ਅਸਲ ਵਿਚ ਇਹ ਲੇਖ ਕੇਵਲ ਬਾਂਸ ਦੀ ਅੱਗ ਬਾਰੇ ਨਾ ਹੋ ਕੇ ਸਮੁੱਚੀ ਨਕਸਲੀ ਲਹਿਰ ਦੀ ਕਵਿਤਾ ਬਾਰੇ ਇਕ ਮੁਲਾਂਕਣ ਹੈ।

ਇਨਕਲਾਬੀ ਕਿਸਾਨ ਲਹਿਰ ਵਿਚ ਲੋਕ ਕਵੀ ਅਰੂੜ ਸਿੰਘ ਇਨਕਲਾਬ ਦਾ ਇਕ ਵਿਸ਼ੇਸ਼ ਸਥਾਨ ਹੈ। ਅਰੂੜ ਸਿੰਘ ਇਨਕਲਾਬ ਬਹੁਤ ਪੜ੍ਹਿਆ ਲਿਖਿਆ ਨਹੀਂ ਸੀ ਨਾ ਹੀ ਉਹਨੇ ਕਦੇ ਆਪਣੀ ਦਿੱਖ ਪੜ੍ਹਿਆਂ-ਲਿਖਿਆਂ ਵਾਲੀ ਬਣਾਉਣ ਦਾ ਯਤਨ ਕੀਤਾ ਸੀ। ਉਹ ਸਾਧਾਰਨ ਖੱਦਰ ਦੇ ਕੱਪੜੇ, ਗਲ ਕੁੜਤਾ, ਤੇੜ ਖੱਦਰ ਦਾ ਤੰਬਾ, ਖਲ ਧੌੜੀ ਦੀ ਜੁੱਤੀ, ਢਿਲਕਵੀਂ ਮੈਲੀ ਪੱਗ ਤੇ ਹੱਥ ਵਿਚ ਬਲਦ ਰੋਕਣ ਵਾਲੀ ਪਰਾਣੀ ਰੱਖਦਾ ਸੀ। ਪ੍ਰੰਤੂ ਸਟੇਜ 'ਤੇ ਚੜ੍ਹ ਕੇ ਉਸ ਨੂੰ ਕਵਿਤਾ ਉਤਰਦੀ ਸੀ। ਉਹ ਕਿਸਾਨੀ ਦੇ ਦੁੱਖਾਂ ਨੂੰ ਹੱਡੀਂ ਹੰਢਾਏ ਦੁੱਖਾਂ ਵਾਂਗ ਪੇਸ਼ ਕਰਦਾ ਸੀ ਤੇ ਇਹਨਾਂ ਨੂੰ ਦੁੱਖ ਦੇਣ ਵਾਲੇ ਜਮਾਤੀ ਦੁਸ਼ਮਣਾਂ ਦੀ ਨਿਸ਼ਾਨਦੇਹੀ ਕਰਕੇ ਸੰਘਰਸ਼ ਦਾ ਹੋਕਾ ਦਿੰਦਾ ਸੀ। ਅਨਪੜ੍ਹ ਕਹਿਣ ਦੇ ਅਰਥ ਇਹ ਨਹੀਂ ਹਨ ਕਿ ਉਹ ਸਮਾਜਿਕ ਚੇਤਨਾ ਤੋਂ ਵੀ ਕੋਰਾ ਸੀ। ਪ੍ਰੰਤੂ ਉਹਦਾ ਦ੍ਰਿਸ਼ਟੀਕੋਣ ਕੌਮਾਂਤਰੀਵਾਦੀ ਇਨਕਲਾਬੀ ਸੀ। ਉਹਨੂੰ ਸੰਸਾਰ ਦੇ ਕਿਸੇ ਹਿੱਸੇ ਵਿਚ ਚੱਲ ਰਹੇ ਸੰਘਰਸ਼ ਦਾ ਗਿਆਨ ਸੀ ਅਤੇ ਉਹਦੇ ਬਾਰੇ ਕਿਸਾਨਾਂ ਮਜ਼ਦੂਰਾਂ ਨੂੰ ਦੱਸਦਾ ਸੀ ਤੇ ਲਾਮਬੰਦ ਹੋ ਕੇ ਸੰਘਰਸ਼ ਕਰਨ ਦਾ ਹੋਕਾ ਦਿੰਦਾ ਸੀ। ਅਰੂੜ ਸਿੰਘ ਇਨਕਲਾਬ ਹਕੀਕੀ ਅਰਥਾਂ ਵਿਚ ਹੀ ਲੋਕ ਕਵੀ ਸੀ। ਅਗਲਾ ਲੇਖ

ਹਰਭਜਨ ਸਿੰਘ ਹੁੰਦਲ ਦੇ ਸਮਕਾਲੀ ਤੇ ਮਿੱਤਰ ਕਵੀ ਸੁਰਿੰਦਰ ਗਿੱਲ ਬਾਰੇ ਹੈ ਜਿਸ ਦੀ ਪੁਸਤਕ ਦਾ ਸਿਰਲੇਖ 'ਗੂੰਗਾ ਦਰਦ' ਸੀ। ਹੁੰਦਲ ਇਸੇ ਪੁਸਤਕ ਦਾ ਵਿਸਥਾਰ ਨਾਲ ਵਿਸ਼ਲੇਸ਼ਣ ਕਰਦਾ ਹੈ। ਇਹ ਪੁਸਤਕ ਉਹਨੇ ਇਕ ਲੰਮੇ ਵਕਫ਼ੇ ਪਿੱਛੋਂ ਲਿਖੀ ਸੀ ਤੇ ਹੁੰਦਲ ਇਕ ਪ੍ਰਸ਼ੰਸਕ ਵਜੋਂ ਗਿੱਲ ਦੀ ਕਵਿਤਾ ਦੀ ਪ੍ਰਸ਼ੰਸਾ ਕਰਦਾ ਹੈ। ਸਮੇਂ-ਸਮੇਂ ਪੰਜਾਬੀ ਕਾਵਿ ਜਗਤ ਵਿਚ ਵੱਖੋ-ਵੱਖਰੀ ਕਿਸਮ ਦੇ ਕਵੀ ਆਏ। ਇਕ ਲੇਖ ਵਿਚ ਹੁੰਦਲ ਕਵੀ ਹਰਿਨਾਮ ਤੇ ਉਹਦੀ ਪੁਸਤਕ 'ਆਦਿਕਾ' ਦਾ ਵਰਨਣ ਕਰਦਾ ਹੈ। ਹੁੰਦਲ ਦੀ ਦ੍ਰਿਸ਼ਟੀ ਤੋਂ ਹਰਿਨਾਮ ਦੀ ਕਵਿਤਾ ਪੰਜਾਬੀ ਕਾਵਿ ਪਰੰਪਰਾ ਦੇ ਅਨੁਕੂਲ ਨਹੀਂ ਹੈ। ਲੇਖ ਵਿਚ ਹੁੰਦਲ ਉਸ ਦੀ ਕਿਤਾਬ ਦੇ ਚੰਗੇ ਛਪੇ ਹੋਣ ਤੇ ਚੰਗੇ ਟਾਈਟਲ ਦਾ ਜ਼ਿਕਰ ਕਰਦਾ ਹੈ ਅਤੇ ਕਹਿੰਦਾ ਹੈ ਕਿ ਇਸ ਵਿਚੋਂ ਕਵਿਤਾ ਅਲੋਪ ਹੈ। ਪੰਜਾਬੀ  ਕਵੀ 'ਆਸੀ' ਬਾਰੇ ਲਿਖਦਿਆਂ ਹੁੰਦਲ ਆਪਣੇ ਲੇਖ ਦਾ ਸਿਰਲੇਖ 'ਪੁੱਠਾ ਘੂਕਦਾ ਚਰਖਾ' ਰੱਖਦਾ ਹੈ। ਆਸੀ ਅਪਾਹਜ ਕਵੀ ਸੀ। ਉਹਦੀ ਬਹੁਤੀ ਕਵਿਤਾ ਅੰਤਰਮੁਖੀ ਸੀ, ਪ੍ਰੰਤੂ ਕਦੇ ਕਦੇ ਉਹ ਬਾਹਰ ਨਿਕਲ ਕੇ ਗੱਲ ਕਰਦਾ ਜਾਂ ਆਪਣੇ ਅਪਾਹਜਪੁਣੇ ਤੋਂ ਮੁਕਤ ਹੋ ਕੇ ਗੱਲ ਕਰਦਾ ਤਾਂ ਚੰਗੀ ਸ਼ਾਇਰੀ ਕਰਨ ਦੇ ਸਮਰੱਥ ਸੀ। ਹੁੰਦਲ ਇਸ ਦੇ ਦੋਨਾਂ ਪੱਖਾਂ ਦਾ ਜਾਇਜ਼ਾ ਲੈਂਦਾ ਹੈ। ਮਰਹੂਮ ਕਵੀ ਨਿਰੰਜਣ ਸਿੰਘ ਨੂਰ, ਜਿਹੜਾ ਹੁੰਦਲ ਦਾ ਮਿੱਤਰ ਵੀ ਸੀ, ਹੁੰਦਲ ਉਹਦੀ ਕਵਿਤਾ ਦਾ ਢੁਕਵਾਂ ਮੁੱਲਾਂਕਣ ਕਰਦਾ ਹੈ। ਉਸ ਦੇ ਕਾਵਿ ਗੁਣਾਂ ਤੇ ਦ੍ਰਿਸ਼ਟੀਕੋਣ ਦੀ ਪ੍ਰਸ਼ੰਸਾ ਕਰਦਾ ਹੈ ਤੇ ਮੁਬਾਰਕਬਾਦ ਦਿੰਦਾ ਹੈ। ਹੁੰਦਲ ਦਾ ਸਮਕਾਲੀ ਕਵੀ ਪ੍ਰਦੇਸੀਂ ਵਸਦਾ ਮੁਸ਼ਤਾਕ ਸਿੰਘ ਵੀ ਹੈ। ਹੁੰਦਲ ਆਪਣੇ ਲੇਖ ਵਿਚ ਉਹਦੇ ਕਾਵਿ ਗੁਣਾਂ ਦਾ ਨਿਰਣਾ ਕਰਦਾ ਹੈ ਅਤੇ ਉਹਦੇ ਗੁਣ-ਔਗੁਣ ਪਰਖਦਾ ਹੈ। ਇਕ ਹੋਰ ਲੇਖ ਵਿਚ ਹੁੰਦਲ ਪ੍ਰਦੇਸੀਂ ਵਸਦੇ ਕਵੀ ਅਮਰਜੀਤ ਚੰਦਨ ਦੇ ਕਾਵਿ ਬਾਰੇ ਵੀ ਜ਼ਿਕਰ ਕਰਦਾ ਹੈ। ਚੰਦਨ ਆਪਣੇ ਸਮੇਂ ਵਿਚ ਵੱਖੋ-ਵੱਖਰੀਆਂ ਲਹਿਰਾਂ ਨਾਲ ਤੇ ਕਾਵਿ ਧਾਰਾਵਾਂ ਨਾਲ ਜੁੜਿਆ ਹੋਇਆ ਸੀ। ਉਹਦੀ ਕਵਿਤਾ ਦੀ ਉਭਰਵੀਂ ਸੁਰ ਨਕਸਲਵਾਦੀ ਸੋਚ ਵਾਲੀ ਸੀ। ਵਿਚਾਰਧਾਰਕ ਤੌਰ 'ਤੇ ਹੁੰਦਲ ਉਸ ਨਾਲ ਮਤਭੇਦ ਰੱਖਦਾ ਹੈ। ਪ੍ਰੰਤੂ ਫਿਰ ਵੀ  ਉਸ ਦੀ ਕਵਿਤਾ ਦਾ ਸੁਹਿਰਦ ਜਾਇਜ਼ਾ ਲੈਂਦਾ ਹੈ। ਅੰਤਲੇ ਲੇਖ ਵਿਚ ਹੁੰਦਲ ਅੰਗਰੇਜ਼ੀ ਕਵਿਤਰੀ ਅਚਲਾ ਭਾਟੀਆ ਦਾ ਵੀ ਜ਼ਿਕਰ ਕਰਦਾ ਹੈ। ਇਸੇ ਸੰਗ੍ਰਹਿ ਵਿਚ ਕਵੀ ਵਾਹਗੇ ਪਾਰ ਦੇ ਕਵੀਆਂ ਦਾ ਵੀ ਜ਼ਿਕਰ ਕਰਦਾ ਹੈ। ਇਹ ਕਵੀ ਹਨ ਉਸਤਾਦ ਦਾਮਨ, ਬਾਬਾ ਨਜ਼ਮੀ, ਹਬੀਬ ਜਾਲਿਬ। ਇਹ ਸਾਰੇ ਕਵੀ ਪਾਕਿਸਤਾਨ ਦੇ ਲੋਕ ਪੱਖੀ ਕਵੀ ਹਨ। ਇਹਨਾਂ ਦੀ ਕਵਿਤਾ ਵਾਹਗੇ ਪਾਰ ਦੇ ਲੋਕਾਂ ਵਿਚ ਬਹੁਤ ਹਰਮਨ ਪਿਆਰੀ ਹੈ। ਇਹਨਾਂ ਕਵੀਆਂ ਦਾ ਕਾਰਜ ਸਮੁੱਚੇ ਪੰਜਾਬ ਦੀ ਕਵਿਤਾ ਦੀ ਵਿਰਾਸਤ ਹੈ। ਇਸੇ ਸੰਗ੍ਰਹਿ ਦੇ ਅੰਤਲੇ ਹਿੱਸੇ ਵਿਚ ਹੁੰਦਲ ਵੱਲੋਂ ਲਿਖੇ ਗਏ ਖੋਜ ਪੱਤਰ ਹਨ। ਇਹਨਾਂ ਦੇ ਸਿਰਲੇਖ 'ਪ੍ਰਗਤੀਵਾਦ ਤੋਂ ਜਨਵਾਦ ਤੀਕ' 'ਸਮਾਜਵਾਦੀ ਯਥਾਰਥਵਾਦ', 'ਯਥਾਰਥ ਬੋਧ ਦੀ ਸਮੱਸਿਆ' ਆਦਿ ਹਨ। ਇਹਨਾਂ ਖੋਜ ਪੱਤਰਾਂ ਵਿਚ ਲੇਖਕ ਨੇ ਆਪਣੀ ਸੋਚ ਅਨੁਸਾਰ ਵਿਸ਼ਿਆਂ ਨੂੰ ਪੇਸ਼ ਕੀਤਾ ਹੈ।

ਇਸ ਸੰਗ੍ਰਹਿ ਵਿਚੋਂ ਹੁੰਦਲ ਕਵਿਤਾ ਦਾ ਚੰਗਾ ਪਾਰਖੂ ਹੋਣ ਦਾ ਸਬੂਤ ਦਿੰਦਾ ਹੈ ਅਤੇ ਇਸ ਵਿਚ ਉਹ ਆਪਣਾ ਸਾਹਿਤਕ ਦ੍ਰਿਸ਼ਟੀਕੋਣ ਵੀ ਪੇਸ਼ ਕਰਦਾ ਹੈ।

(3)

ਤੀਜੀ ਪੁਸਤਕ 'ਘੁੰਮਦੇ ਫਿਰਦਿਆਂ' ਹੈ। ਸਿਰਲੇਖ ਤੋਂ ਲੱਗਦਾ ਹੈ ਕਿ ਇਹ ਸ਼ਾਇਦ ਕੋਈ ਸਫਰਨਾਮਾ ਹੈ। ਪ੍ਰੰਤੂ ਹਕੀਕਤ ਵਿਚ ਇਹ ਸਫ਼ਰਨਾਮਾ ਨਹੀਂ ਬਲਕਿ ਸਫ਼ਰ ਦੌਰਾਨ ਮਿਲੇ ਵੱਖੋ-ਵੱਖਰੇ ਵਿਅਕਤੀਆਂ ਦੇ ਵਿਅਕਤੀ ਚਿੱਤਰ ਹਨ ਅਤੇ ਹਨ ਵੀ ਬਹੁਤੇ ਲੇਖਕਾਂ ਬਾਰੇ। ਇਸ ਪੁਸਤਕ ਦਾ ਪਹਿਲਾ ਲੇਖ ਸਾਥੀ ਲੁਧਿਆਣਵੀ ਬਾਰੇ ਹੈ। ਉਹ ਪੱਤਰਕਾਰੀ ਪੱਧਰ ਦਾ ਲੇਖਕ ਹੈ। ਪਿਛਲੇ ਸਮੇਂ ਵਿਚ ਪੰਜਾਬੀ ਰਸਾਲਿਆਂ ਤੇ ਪੱਤਰਾਂ ਵਿਚ ਛਪਦਾ ਰਿਹਾ ਹੈ। ਜਦੋਂ ਪ੍ਰੀਤਲੜੀ ਚੰਗੀ ਚੱਲਦੀ ਸੀ ਉਸ ਸਮੇਂ ਉਹ ਉਸ ਵਿਚ ਸਥਾਈ ਫੀਚਰ ਵੀ ਲਿਖਦਾ ਰਿਹਾ ਸੀ। ਉਹ ਚੁਸਤ ਤੇ ਤੇਜ਼ ਤਰਾਰ ਬੰਦਾ  ਹੈ ਜਿਹੜਾ ਆਪਣੀ



ਚੁਸਤੀ ਕਾਰਨ ਹਰ ਥਾਂ ਪੁੱਜ ਜਾਂਦਾ ਹੈ। ਵੱਡੇ ਬੰਦਿਆਂ ਨਾਲ ਵੀ ਮੇਲ-ਮਿਲਾਪ ਕਰ ਲੈਂਦਾ ਹੈ। ਮੁੜ ਇਸ ਮੇਲ-ਮਿਲਾਪ ਦੇ ਸਿਰ 'ਤੇ ਹੋਰ ਅੱਗੇ ਵਧਦਾ ਹੈ। ਉਹ ਪੱਤਰਾਂ ਤੇ ਰਸਾਲਿਆਂ ਤੋਂ ਬਿਨਾਂ ਇੰਗਲੈਂਡ ਦੇ ਪ੍ਰਾਈਵੇਟ ਰੇਡੀਓ ਸ਼ਟੇਸ਼ਨਾਂ ਲਈ ਵੀ ਕੰਮ ਕਰਦਾ ਹੈ। ਅਜੋਕਾ ਯੁੱਗ ਪ੍ਰਚਾਰ ਦਾ ਯੁੱਗ ਹੈ। ਹਰੇਕ ਪ੍ਰਚਾਰ ਦੀ ਇੱਛਾ ਜਾਂ ਲਾਲਸਾ ਰੱਖਣ ਵਾਲਾ ਵਿਅਕਤੀ ਉਸ ਉਦਾਲੇ ਘੁੰਮਦਾ ਹੈ। ਉਹ ਹੁੰਦਲ ਨੂੰ ਵੀ ਮਿਲਦਾ ਹੈ ਅਤੇ ਰੇਡੀਓ ਲਈ ਉਸ ਦੀ ਮੁਲਾਕਾਤ ਰਿਕਾਰਡ ਕਰਨਾ ਚਾਹੁੰਦਾ ਹੈ। ਹੁੰਦਲ ਉਸ ਨੂੰ ਸਵਾਲ ਕਰਦਾ ਹੈ ਕਿ ਕੀ ਇਸ ਦਾ ਕੋਈ ਇਵਜ਼ਾਨਾ ਵੀ ਦਿਓਗੇ? ਉਹ ਉੱਤਰ ਦਿੰਦਾ ਹੈ ਕਿ ਤੁਸੀਂ ਤਾਂ ਇਵਜ਼ਾਨੇ ਦੀ ਗੱਲ ਕਰਦੇ ਹੋ ਤੇ ਲੋਕ ਉਹਦੇ ਮਗਰ-ਮਗਰ ਭੱਜੇ ਫਿਰਦੇ ਹਨ। ਭਾਰਤ ਵਿਚ ਰੇਡੀਓ ਸਟੇਸ਼ਨ 'ਤੇ ਜਾਣ ਵਾਲਿਆਂ ਨੂੰ ਇਵਜ਼ਾਨਾ ਦਿੱਤਾ ਜਾਂਦਾ ਹੈ। ਇੰਗਲੈਂਡ ਵਰਗੇ ਕਾਰੋਬਾਰੀ ਦੇਸ਼ ਵਿਚ ਕਿਵੇਂ ਸੰਭਵ ਹੈ ਕਿ ਰੇਡੀਓ ਕਿਸੇ ਨੂੰ ਇਵਜ਼ਾਨਾ ਨਾ ਦਿੰਦਾ ਹੋਵੇ ਪ੍ਰੰਤੂ ਸਾਥੀ ਮੁਫ਼ਤ ਵਿਚ ਹੀ ਸਾਰ ਦਿੰਦਾ ਹੈ। ਇਸ ਦਾ ਅਰਥ ਕੀ ਹੋਇਆ? ਇਸ ਤਰ੍ਹਾਂ ਹੁੰਦਲ ਸਾਥੀ ਲੁਧਿਆਣਵੀ ਦਾ ਰੇਖਾ ਚਿੱਤਰ ਪੇਸ਼ ਕਰਦਾ ਹੈ। 'ਚਿੱਟੀ ਪੱਗ ਦੀ ਸ਼ਾਇਰੀ' ਵਿਚ ਮੁਸ਼ਤਾਕ ਸਿੰਘ ਦੀ ਜੀਵਨ ਜਾਚ ਤੇ ਸ਼ਾਇਰੀ ਦਾ ਜ਼ਿਕਰ ਕਰਦਾ ਹੈ। ਹੁੰਦਲ ਨੇ ਮੁਸ਼ਤਾਕ ਸਿੰਘ ਦਾ ਜ਼ਿਕਰ ਮੇਰੇ ਸਮਕਾਲੀ ਕਵੀ, ਵਿਚ ਵੀ ਕੀਤਾ ਹੈ। ਮੁਸ਼ਤਾਕ ਸਿੰਘ ਅੱਗੇ ਵਧੂ ਲੇਖਕ ਹੈ ਤੇ ਇੰਗਲੈਂਡ ਦੀ ਅੱਗੇ ਵਧੂ ਸਾਹਿਤਕ ਲਹਿਰ ਦੇ ਮੋਢੀਆਂ ਵਿਚੋਂ ਹੈ। ਹੁੰਦਲ ਆਪਣੇ ਲੇਖ ਵਿਚ ਉਸ ਬਾਰੇ ਹੋਰ ਵਿਸਥਾਰ ਨਾਲ ਗੱਲ ਕਰਦਾ ਹੈ। 'ਅਵਤਾਰ ਦੇ ਅੰਗ-ਸੰਗ' ਲੇਖ ਵਿਚ ਹੁੰਦਲ ਅਵਤਾਰ ਜੰਡਿਆਲਵੀ ਦੇ ਜੀਵਨ ਤੇ ਉਸ ਦੀ ਰਚਨਾ ਬਾਰੇ ਵਿਸਥਾਰ ਨਾਲ ਜ਼ਿਕਰ ਕਰਦਾ ਹੈ। ਦੇਸ਼ ਵਿਚ ਅਵਤਾਰ, ਹੁੰਦਲ ਦਾ ਹਮ-ਜਮਾਤੀ ਰਿਹਾ ਹੈ ਤੇ ਉਸ ਦਾ ਮੁੱਢਲਾ ਵਿਕਾਸ ਵੀ ਇਕੱਠਿਆਂ ਹੀ ਹੋਇਆ ਅਤੇ ਦੋਨਾਂ ਦੀ ਬੜੀ ਪੁਰਾਣੀ ਸਾਂਝ ਹੈ। ਇੰਗਲੈਂਡ ਫੇਰੀ ਸਮੇਂ ਹੁੰਦਲ ਉਸ ਨੂੰ ਮਿਲਿਆ ਤੇ ਉਸ ਬਾਰੇ ਕਾਫ਼ੀ ਕੁਝ ਨਵਾਂ ਸਮਝਣ ਵਿਚ  ਸਮਰੱਥ ਹੋਇਆ। ਆਪਣੇ ਲੇਖ ਵਿਚ ਹੁੰਦਲ ਇਹਨਾਂ ਬਹੁਤੀਆਂ ਗੱਲਾਂ ਦਾ ਜ਼ਿਕਰ ਕਰਦਾ ਹੈ। ਨਾਲ ਹੀ ਉਸ ਦੀ ਕਵਿਤਾ ਦਾ ਮੁਲਾਂਕਣ ਕਰਦਾ ਹੈ। ਅਵਤਾਰ ਸਰੀਰਕ ਤੌਰ 'ਤੇ ਹਾਲੇ ਵੀ ਤਕੜਾ ਹੈ, ਚੰਗਾ ਪੜ੍ਹਦਾ ਹੈ ਅਤੇ ਲਿਖਣ ਦੀ ਸਮਰੱਥਾ ਵੀ ਰੱਖਦਾ ਹੈ। 'ਸਾਦਿਕ ਦਾ ਸਿਦਕ' ਵਿਚ ਹੁੰਦਲ ਕਾਮਰੇਡ ਅਵਤਾਰ ਸਿੰਘ ਸਾਦਿਕ, ਜਿਹੜਾ ਕਿ ਇਕ ਸੁਹਿਰਦ ਮਾਰਕਸਵਾਦੀ, ਇਕ ਸੁਹਿਰਦ ਮਿੱਤਰ, ਲੇਖਕ ਤੇ ਪਾਰਟੀ ਦਾ ਵਫ਼ਾਦਾਰ ਆਗੂ ਹੈ, ਬਾਰੇ ਗੱਲ ਕਰਦਾ ਹੈ। ਹੁੰਦਲ ਸਾਦਿਕ ਨੂੰ ਮਿਲਦਾ ਹੈ, ਉਹਦੇ ਘਰੇ ਰਹਿੰਦਾ ਹੈ, ਉਹਦੀ ਲਾਇਬਰੇਰੀ ਫਰੋਲ ਕੇ ਤਸੱਲੀ ਪ੍ਰਗਟ ਕਰਦਾ ਹੈ। ਜਦੋਂ ਹੁੰਦਲ ਇੰਗਲੈਂਡ ਗਿਆ ਸੀ ਉਸ ਸਮੇਂ ਪੰਜਾਬ ਵਿਚ ਅੱਤਵਾਦੀ ਲਹਿਰ ਮੱਠੀ ਪੈ ਗਈ ਸੀ। ਪ੍ਰੰਤੂ ਇੰਗਲੈਂਡ ਵਿਚ ਪਏ ਪ੍ਰਭਾਵ ਹਾਲੇ ਦਿਸਦੇ ਹਨ। ਇੰਗਲੈਂਡ ਵਿਚ ਅੱਤਵਾਦ ਵਿਰੁੱਧ ਲੜਨ ਵਾਲਿਆਂ ਵਿਚੋਂ ਸਾਦਿਕ ਮੋਹਰੀ ਸੀ। ਅੱਤਵਾਦੀ ਉਥੇ ਵੀ ਉਹਨੂੰ ਡਰਾਉਣ ਧਮਕਾਉਣ ਦਾ ਯਤਨ ਕਰਦੇ ਹਨ, ਪ੍ਰੰਤੂ ਸਫ਼ਲ ਨਹੀਂ ਹੁੰਦੇ। ਸਾਦਿਕ ਤੇ ਉਹਦਾ ਪਰਿਵਾਰ ਚੱਟਾਨ ਵਾਂਗ ਡਟ ਕੇ ਅੱਤਵਾਦ ਦਾ ਮੁਕਾਬਲਾ ਕਰਦੇ ਹਨ। ਸਾਦਿਕ ਵਾਰਤਕ ਲੇਖਕ, ਕਹਾਣੀਕਾਰ ਤੇ ਕਵੀ ਵੀ ਹੈ। ਪ੍ਰੰਤੂ ਉਹਦੇ ਰਾਜਸੀ ਰੁਝੇਂਵੇ ਉਹਨੂੰ ਇਸ ਪਾਸੇ ਧਿਆਨ ਦੇਣ ਦੀ ਵਿਹਲ ਨਹੀਂ ਦਿੰਦੇ ਪ੍ਰੰਤੂ ਜੇਕਰ ਕੋਈ ਵਿਹਲ ਮਿਲ ਸਕੇ ਉਹ ਇਕ ਚੰਗੇ ਕਾਮਿਆਂ ਦੇ ਨਾਲ ਹੀ ਚੰਗਾ ਲੇਖਕ ਵੀ ਬਣ ਸਕਦਾ ਹੈ। ਅਗਲਾ ਲੇਖ 'ਕਵਿਤਾ ਵਾਂਗ ਸੁਹਿਰਦ' ਸਾਥੀ ਸੰਤੋਖ ਸਿੰਘ ਸੰਤੋਖ ਬਾਰੇ ਹੈ। ਸੰਤੋਖ ਇੰਗਲੈਂਡ ਵਿਚ ਅੱਗੇ ਵਧੂ ਸਾਹਿਤਕ ਲਹਿਰ ਨਾਲ ਜੁੜਿਆ ਹੋਇਆ ਹੈ। ਉਹ ਚੰਗੀ ਕਵਿਤਾ ਵੀ ਲਿਖਦਾ ਹੈ। ਹੁੰਦਲ ਉਹਦੀ ਕਵਿਤਾ ਨੂੰ ਸਪੱਸ਼ਟ ਤੇ ਸੁਹਿਰਦ ਹੋਣ ਦਾ ਦਰਜਾ ਦਿੰਦਾ ਹੈ। 'ਚੁੱਪ ਦੀ ਆਵਾਜ਼' ਇੰਗਲੈਂਡ ਵਸਦੇ ਪੰਜਾਬੀ ਮੋਹਨ ਸਿੰਘ ਮਹੇੜੂ ਬਾਰੇ ਹੈ। ਜਿਸ ਨੇ ਇੰਗਲੈਂਡ ਜਾ ਕੇ ਚੰਗਾ ਰੁਪਈਆ ਤੇ ਚੰਗਾ ਨਾਂ ਕਮਾਇਆ ਹੈ। ਉਹ ਸਾਹਿਤ ਦਾ ਪਾਠਕ ਹੈ ਤੇ ਸਾਹਿਤਕਾਰਾਂ ਦਾ ਪ੍ਰਸ਼ੰਸਕ ਹੈ। ਲੋੜ ਪੈਣ 'ਤੇ ਸਾਹਿਤ ਤੇ ਸਾਹਿਤਕਾਰਾਂ ਲਈ ਖਰਚ ਵੀ ਕਰਦਾ ਹੈ। ਉਹ ਸਾਹਿਤ ਨੂੰ ਮਾਣਦਾ ਤਾਂ ਹੈ ਪ੍ਰੰਤੂ ਆਪ ਕੁਝ ਨਹੀਂ ਲਿਖਦਾ। ਹੁੰਦਲ ਦੇ ਮਿਲਣ 'ਤੇ ਵੀ ਉਹ ਆਪਣੇ ਸੁਭਾਅ ਦਾ ਪ੍ਰਗਟਾਵਾ ਕਰਦਾ ਹੈ। ਤਿੰਨ ਦਿਨ ਉਸ ਨੂੰ ਆਪਣੇ ਘਰ ਰੱਖ ਕੇ ਜਾਣ ਲੱਗੇ ਨੂੰ ਸੌ ਪੌਂਡ ਦਾ ਲਿਫਾਫਾ ਦਿੰਦਾ ਹੈ। 'ਸ਼ੈਤਾਨ ਦੀ

ਟੂਟੀ' ਲੇਖ ਵਿਚ ਹੁੰਦਲ ਅਮਰਜੀਤ ਚੰਦਨ ਦਾ ਵਿਅਕਤੀ ਚਿੱਤਰ ਪੇਸ਼ ਕਰਦਾ ਹੈ। ਇਸ ਬਾਰੇ ਹੁੰਦਲ ਪਹਿਲਾਂ ਵੀ 'ਮੇਰੇ ਸਮਕਾਲੀ ਕਵੀ' ਪੁਸਤਕ ਵਿਚ ਲਿਖ ਚੁੱਕਿਆ ਹੈ। ਇਥੇ ਵਿਸਥਾਰ ਨਾਲ ਉਸ ਦੇ ਚੁਲਬਲੇ ਆਚਰਨ ਦਾ ਵਰਨਣ ਕਰਦਾ ਹੈ। ਚੰਦਨ ਦੇ ਵਿਹਾਰ ਨੂੰ ਦੇਖ ਕੇ ਇੰਗਲੈਂਡ ਦੇ ਪੰਜਾਬੀਆਂ ਨੇ ਉਹਦੀ ਅੱਲ 'ਸ਼ੈਤਾਨ ਦੀ ਟੂਟੀ' ਪਾਈ ਹੋਈ ਹੈ। ਲੇਖ ਵਿਚ ਹੁੰਦਲ ਇਸੇ ਗੱਲ ਦੀ ਪੁਸ਼ਟੀ ਕਰਦਾ ਹੈ। ਹੁੰਦਲ ਇੰਗਲੈਂਡ ਫੇਰੀ ਸਮੇਂ ਬਹੁਤਾ ਆਪਣੇ ਮਿੱਤਰਾਂ ਤੇ ਜਾਣੂ ਲੇਖਕਾਂ ਦੇ ਕੋਲ ਰਿਹਾ। ਇਹਨਾਂ ਨੇ ਆਪਣੇ ਵਿੱਤ ਅਨੁਸਾਰ ਉਸ ਦੀ ਇੰਗਲੈਂਡ ਫੇਰੀ ਨੂੰ ਸਾਰਥਿਕ ਬਣਾਇਆ। ਸਭ ਤੋਂ ਵੱਧ ਉਹਦੀ ਠਾਹਰ ਗੁਰਨਾਮ ਢਿੱਲੋਂ ਬਣਿਆ। ਗੁਰਨਾਮ ਢਿੱਲੋਂ ਜਿਥੇ ਚੰਗਾ ਕਾਰੋਬਾਰੀ ਹੈ ਉਥੇ ਇਕ ਚੰਗਾ ਲੇਖਕ ਤੇ ਹੁੰਦਲ ਦਾ ਗੂੜ੍ਹਾ ਮਿੱਤਰ ਹੈ। ਉਹਦੇ ਤੇ ਉਹਦੀ ਕਲਾ ਬਾਰੇ ਬਹੁਤ ਵਿਸਥਾਰ ਨਾਲ ਲਿਖਦਾ ਹੈ। 'ਨੂਰ ਦਾ ਜਾਮ' ਲੇਖ ਵਿਚ ਹੁੰਦਲ ਨਿਰੰਜਣ ਸਿੰਘ ਨੂਰ ਬਾਰੇ ਵਿਸਥਾਰ ਨਾਲ ਲਿਖਦਾ ਹੈ। ਨੂਰ ਦੇਸ਼ ਵਿਚ ਇਕ ਅਗਾਂਹਵਧੂ ਗਜ਼ਲ ਲੇਖਕ ਵਜੋਂ ਜਾਣਿਆ ਜਾਂਦਾ ਸੀ। ਇੰਗਲੈਂਡ ਵਿਚ ਵੀ ਉਹਨੇ ਆਪਣਾ ਇਹ ਕਾਰਜ ਜਾਰੀ ਰੱਖਿਆ। ਅੱਤਵਾਦ ਦੇ ਦੌਰ ਸਮੇਂ ਇਕ ਵੇਰ ਉਹਦੇ ਵਿਚ ਥਿੜਕਣ ਆਈ ਪ੍ਰੰਤੂ ਕੁਝ ਸਮੇਂ ਬਾਅਦ ਉਹ ਸੰਭਲ ਗਿਆ ਤੇ ਮੁੜ ਪੁਰਾਣੇ ਰਾਹ 'ਤੇ ਤੁਰ ਪਿਆ ਤੇ ਅੰਤ ਸਮੇਂ ਤੱਕ ਇਸੇ ਰਾਹ 'ਤੇ ਤੁਰਦਾ ਰਿਹਾ। ਉਹ ਹੁੰਦਲ ਦਾ ਮਿੱਤਰ ਵੀ ਸੀ ਤੇ ਸਾਥੀ ਵੀ। ਹੁੰਦਲ ਆਪਣੇ ਲੇਖ ਵਿਚ ਇਸੇ ਦ੍ਰਿਸ਼ਟੀ ਤੋਂ ਉਸ ਬਾਰੇ ਲਿਖਦਾ ਹੈ। ਹੁੰਦਲ ਨੇ ਇਕ ਲੇਖ ਪੱਛਮੀ ਪੰਜਾਬ ਤੇ ਪੰਜਾਬੀ ਲੇਖਕ ਇਲਿਆਸ ਘੁੰਮਣ ਬਾਰੇ ਲਿਖਿਆ ਹੈ। ਇਲਿਆਸ ਘੁੰਮਣ ਪੱਛਮੀ ਪੰਜਾਬ ਦੇ ਪੰਜਾਬੀ ਲੇਖਕਾਂ ਵਿਚੋਂ ਇਕ ਹੈ ਜਿਹੜਾ ਪੰਜਾਬੀ ਦੀ ਗੁਰਮੁੱਖੀ ਸਕਰਿਪਟ ਨੂੰ ਪੜ੍ਹ ਤੇ ਉਸ ਵਿਚ ਲਿਖ ਸਕਦਾ ਹੈ। ਉਹ ਆਪਣੀਆਂ ਲਿਖਤਾਂ ਪੰਜਾਬੀ ਵਿਚ ਲਿਖ ਕੇ ਇਧਰਲੇ ਪੰਜਾਬੀ ਅਖ਼ਬਾਰਾਂ ਨੂੰ ਭੇਜਦਾ ਹੈ, ਖਾਸ ਕਰਕੇ 'ਰੋਜ਼ਾਨਾ ਅਜੀਤ' ਵਿਚ ਉਸ ਦੇ ਬਹੁਤੇ ਲੇਖ ਛਪਦੇ ਹਨ। ਉਹ ਪਿੱਛੇ ਜਿਹੇ ਭਾਰਤ ਵੀ ਆਇਆ ਸੀ। ਹੁੰਦਲ ਨਾਲ ਉਹਦਾ ਚਿੱਠੀ ਪੱਤਰ ਸੀ। ਪਾਕਿਸਤਾਨ ਫੇਰੀ ਸਮੇਂ ਹੁੰਦਲ ਉਹਨੂੰ ਮਿਲਦਾ ਹੈ ਤੇ ਉਸ ਨਾਲ ਖੁੱਲ੍ਹ ਕੇ ਗੱਲਬਾਤ ਕਰਦਾ ਹੈ ਤੇ ਉਹਨੂੰ ਬਹੁਤ ਹੱਦ ਤੱਕ ਸਮਝਣ ਦੇ ਸਮਰੱਥ ਹੁੰਦਾ ਹੈ। ਆਪਣੇ ਲੇਖ ਵਿਚ ਹੁੰਦਲ ਉਸ ਦਾ ਵਿਸਥਾਰ ਨਾਲ ਜ਼ਿਕਰ ਕਰਦਾ ਹੈ।

'ਘੁੰਮਦੇ ਫਿਰਦਿਆਂ' ਪੁਸਤਕ ਵਿਚ ਹੁੰਦਲ ਨੇ ਲੇਖਕਾਂ ਤੋਂ ਬਿਨਾਂ ਹੋਰ ਲੋਕਾਂ ਬਾਰੇ ਵੀ ਲੇਖ ਲਿਖੇ ਹਨ। ਮਿਸਾਲ ਵਜੋਂ ਉਹਦੇ ਇਕ ਲੇਖ ਦਾ ਸਿਰਲੇਖ ਹੈ 'ਇਕ ਦਿਨ ਸੁਰਿੰਦਰ ਕੌਰ ਨਾਲ'। ਇਸ ਵਿਚ ਲੇਖਕ ਪੰਜਾਬੀ ਦੀ ਪ੍ਰਸਿੱਧ ਗਾਇਕਾ ਸੁਰਿੰਦਰ ਕੌਰ ਨਾਲ ਬਿਤਾਏ ਦਿਨ ਤੇ ਉਸ ਦੇ ਨੇੜੇ ਹੋ ਕੇ ਉਸ ਨੂੰ ਸਮਝਣ ਵਿਚ ਮਿਲੀ ਸਫ਼ਲਤਾ ਦਾ ਜ਼ਿਕਰ ਕਰਦਾ ਹੈ। ਹੋਰ ਲੇਖ ਹਨ 'ਚਾਚਾ ਜੀ' ਜਿਹੜਾ ਕਿਸੇ ਰਿਸ਼ਤੇਦਾਰ ਬਾਰੇ ਹੈ। ਇਕ ਲੇਖ ਪੰਜਾਬੀ ਦੇ ਪ੍ਰਸਿੱਧ ਚਿੱਤਰਕਾਰ ਜਰਨੈਲ ਸਿੰਘ ਬਾਰੇ ਹੈ। ਲੇਖਕ ਉਸ ਦੇ ਜੀਵਨ ਤੇ ਉਸ ਦੇ ਕਾਰਜ ਬਾਰੇ ਵਿਸਥਾਰ ਨਾਲ ਜ਼ਿਕਰ ਕਰਦਾ ਹੈ। ਦੋ ਲੇਖ ਹੋਰ 'ਰੰਗਾਂ ਦਾ ਰਿਸ਼ਤਾ' ਤੇ 'ਪੰਜਾਬਣ ਦਾ ਪੋਰਟਰੇਟ' ਵੀ ਜਰਨੈਲ ਸਿੰਘ ਦੀ ਕਲਾ ਬਾਰੇ ਹਨ। ਇਕ ਲੇਖ ਵਾਦ-ਵਿਵਾਦੀ ਬੁੱਧੀਜੀਵੀ ਡਾ. ਗੁਰਭਗਤ ਸਿੰਘ ਬਾਰੇ ਹੈ। ਡਾ. ਗੁਰਭਗਤ ਸਿੰਘ ਜਿਥੇ ਅਕਾਦਮਿਕ ਹਲਕਿਆਂ ਵਿਚ ਮੰਨਿਆ ਪ੍ਰਮੰਨਿਆ ਹੈ ਉਥੇ ਵਿਚਾਰਧਾਰਾ ਦੇ ਪੱਖੋਂ ਬਹੁਤ ਵਾਦ-ਵਿਵਾਦੀ ਹੈ। ਹੁੰਦਲ ਆਪਣੇ ਲੇਖ ਵਿਚ ਉਸ ਦੇ ਗੁੰਝਲਦਾਰ ਵਿਅਕਤਵ ਦਾ ਵਰਨਣ ਕਰਦਾ ਹੈ। 'ਠੱਗ ਪ੍ਰਕਾਸ਼ਕ' ਲੇਖ ਆਪਣੇ ਨਾਂ ਦੇ ਉਲਟ ਇਕ ਬਹੁਤ ਹੀ ਸੁਹਿਰਦ ਤੇ ਇਮਾਨਦਾਰ ਪ੍ਰਕਾਸ਼ਕ ਦਾ ਜ਼ਿਕਰ ਹੈ। ਇਸ ਵਿਚ ਲੇਖਕ ਦੱਸਦਾ ਹੈ ਕਿ ਜਿਸ ਵਿਅਕਤੀ ਨੂੰ ਉਹਨੇ ਪਹਿਲਾਂ ਠੱਗ ਸਮਝਿਆ ਸੀ ਉਹ ਬਹੁਤ ਹੀ ਸੁਹਿਰਦ ਨਿਕਲਿਆ।

ਇਸ ਪੁਸਤਕ ਦਾ ਅੰਤਲਾ ਲੇਖ ਕਾਮਰੇਡ ਸੁਹੇਲ ਸਿੰਘ ਬਾਰੇ ਹੈ, ਜਿਹੜਾ ਪਾਰਟੀ ਦੇ ਅਖ਼ਬਾਰ 'ਲੋਕ ਲਹਿਰ' ਦਾ ਸੰਪਾਦਕ ਸੀ, ਇਕ ਸੁਹਿਰਦ ਸਾਥੀ ਸੀ ਤੇ ਆਪਣੇ ਕਰਤੱਵ ਨੂੰ ਪਰਨਾਇਆ ਹੋਇਆ ਸੀ। ਉਹ ਹੋਰਨਾਂ ਵਾਂਗ ਹੁੰਦਲ ਦਾ ਵੀ ਮਿੱਤਰ ਸੀ। ਪ੍ਰੰਤੂ ਸਮੇਂ ਤੋਂ ਪਹਿਲਾਂ ਹੀ ਸਾਰਿਆਂ ਨੂੰ ਵਿਛੋੜਾ ਦੇ ਗਿਆ। ਹੁੰਦਲ ਉਹਦੇ ਵਿਛੋੜੇ ਦਾ ਵੈਰਾਗਮਈ ਚਿਤਰਨ ਕਰਦਾ ਹੈ।



ਅੰਤ ਵਿਚ ਅਸੀਂ ਤਿੰਨ ਪੁਸਤਕਾਂ ਦੀ ਵਾਰਤਕ ਰਚਨਾ ਦਾ ਜਾਇਜ਼ਾ ਲੈ ਕੇ ਕਹਿ ਸਕਦੇ ਹਾਂ ਕਿ ਹੁੰਦਲ ਕਵਿਤਾ ਦੇ ਨਾਲ ਹੀ ਵਾਰਤਕ ਵੀ ਬਹੁਤ ਉੱਤਮ ਲਿਖਦਾ ਹੈ। ਉਹ ਹਰ ਕਿਸਮ ਦੇ ਵਿਸ਼ੇ ਨੂੰ ਆਪਣੀ ਵਾਰਤਕ ਰਾਹੀਂ ਸਾਦੇ ਢੰਗ ਨਾਲ ਪੇਸ਼ ਕਰ ਸਕਦਾ ਹੈ। ਉਹਦੀ ਵਾਰਤਕ ਲਿਖਤ ਵਿਚ ਸਹਿਜਤਾ ਤੇ ਰਵਾਨੀ ਹੈ। ਆਸ ਕਰਨੀ ਚਾਹੀਦੀ ਹੈ ਕਿ ਹੁੰਦਲ ਕਵਿਤਾ ਦੇ ਨਾਲ ਹੀ ਵਾਰਤਕ ਵਿਚ ਆਪਣੇ ਹੋਰ ਜੌਹਰ ਦਿਖਾਵੇ।

(ਪਿੰਡ ਤੇ ਡਾਕ: ਘੋਲੀਆਂ ਕਲਾਂ, ਜ਼ਿਲ੍ਹਾ ਮੋਗਾ)

*ਚੀਨੀ ਮਿੰਨੀ ਕਹਾਣੀ*

# ਸੁਪਨੇ ਵਿਚ ਮਦਦ

*ਚਿਆਂਗਇੰਥੋ*

ਸਰਕਾਰੀ ਪ੍ਰੀਖਿਆ ਵਿਚ ਹਿੱਸਾ ਲੈਣ ਵਾਲੇ ਇਕ ਪ੍ਰੀਖਿਆਰਥੀ ਵੱਲੋਂ ਅਨੁਸ਼ਾਸਨ ਭੰਗ ਕੀਤੇ ਜਾਣ ਦਾ ਪਤਾ ਚੱਲਣ 'ਤੇ ਪ੍ਰੀਖਿਅਕ ਨੇ ਆਦਮੀ ਭੇਜ ਕੇ ਉਸ ਨੂੰ ਫੜ ਲਿਆ ਅਤੇ ਸਖ਼ਤ ਤੋਂ ਸਖ਼ਤ ਸਜ਼ਾ ਦੇਣੀ ਚਾਹੀ।

ਪ੍ਰੀਖਿਆਰਥੀ ਜਾਣਦਾ ਸੀ ਕਿ ਪ੍ਰੀਖਿਅਕ ਬੜਾ ਅੜੀਅਲ ਹੈ ਅਤੇ ਉਸ ਤੋਂ ਮੁਆਫ਼ੀ ਮੰਗਣਾ ਫ਼ਜ਼ੂਲ ਹੈ। ਇਸ ਲਈ ਉਸ ਨੇ ਕਿਸੇ ਤਰਕੀਬ ਤੋਂ ਕੰਮ ਲਿਆ। ਉਹ ਪ੍ਰੀਖਿਅਕ ਅੱਗ ਗੋਡੇ ਟੇਕ ਕੇ ਬੋਲਿਆ, 'ਗੁਰੂ ਜੀ, ਮੈਨੂੰ ਆਪਣਾ ਕਸੂਰ ਕਬੂਲਣ ਪਹਿਲਾਂ ਹੀ ਆ ਜਾਣਾ ਚਾਹੀਦਾ ਸੀ, ਪਰ ਮੌਕਾ ਮੇਲ ਅਜਿਹਾ ਕਿ ਮੈਨੂੰ ਇਕ ਹਜ਼ਾਰ ਔਂਸ ਚਾਂਦੀ ਮਿਲ ਗਈ। ਉਸ ਨੂੰ ਇਸਤੇਮਾਲ ਕਰਨ ਦੀ ਯੋਜਨਾ ਵਿਚ ਕੁਝ ਸਮਾਂ ਲੱਗ ਗਿਆ। ਇਸ ਲਈ ਨਹੀਂ ਆ ਸਕਿਆ।'

ਏਨੀ ਵੱਡੀ ਰਕਮ ਦੀ ਗੱਲ ਸੁਣਦਿਆਂ ਪ੍ਰੀਖਿਅਕ ਦਾ ਗੁੱਸਾ ਠੰਡਾ ਪੈ ਗਿਆ। ਉਸ ਨੇ ਪੁੱਛਿਆ, 'ਇਹ ਚਾਂਦੀ ਤੈਨੂੰ ਕਿੱਥੋਂ ਮਿਲੀ?'

ਪ੍ਰੀਖਿਆਰਥੀ ਨੇ ਜੁਆਬ ਦਿੱਤਾ, 'ਜ਼ਮੀਨ 'ਚ ਹਲ਼ ਚਲਾਉਂਦਿਆਂ?'

'ਇਸ ਨੂੰ ਖਰਚ ਕਰਨ ਦੀ ਤੇਰੀ ਕੀ ਯੋਜਨਾ ਹੈ?'

'ਮੇਰੇ ਕੋਲ ਜਾਇਦਾਦ ਦੇ ਨਾਂ 'ਤੇ ਹਾਲੇ ਤੱਕ ਕੁਝ ਨਹੀਂ ਸੀ। ਇਸ ਲਈ ਪਤਨੀ ਨਾਲ ਸਲਾਹ-ਮਸ਼ਵਰਾ ਕਰਨ ਮਗਰੋਂ ਮੈਂ ਤੈਅ ਕੀਤਾ ਕਿ ਅੱਧੇ ਹਿੱਸੇ ਦੀ ਜ਼ਮੀਨ ਖਰੀਦਾਂਗਾ, ਦੋ ਸੌ ਔਂਸ ਚਾਂਦੀ ਨਾਲ ਇਕ ਮਕਾਨ ਬਣਵਾ ਲਵਾਂਗਾ, ਇਕ ਸੌ ਔਂਸ ਚਾਂਦੀ ਫਰਨੀਚਰ 'ਤੇ ਖਰਚ ਦਿਆਂਗਾ ਤੇ ਇਕ ਸੌ ਔਂਸ ਚਾਂਦੀ ਨੌਕਰਾਂ-ਚਾਕਰਾਂ ਦੀ ਤਨਖਾਹ ਲਈ ਵਰਤਾਂਗਾ।'

ਇਸ ਆਸ ਨਾਲ ਕਿ ਪ੍ਰੀਖਿਆਰਥੀ ਕੁਝ ਨਾ ਕੁਝ ਚਾਂਦੀ ਉਸ ਨੂੰ ਵੀ ਦੇਵੇਗਾ, ਪ੍ਰੀਖਿਅਕ ਨੇ ਜਗਿਆਸਾ ਨਾਲ ਪੁੱਛਿਆ, 'ਬਾਕੀ ਇਕ ਸੌ ਔਂਸ ਚਾਂਦੀ ਦਾ ਕੀ ਕਰੇਂਗਾ?'

'ਉਸ ਦੇ ਅੱਧੇ ਹਿੱਸੇ ਦੀਆਂ ਕਿਤਾਬਾਂ ਖਰੀਦਾਂਗਾ। ਹੁਣ ਮੈਂ ਮਨ ਲਾ ਕੇ ਪੜ੍ਹਨ ਦਾ ਫੈਸਲਾ ਕਰ ਲਿਆ ਹੈ।'

'ਬਾਕੀ ਪੰਜਾਹ ਔਂਸ?'

'ਇਹ ਰਕਮ, ਗੁਰੂ ਦੱਖਣਾ ਦੇ ਰੂਪ ਵਿਚ ਤੁਹਾਡੇ ਚਰਨਾਂ ਵਿਚ ਰੱਖ ਦਿਆਂਗਾ।'

'ਤੂੰ ਜ਼ਿਆਦਾ ਹੀ ਖੇਚਲ ਕਰ ਰਿਹਾ ਹੈਂ। ਭਲਾ ਮੈਂ ਇਸ ਲਾਇਕ ਕਿਥੇ?'

ਪ੍ਰੀਖਿਅਕ ਖੁਸ਼ ਹੋ ਕੇ ਬੋਲਿਆ। ਉਸ ਨੇ ਫੌਰਨ ਨੌਕਰ ਨੂੰ ਬੁਲਾ ਕੇ ਪ੍ਰੀਖਿਆਰਥੀ ਦੇ ਆਦਰ ਮਾਣ ਲਈ ਖਾਣ ਪੀਣ ਦੀ ਤਿਆਰੀ ਦਾ ਹੁਕਮ ਦਿੱਤਾ।

ਸ਼ਰਾਬ ਪੀਂਦਿਆਂ ਪ੍ਰੀਖਿਅਕ ਨੇ ਫਿਰ ਪੁੱਛਿਆ, 'ਇਥੇ ਆਉਣ ਤੋਂ ਪਹਿਲਾਂ, ਕੀ ਚਾਂਦੀ ਚੰਗੀ ਤਰ੍ਹਾਂ ਸੰਭਾਲ ਕੇ ਰੱਖ ਆਇਐਂ?'

'ਮੈਂ ਚਾਂਦੀ ਵੰਡਣ ਦਾ ਕੰਮ ਪੂਰਾ ਵੀ ਨਹੀਂ ਕਰ ਸਕਿਆ ਸੀ ਕਿ ਪਤਨੀ ਨੇ ਜਗਾ 'ਤਾ। ਅੱਖ ਖੁੱਲ੍ਹੀ ਤਾਂ ਦੇਖਿਆ, ਮੇਰੇ ਕੋਲ ਇਕ ਵੀ ਔਂਸ ਚਾਂਦੀ ਨਹੀਂ ਹੈ। ਫਿਰ ਮੈਂ ਕਿਸ ਚੀਜ਼ ਨੂੰ ਸੰਭਾਲ ਕੇ ਰੱਖਦਾ?'

'ਕੀ ਕਿਹਾ? ਕਿਤੇ ਤੂੰ ਮੈਨੂੰ ਸੁਪਨਾ ਤਾਂ ਨਹੀਂ ਸੁਣਾ ਰਿਹਾ ਸੀ?' ਪ੍ਰੀਖਿਅਕ ਨੇ ਬੇਚੈਨ ਹੋ ਕੇ ਪੁੱਛਿਆ।

ਪ੍ਰੀਖਿਆਰਥੀ ਹੌਲੀ ਜਿਹੀ ਬੋਲਿਆ, 'ਜੀ, ਮੈਂ ਤੁਹਾਨੂੰ ਸੁਪਨਾ ਹੀ ਸੁਣਾ ਰਿਹਾ ਸੀ।

ਪ੍ਰੀਖਿਅਕ ਨੂੰ ਬੜਾ ਗੁੱਸਾ ਆਇਆ, ਪਰ ਉਸ ਨੇ ਅਚਾਨਕ ਵਤੀਰਾ ਬਦਲਣਾ ਠੀਕ ਨਾ ਸਮਝਿਆ ਤੇ ਉਸ ਨੂੰ ਮਜਬੂਰ ਹੋ ਕੇ ਸਿਰਫ਼ ਇਹੀ ਕਹਿਣਾ ਪਿਆ, 'ਤੂੰ ਸੁਪਨੇ ਵਿਚ ਵੀ ਮੈਨੂੰ ਯਾਦ ਰੱਖਦਾ ਹੈਂ, ਇਸ ਦੇ ਲਈ ਬਹੁਤ-ਬਹੁਤ ਧੰਨਵਾਦ।'

*ਅਨੁਵਾਦਕ : ਡਾ. ਸ਼ਿਆਮ ਸੁੰਦਰ ਦੀਪਤੀ*

# ਮੋਹ ਦੀਆਂ ਪੌਣਾਂ

(ਗੁਰਿੰਦਰ ਕਲਸੀ)

ਗੁਰਿੰਦਰ ਕਲਸੀ ਇਕ ਸੰਜੀਦਾ ਤੇ ਸੰਵੇਦਨਸ਼ੀਲ ਸ਼ਾਇਰ ਹੈ। ਉਹ ਪੁਸਤਕ ਦੇ ਸ਼ੁਰੂ ਵਿਚ ਹੀ ਕਵਿਤਾ 'ਚ ਰਚ ਮਿਚ ਕੇ ਜਾਂ ਉਸ ਦਾ ਸਾਥ ਮਾਣ ਕੇ ਕਵਿਤਾ ਨੂੰ ਜ਼ਿੰਦਗੀ ਦੇ ਵਰਤਮਾਨ ਤੇ ਭਵਿੱਖ ਦਾ ਆਧਾਰ ਵੀ ਮੰਨਦਾ ਹੈ ਤੇ ਇਸ ਨਾਲ ਦਿਲੀ ਖ਼ੁਸ਼ੀ ਦਾ ਵੀ ਇਜ਼ਹਾਰ ਕਰਦਾ ਹੈ। ਉਸ ਨੂੰ ਇਸ ਗੱਲ ਦਾ ਵਿਸ਼ਵਾਸ ਹੈ ਕਿ ਕੋਈ ਵੀ ਮਨੁੱਖ ਜਾਂ ਕਵੀ ਕਾਵਿਮਈ ਚੇਤਨਾ ਦੇ ਗੂੜ੍ਹੇ ਤੇ ਭਾਵਨਾਮਈ ਜਲੌਅ ਵਿਚ ਵਹਿ ਕੇ ਹੀ ਨਵੇਂ ਅਦਿੱਖ ਸਫ਼ਰਾਂ ਦੀ ਥਾਹ ਤੇ ਖੋਜ ਕਰ ਸਕਦਾ ਹੈ। ਇਸ ਲਈ ਕਵਿਤਾ ਦਾ ਇਕ ਦਿਲਕਸ਼, ਭਰਵੀਂ, ਸਦੀਵੀ ਤੇ ਕਾਰਗਰ ਲਹਿਰ ਬਣਨਾ ਮਨੁੱਖਤਾ ਲਈ ਵਧੀਆ ਗੱਲ ਹੋ ਸਕਦੀ ਹੈ।

ਹਰ ਸਾਹ ਲੈਂਦੀ ਮੇਰੀ ਕਵਿਤਾ
ਹਰ ਪਲ ਮੇਰੇ ਨਾਲ
ਉਂਜ ਮੈਂ ਮੰਨਦਾਂ
ਉਸ ਨੂੰ
ਨਵੇਂ ਦਿਸਹੱਦਿਆਂ ਦੀ ਭਾਲ... (ਪੰਨਾ 11)

ਗੁਰਿੰਦਰ ਕਲਸੀ ਨੂੰ ਪਤਾ ਹੈ ਕਿ ਅੱਜ ਦੇ ਪਦਾਰਥਵਾਦੀ ਤੇ ਖਪਤਵਾਦੀ ਯੁੱਗ ਵਿਚ ਮਨੁੱਖ ਵਿਚੋਂ ਮਨੁੱਖੀ ਕਦਰਾਂ ਕੀਮਤਾਂ ਤੇ ਰਿਸ਼ਤੇ ਨਾਤਿਆਂ ਦੀ ਪੀਡੀ ਸਾਂਝ ਖ਼ਤਮ ਹੋ ਗਈ ਹੈ ਅਰਥਾਤ ਅਜੋਕੀ ਲਾਲਸਾਮਈ ਭੱਜ-ਨੱਠ ਵਿਚ ਜ਼ਿੰਦਗੀ ਹੀ ਮਨਫ਼ੀ ਹੋ ਕੇ ਰਹਿ ਗਈ ਹੈ ਪਰ ਮਨੁੱਖੀ ਭਾਵਨਾਵਾਂ, ਵਲਵਲਿਆਂ ਦਾ ਜੀਵਨ ਵਿਚੋਂ ਗ਼ੈਰ-ਹਾਜ਼ਰ ਰਹਿਣਾ ਜਾਂ ਜੀਵਨ ਦੀ ਮੁਹੱਬਤਰੂਪੀ ਖ਼ੂਬਸੂਰਤੀ ਦਾ ਫ਼ਿੱਕਾ ਪੈਣਾ ਇਕ ਖਤਰਨਾਕ ਸ਼ੁਰੂਆਤ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਗੁਰਿੰਦਰ ਕਲਸੀ ਕਹਿੰਦਾ ਹੈ ਕਿ ਫਿਰ ਤਾਂ ਮਨੁੱਖਤਾ ਵਿਚੋਂ ਜੀਵਨ ਬਿਤਾਉਣ ਦੇ ਅਹਿਸਾਸ, ਵਿਸ਼ਵਾਸ ਬਿਲਕੁਲ ਹੀ ਪਥਰਾ ਜਾਣਗੇ, ਜਿਨ੍ਹਾਂ ਨੂੰ ਕਠੋਰ ਅਵਸਥਾ ਵਿਚੋਂ ਕੱਢ ਕੇ ਜ਼ਿੰਦਗੀ ਜਿਉਣ ਦੀ ਅਸਲੀਅਤ ਤੇ ਉਸ ਦੇ ਪ੍ਰਭਾਵ ਤੋਂ ਜਾਣੂ ਕਰਵਾਉਣਾ ਅੱਜ ਦੇ ਦੌਰ 'ਚ ਬੜੀ ਲਾਜ਼ਮੀ ਹੈ।

ਸੁੰਨਾ ਹੋ ਗਿਆ ਹੈ ਅੰਬਰ
ਜਾਂ ਪਥਰਾ ਗਏ ਨੇ
ਮਨੁੱਖ ਦੇ ਅਹਿਸਾਸ?
ਮੁਹੱਬਤ ਤਾਂ ਕਦੇ
ਗ਼ੈਰ-ਹਾਜ਼ਰ ਨਹੀਂ ਹੁੰਦੀ। (ਪੰਨਾ 13)

ਮਨੁੱਖ ਜ਼ਿੰਦਗੀ ਵਿਚਲੀ ਤਤਕਾਲੀ ਤੇ ਆਧੁਨਿਕ ਯੁੱਗ ਬੋਧ ਦੀ ਸਚਾਈ ਤੇ ਜ਼ਿੰਮਵਾਰੀ ਤੋਂ ਅਣਡਿੱਠ ਜਾਂ ਅਲਹਿਦਾ ਹੋ ਕੇ ਪਿੱਛਾ ਨਹੀਂ ਛੁਡਾ ਸਕਦਾ। ਬਚਪਨ, ਜਵਾਨੀ ਗ੍ਰਹਿਸਥੀ ਜੀਵਨ ਵਿਚਲੀਆਂ ਭਾਵਨਾਵਾਂ ਤੇ ਉਹਨਾਂ ਵਿਚਲਾ ਖਾਸ ਵਹਿਣ ਬਹੁਤ ਲਾਜ਼ਮੀ ਹੈ। ਉਸ ਦੇ ਯਥਾਰਥ, ਪ੍ਰਭਾਵ ਤੇ ਸਮਕਾਲੀਨ ਰਹਿਤਲ ਨੂੰ ਮਾਨਣਾ, ਭੋਗਣਾ ਤੇ ਉਸ ਅਨੁਕੂਲ ਵਿਚਰਨਾ ਹੀ ਮਨੁੱਖ ਲਈ ਇਕ ਖਾਸ ਪਹਿਚਾਣ ਹੋ ਨਿਬੜਦਾ ਹੈ। ਇਸ ਤਰ੍ਹਾਂ ਹੀ ਇਕ ਸ਼ਾਇਰ ਵੀ ਆਪਣੀ ਸ਼ਾਇਰੀ ਵਿਚਲੇ ਹਾਵਾਂ-ਭਾਵਾਂ ਤੇ ਵਿਚਾਰਾਂ ਨਾਲ ਇਕਸੁਰ ਹੋ ਕੇ ਕਲਪਿਤ ਪ੍ਰੇਮਿਕਾ ਲਈ ਸੁਪਨ ਸੰਸਾਰ ਸਿਰਜਣ ਦੀ ਅਥਾਹ ਸਮਰੱਥਾ ਰੱਖਦਾ ਹੈ।

ਉਵੇਂ



ਗੁੰਮ ਗਿਆ ਹਾਂ ਮੈਂ
ਤੇਰੇ ਸੁਪਨ-ਸੰਸਾਰ ਅੰਦਰ
ਆ
ਲੱਭ ਲੈ ਮੈਨੂੰ... (ਪੰਨਾ 23)

ਪਰ ਗੁਰਿੰਦਰ ਕਲਸੀ ਨਾਲ ਹੀ ਇਹ ਵੀ ਕਹਿੰਦਾ ਹੈ ਕਿ ਉਸ ਤੋਂ ਪਹਿਲਾਂ ਸ਼ਬਦ ਤੇ ਕਵਿਤਾ ਹੀ ਉਸ ਦੇ ਜੀਵਨ ਦਾ ਹਕੀਕੀ ਅਧਾਰ ਤੇ ਪਿਆਰ ਸਨ। ਪ੍ਰੇਮਿਕਾ ਦੀ ਹੋਂਦ, ਉਸ ਦਾ ਪਿਆਰ ਤੇ ਵਲਵਲੇ ਬਾਅਦ ਦੀ ਗੱਲ ਹੈ। ਕਾਵਿਮਈ ਸ਼ਬਦਾਂ ਦੀ ਖ਼ੁਸ਼ਬੂ ਤੇ ਉਹਨਾਂ ਦੇ ਸੱਚੇ-ਸੁੱਚੇ ਤੇ ਸਦੀਵੀ ਪ੍ਰਭਾਵ ਨਾਲ ਇਕਮਿੱਕ ਹੋ ਕੇ ਕੋਈ ਵੀ ਮਨੁੱਖ ਜ਼ਿੰਦਗੀ ਵਿਚਲੀ ਇਕੱਲਤਾ, ਕਠੋਰਤਾ, ਤ੍ਰਾਸਦੀ, ਉਦਾਸੀ ਜਾਂ ਭੀੜ ਤੇ ਪ੍ਰੇਮਿਕਾ ਦੀ ਯਾਦ ਨੂੰ ਨਜ਼ਰ ਅੰਦਾਜ਼ ਕਰ ਕੇ ਵੀ ਡਗਮਗਾਉਂਦਾ ਨਹੀਂ ਤੇ ਕਵਿਤਾ ਪੜ੍ਹਨਾ ਤੇ ਉਸ ਦਾ ਸੁਹਜ-ਸੁਆਦ ਮਾਨਣਾ ਹੀ ਇਕ ਚੰਗੀ ਸ਼ੁਰੂਆਤ ਹੋ ਸਕਦੀ ਹੈ। ਇਸ ਤਰ੍ਹਾਂ ਹੀ ਵਿਆਹ ਤੋਂ ਪਹਿਲਾਂ ਕਿਸੇ ਕੁੜੀ ਦਾ ਹਮਉਮਰ ਨਾਲ ਪਿਆਰ, ਮੁਹੱਬਤ ਦੀਆਂ ਪੀਂਘਾਂ ਝੂਟਣਾ, ਆਪਣੀਆਂ ਖ਼ੁਸ਼ੀਆਂ ਗ਼ਮੀਆਂ ਨੂੰ ਸਾਂਝਾ ਕਰਨਾ ਤਾਂ ਵਾਜਬ, ਸਹੀ ਜਾਂ ਇਕ ਥੋੜ ਚਿਰਾ ਰੰਗੀਨਮਈ ਜ਼ਿੰਦਗੀ ਦਾ ਅਸਥਾਈ ਵਰਤਾਰਾ ਹੋ ਸਕਦਾ ਹੈ ਪਰ ਜ਼ਿੰਦਗੀ ਦੇ ਲੰਮੇ ਸਫ਼ਰ ਅਰਥਾਤ ਵਿਆਹ ਤੋਂ ਬਾਅਦ ਅਤੀਤ ਵਿਚਲੇ ਭਾਵਨਾਮਈ ਸਫ਼ਰ ਨੂੰ ਲਗਾਤਾਰਤਾ ਵਿਚ ਮਘਾ ਕੇ ਜਾਂ ਸੁਲਘਾ ਕੇ ਰੱਖਣਾ ਗ਼ੈਰ-ਇਖ਼ਲਾਕੀ ਹੈ ਤੇ ਜਿਸ ਨਾਲ ਜ਼ਿੰਦਗੀ ਦੇ ਮੌਜੂਦਾ ਪੜਾਅ ਲਈ ਇਕ ਖ਼ਤਰਨਾਕ ਪਿਰਤ ਵੀ ਪੈ ਸਕਦੀ ਹੈ। ਇਸੇ ਲਈ ਗੁਰਿੰਦਰ ਕਲਸੀ ਦੀ ਸ਼ਾਇਰੀ ਵਿਚਲੀ ਔਰਤ ਪਾਤਰ ਭੂਤਕਾਲ ਵਿਚਲੇ ਹੰਢਾਏ ਤੇ ਬਿਤਾਏ ਪਲਾਂ ਨੂੰ ਵਿਸਾਰ ਕੇ ਨਵੇਂ ਤੇ ਅਜੋਕੇ ਜੀਵਨ ਵਿਚਲੇ ਸਾਰਥਕ ਪਲਾਂ ਨੂੰ ਬੜੀ ਹੀ ਇਮਾਨਦਾਰੀ ਤੇ ਦਿਲੀ ਇੱਛਾ ਨਾਲ ਅਮੁੱਲ ਅਤੇ ਖ਼ੂਬਸੂਰਤ ਬਣਾਉਣਾ ਲੋਚਦੀ ਹੈ ਤੇ ਜ਼ਿੰਦਗੀ ਨੂੰ ਪਵਿੱਤਰ ਰਿਸ਼ਤੇ ਦਾ ਨਾਂ ਦੇਣਾ ਹੀ ਉਸ ਦਾ ਅਸਲੀ ਮਕਸਦ ਹੋ ਨਿਬੜਦਾ ਹੈ।

ਜਿਵੇਂ ਸਮੇਟਦੀ ਕੋਈ ਜਾਦੂਗਰਨੀ
ਆਪਣਾ ਤਾਣਾ ਬਾਣਾ
ਹੌਲੀ ਹੌਲੀ ਸਮੇਟ ਰਹੀ ਉਹ ਵੀ
ਪਿਆਰ ਪੁਰਾਣਾ (ਪੰਨਾ 33)

ਮਨੁੱਖ ਦਾ ਬਚਪਨ ਜਿਹੜਾ ਕਿ ਬਹੁਤ ਹੀ ਖ਼ੂਬਸੂਰਤ, ਅਣਭੋਲ, ਬੇਦਾਗ, ਬੇਲਾਗ ਤੇ ਜ਼ਿੰਦਗੀ ਦਾ ਕੁਦਰਤੀ ਸਰਮਾਇਆ ਜਾਂ ਵਰਦਾਨ ਹੁੰਦਾ ਹੈ। ਉਸ ਨੂੰ ਆਪਣੀ ਵਲਵਲੇਮਈ ਖਾਹਿਸ਼ਾਂ, ਰੁਚੀਆਂ, ਉਮੰਗਾਂ ਜਾਂ ਲੋੜ ਮੁਤਾਬਿਕ ਜ਼ਮੀਨੀ ਧਰਾਤਲ ਤੋਂ ਪਿੱਛੇ ਹਟਾ ਕੇ ਓਪਰੇ, ਬੇਮਕਸਦੀ, ਗ਼ੈਰ-ਜ਼ਰੂਰਤਮੰਦ ਤੇ ਅਣਹੋਂਦਮਈ ਇਨਸਾਨੀ ਭਰੇ ਛਲਾਵੇ, ਜਾਲਾਂ ਜਾਂ ਅਣਹਕੀਕੀ ਛਿਣਾਂ ਨਾਲ ਜੋੜ ਦਿੱਤਾ ਜਾਂਦਾ ਹੈ ਜਿਸ ਨਾਲ ਉਸ ਦੀ ਜ਼ਿੰਦਗੀ ਦਾ ਖ਼ੁਸ਼ੀਆਂ ਭਰਿਆ ਸਾਗਰ ਤੇ ਉਹ ਆਪਣੇ ਭਵਿੱਖ ਦੇ ਧੁੰਦਲਾ ਬਣਨ ਦੀ ਮੁਹਾਰਨੀ ਪੜ੍ਹਨ ਲੱਗ ਜਾਂਦਾ ਹੈ। ਇਸ ਸਭ ਕੁਝ ਦੇ ਗੁਣਹੀਨ ਤੇ ਕਸ਼ਟਦਾਇਕ ਝੁਕਾਅ ਨੂੰ ਵੇਖ ਕੇ ਮਨੁੱਖੀ ਬਿਰਤੀ ਤੇ ਸੋਚ ਗਹਿਰ-ਗੰਭੀਰ ਵਾਤਾਵਰਣ ਵਿਚ ਤਾਰੀਆਂ ਲਾਉਣ ਲੱਗ ਪੈਂਦੀ ਹੈ। ਸ਼ਾਇਰ ਇਸ ਤ੍ਰਾਸਦੀ ਭਰੇ ਦੌਰ ਨੂੰ ਬਿਆਨ ਕੇ ਅਜੋਕੇ ਸਿਸਟਮ ਤੇ ਤਰਕਮਈ, ਵਿਅੰਗਮਈ ਆਵਾਜ਼ਾ ਕੱਸਦਾ ਹੋਇਆ ਸ਼ਾਇਰੀ ਵਿਚਲੇ ਡੂੰਘੇ ਅਰਥ ਭਰਪੂਰ ਸ਼ਬਦਾਂ ਨੂੰ ਇਉਂ ਕਲਮਬੱਧ ਕਰਦਾ ਹੈ।

ਬੋਲਣਾ ਸਿੱਖ ਰਿਹਾ ਹੈ ਬੱਚਾ
ਪਰ ਸਿੱਖ ਵੀ ਕੀ ਰਿਹਾ ਹੈ ਬੱਚਾ
ਭੀਖ ਮੰਗਣ ਦੀ ਨਰਸਰੀ 'ਚ ਪੜ੍ਹ ਰਿਹੇ

ਧੁੱਪ ਦੀ ਕਿਤਾਬ ਲੈ ਕੇ
ਤਰਲਿਆਂ ਦੀ ਮੁਹਾਰਨੀ ਬੋਲ ਕੇ
ਬੋਲਣਾ ਸਿੱਖ ਰਿਹਾ ਬੱਚਾ।

ਸੋ ਕਿਹਾ ਜਾ ਸਕਦਾ ਹੈ ਕਿ ਗੁਰਿੰਦਰ ਕਲਸੀ ਦੀ ਸ਼ਾਇਰੀ ਜੀਵਨ ਦੇ ਸੰਭਾਵਿਤ, ਅਸਲੀ ਤੇ ਖੁਸ਼ੀਆਂ ਭਰੇ ਸਮੇਂ ਲਈ ਸੇਧ ਤੇ ਸੰਦੇਸ਼ ਦੇਣ ਵੱਲ ਪ੍ਰੇਰਿਤ ਹੈ। ਮਨੁੱਖ ਨੂੰ ਮਨੁੱਖ ਨਾਲ ਜੋੜ ਕੇ ਚੰਗਾ ਜੀਵਨ ਬਿਤਾਉਣ ਦੀ ਪ੍ਰੇਰਨਾ ਦੇਣ ਵੱਲ ਕੇਂਦਰਿਤ ਹੈ। ਅਜੋਕੇ ਭਰਮਾਊ ਤੇ ਭੜਕਾਊ ਯੁੱਗ ਵਿਚਲੀ ਸੰਕੀਰਤਣਤਾ, ਉਦਾਸੀ, ਵਿਯੋਗ, ਇਕੱਲਤਾ, ਭੁਲੇਖਾਪਾਊ ਬਿਆਨਬਾਜ਼ੀ ਤੇ ਮਤਲਬਪ੍ਰਸਤ ਦੋਸਤੀ ਦੀ ਥਾਂ ਤੇ ਉਹ ਮੋਹ ਦੀਆਂ ਪੌਣਾਂ ਰਾਹੀਂ ਜ਼ਿੰਦਗੀ 'ਚ ਜਿਉਣ ਦੀ ਨਵੀਂ ਚਿਣਗ, ਨਵਾਂ ਉਦੇਸ਼, ਨਵੀਂ ਸੋਚ ਤੇ ਨਵਾਂ ਹੁਲਾਰਾ ਭਰਨ ਦਾ ਹੋਕਾ ਦਿੰਦਾ ਲੱਗਦਾ ਹੈ। -ਗੁਰਿੰਦਰਪਾਲ ਸਿੰਘ (ਡਾ.)

## *ਚੁੱਪ ਚੁਪੀਤੇ ਚੇਤਰ ਚੜ੍ਹਿਆ (ਸੁਖਪਾਲ)*

'ਚੁੱਪ ਚੁਪੀਤੇ ਚੇਤਰ ਚੜ੍ਹਿਆ' ਕੈਨੇਡਾ ਨਿਵਾਸੀ ਕਵੀ ਸੁਖਪਾਲ ਦਾ ਪਲੇਠਾ ਗਦ-ਕਾਵਿ ਸੰਗ੍ਰਹਿ ਹੈ ਜਿਸ ਦੀ ਪ੍ਰਸੰਸਮਈ ਭੂਮਿਕਾ ਸੁਪ੍ਰਸਿੱਧ ਸਮੀਖਿਆਕਾਰ ਪ੍ਰੋ. ਸਤਿੰਦਰ ਸਿੰਘ ਨੂਰ ਅਤੇ ਸਿਰਮੌਰ ਸ਼ਾਇਰ ਡਾ. ਸੁਰਜੀਤ ਪਾਤਰ ਨੇ ਆਪੋ ਆਪਣੇ ਤੌਰ 'ਤੇ ਉੱਤੇ ਲਿਖੀ ਹੈ। ਪੁਸਤਕ ਦੇ ਆਰੰਭ ਵਿਚ ਕਵੀ ਸੁਖਪਾਲ 'ਮੇਰੀ ਕਵਿਤਾ' ਦੇ ਸ਼ੀਰਸ਼ਕ ਹੇਠ ਆਪਣੀ ਸਿਰਜਣ ਪ੍ਰਕਿਰਿਆ ਬਾਰੇ ਵੀ ਸੰਖੇਪ ਰੂਪ ਵਿਚ ਜਾਣਕਾਰੀ ਪ੍ਰਦਾਨ ਕਰਦਾ ਹੈ। ਇਸ ਦਾ ਸਾਰ-ਅੰਸ਼ ਇਹ ਹੈ ਕਿ ਕਵਿਤਾ ਉਸ ਦੇ ਅਵਚੇਤਨ ਵਿਚ ਕਦੇ ਕਿਸੇ ਖਿਆਲ, ਸੰਸਕਾਰ, ਗੁੰਝਲ ਅਤੇ ਯਾਦ ਆਦਿ ਦੇ ਰੂਪ ਵਿਚ ਪਈ ਹੁੰਦੀ ਹੈ ਅਤੇ ਕਿਸੇ ਅਜਿਹੇ ਸਮੇਂ ਸਹਿਜ ਰੂਪ ਵਿਚ ਸ਼ਬਦਾਂ ਰਾਹੀਂ ਆਣ ਪ੍ਰਗਟ ਹੁੰਦੀ ਹੈ ਜੋ ਉਸ ਲਈ ਵੀ ਅਚੰਭੇ ਭਰਿਆ ਤਜਰਬਾ ਹੁੰਦਾ ਹੈ।

ਇਸ ਪੁਸਤਕ ਦੀ ਦਿੱਖ ਸੁੰਦਰ ਅਤੇ ਪੰਨੇ ਪੂਰੇ ਇਕ ਸੈਂਕੜਾ ਹਨ। ਪੇਪਰ ਬੈਕ ਵਿਚ ਇਸ ਦਾ ਮੁੱਲ ਚਾਲੀ ਰੁਪਏ ਹੈ। ਪੁਸਤਕ ਦੇ ਸਭ ਤੋਂ ਪਹਿਲੇ ਸਫੇ 'ਤੇ ਬਾਬੇ ਨਾਨਕ ਦੀ ਬਾਣੀ ਅੰਕਤ ਹੈ ਜਿਸ ਦੀਆਂ ਆਖਰੀ ਦੋ ਤੁਕਾਂ ਇਸ ਪ੍ਰਕਾਰ ਹਨ--

ਨਾਨਕ ਚੇਤਿ ਸਹਿਜ ਸੁਖੁ ਪਾਵੈ
ਜੋ ਹਰਿ ਵਰੁ ਘਰਿ ਧਨ ਪਾਏ।

ਪੁਸਤਕ ਦਾ ਪਾਠ ਕਰਦਿਆਂ ਸਭ ਤੋਂ ਪ੍ਰਥਮ ਰਚਨਾ 'ਸ਼ਬਦੋ ਤੁਸੀਂ ਆਉਣਾ' ਹੀ ਧਿਆਨ ਦਾ ਕੇਂਦਰ ਹੋ ਜਾਣ ਦੇ ਸਮਰੱਥ ਹੈ ਜਿਸ ਵਿਚ ਕਵੀ ਸ਼ਬਦਾਂ ਨੂੰ ਕਵਿਤਾ ਦੀ ਪ੍ਰਕਿਰਿਆ ਵਿਚ ਮਾਧਿਅਮ ਬਣਨ ਲਈ ਨਿਮੰਤਰਿਤ ਕਰਦਾ ਹੈ--

ਸ਼ਬਦੋ ਤੁਸੀਂ ਆਉਣਾ
ਹਨੇਰੀ ਵਾਂਗ ਨਾ ਆਉਣਾ
ਕਿ ਮੈਨੂੰ ਕਿਸੇ ਵਾਦ ਦੀ ਛੱਡਾਂ ਹੇਠ ਲੁਕਣਾ ਪਵੇ
ਜਾਂ ਕਿਸੇ ਵਿਵਾਦ ਦਾ ਟਾਹਣ ਫੜਨਾ ਪਵੇ।

ਜੇ ਗਹੁ ਨਾਲ ਵੇਖਿਆ ਜਾਵੇ ਤਾਂ ਉਪਰਲੀਆਂ ਪੰਗਤੀਆਂ ਦੇ ਸ਼ਬਦਾਂ ਦੀ ਤਹਿ ਵਿਚ ਹੀ ਸੁਖਪਾਲ-ਕਾਵਿ ਦੇ ਦਾਰਸ਼ਨਿਕ ਆਧਾਰ ਅਥਵਾ ਰਚਨਾ-ਸਿਧਾਂਤ ਦੀ ਨਿਸ਼ਾਨਦੇਹੀ ਪਰੋਖ ਰੂਪ ਵਿਚ ਲੁਪਤ ਹੈ। ਮਨੁੱਖੀ ਸਮਾਜ ਵਿਚ ਵਿਚਰਦਿਆਂ ਕਵੀ ਦਾ ਸਿਧਾਂਤ ਮੁਕਤ ਹੋ ਜਾਣ ਦਾ ਸੁਪਨਾ ਨਿਸਚੇ ਹੀ ਆਪਣੇ ਆਪ ਵਿਚ ਕਿਸੇ ਅਜਿਹੇ ਸਿਧਾਂਤ ਦੀ ਸਿਰਜਣਾ ਹੈ ਜੋ ਕਿਸੇ ਕਲਾਕਾਰ ਨੂੰ ਸੁਚੇਤ/ਅਚੇਤ, ਸਿੱਧੇ/ਅਸਿੱਧੇ ਰੂਪ ਵਿਚ ਵਿਸ਼ਾਦਵਾਦ ਦੇ ਰਸਤੇ ਪਾ ਦਿੰਦਾ ਹੈ ਜਿਹੜਾ ਆਪਣੇ ਮੂਲ ਤੱਤ ਵਿਚ ਆਦਰਸ਼ਵਾਦ ਦਾ ਹੀ ਇਕ ਜੁਜ਼ ਹੈ।



ਇਸ ਗਦ-ਕਾਵਿ ਦੀ ਖੂਬਸੂਰਤੀ ਇਹ ਹੈ ਕਿ ਸੁਖਪਾਲ ਦਾ ਪ੍ਰਥਮ ਸੰਗ੍ਰਹਿ ਹੋਣ ਦੇ ਬਾਵਜੂਦ ਇਸ ਵਿਚ ਪ੍ਰੌੜ ਸ਼ਾਇਰਾਂ ਵਾਲੀ ਪੁਖਤਗੀ ਹੈ। ਕੋਈ ਵੀ ਸ਼ਬਦ ਪ੍ਰਸੰਗੋਂ ਬਾਹਰਾ ਨਹੀਂ। ਕਾਵਿਕ-ਆਵੇਸ਼ ਸਮੇਤ ਸ਼ਬਦ-ਚੋਣ ਅਤੇ ਸ਼ਬਦ-ਜੜਤ ਦਾ ਕਮਾਲ ਪਾਠਕ ਨੂੰ ਰਚਨਾ ਦੇ ਨਾਲ ਤੋਰ ਲੈਂਦਾ ਹੈ। ਪਾਠਕ ਸਾਹਮਣੇ ਬੜੇ ਸੁੰਦਰ ਦ੍ਰਿਸ਼ ਸਾਕਾਰ ਹੋ ਜਾਂਦੇ ਹਨ :

ਅਸਮਾਨ ਵਿਚ ਕੈਨਵੈਸ ਵਿਛਾ ਦਿੱਤੀ
ਆਪਣੇ ਰਚੇ ਸੂਰਜ ਵਿਚੋਂ ਡੋਬਾ ਲਿਆ
ਹਵਾ ਦੀ ਛੋਹ ਨਾਲ ਬੱਦਲਾਂ ਵਿਚ ਰੰਗ ਭਰ ਦਿੱਤੇ
ਸਾਗਰ ਵਿਚ ਬੁਰਸ਼ ਗਿੱਲਾ ਕੀਤਾ
ਚਹੁੰ-ਕੁੰਟੀਂ ਔਣ ਵਾਲੀ ਸਵੇਰ ਘੁਲ ਗਈ।
(ਰੰਗ ਸਫਾ-91)

ਸੁਖਪਾਲ ਦੀ ਗਦ-ਕਾਵਿ-ਰਚਨਾ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਉਹ ਪੁਰਾਣੀਆਂ ਮਿੱਥਾਂ ਨੂੰ ਭੰਗ ਕਰਕੇ ਕਾਵਿਕ-ਚਿੰਨ੍ਹਾਂ ਨੂੰ ਨਵੇਂ ਅਤੇ ਨਿਵੇਕਲੇ ਅਰਥ ਪ੍ਰਦਾਨ ਕਰਦਾ ਹੈ ਜੋ ਪਾਠਕ ਦੇ ਵਿਚਾਰਾਂ ਨੂੰ ਝੰਜੋੜਦੇ ਅਤੇ ਚੇਤਨਾ ਨੂੰ ਟੁੰਬਦੇ ਹਨ। ਪਰੰਤੂ ਆਪਣੇ ਅਵਚੇਤਨ ਵਿਚਲੀ ਪ੍ਰੇਰਨਾ ਸਮੱਗਰੀ ਅਤੇ ਊਰਜਾ ਨੂੰ ਕਾਵਿ-ਮੁਹਾਵਰੇ ਵਿਚ ਰੂਪਾਂਤਰਣ ਦੇ ਪ੍ਰਯੋਜਨ ਵਿਚ ਉਹ ਬਹੁ-ਪਾਸਾਰੀ ਮਾਨਸਿਕ ਅਵਸਥਾਵਾਂ ਵਿਚੋਂ ਗੁਜ਼ਰਦਾ ਹੋਇਆ ਕਈ ਵਾਰੀ ਸਹਿਜ ਰੂਪ ਵਿਚ ਸਵਾਮੀ ਰਜਨੀਸ਼ ਅਤੇ ਸਾਈਂ ਕਾਕਾ ਰਹੱਸਵਾਦੀ ਸਿਧਾਂਤ ਨੂੰ ਆਪਣੀ ਰਚਨਾ ਵਿਚ ਪ੍ਰਕਾਸ਼ਮਾਨ ਕਰ ਲੈਂਦਾ ਹੈ:

ਇਕ ਕਦਮ ਚੁੱਕਣਾ ਹੈ
ਇਕ ਅੱਖਰ ਤੋਂ
ਦੂਜਾ ਰੱਖਣਾ ਵੀ ਨਹੀਂ ਹੁੰਦਾ
ਕਿ ਮੌਨ ਪਹੁੰਚ ਜਾਂਦਾ ਹੈ।

(ਮਨ ਅਤੇ ਮੌਨ ਸਫਾ 70)

ਸੁਖਪਾਲ ਗਦ-ਕਾਵਿ ਦਾ ਇਕ ਹੋਰ ਵਿਸ਼ੇਸ਼ ਗੁਣ ਹੈ ਕਿ ਉਸ ਦੀ ਰਚਨਾ ਵਿਚ ਕੋਮਲਤਾ, ਸੂਖਮਤਾ, ਸੁੰਦਰਤਾ ਅਤੇ ਸੰਵੇਦਨਸ਼ੀਲਤਾ ਦਾ ਸਹਿਜ ਸੁਮੇਲ ਹੈ ਜੋ ਉਸ ਦੀ ਰਚਨਾ ਨੂੰ ਉਸ ਦੇ ਸਮਕਾਲੀਆਂ ਨਾਲੋਂ ਵਿਲੱਖਣ ਕਾਵਿ-ਮੁਹਾਵਰਾ ਬਖਸ਼ਦਾ ਹੈ। ਇਸ ਪ੍ਰਸੰਗ ਵਿਚ 'ਪੰਜ ਤੱਤ', 'ਮੈਂ ਉਨ੍ਹਾਂ ਲਈ ਲੜਾਂਗਾ', 'ਲਛਮਣ ਰੇਖਾ', "ਮਿਤਰ ਪਿਆਰੇ" ਅਤੇ "ਰੁੱਖਾਂ ਦੀ ਫਰਿਆਦ" ਆਦਿ ਕਵਿਤਾਵਾਂ ਦੀਆਂ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ।

ਤੇਰਾ ਬੰਦਾ ਸਾਨੂੰ ਵੱਢ ਕੇ ਬੰਸਰੀ ਬਣਾਉਂਦਾ
ਅਸੀਂ ਵਿੰਨ੍ਹੇ ਪਿੰਡੇ ਨਾਲ ਵੀ ਗੀਤ ਗਾਉਂਦੇ
ਸਾਨੂੰ ਟੁੱਕ ਕੇ ਲਾਠੀ ਬਣਾਉਂਦਾ
ਅਸੀਂ ਧਰਤੀ 'ਤੇ ਡਿੱਗਣ ਮਗਰੋਂ ਵੀ ਉਸ ਨੂੰ ਆਸਰਾ ਦੇਂਦੇ
ਸਾਨੂੰ ਚੁੱਲ੍ਹੇ ਵਿਚ ਡਾਹੁੰਦਾ
ਅਸੀਂ ਬਲਦੇ ਹੋਏ ਵੀ ਉਸ ਨੂੰ ਜੀਣ ਦਾ ਸਾਧਨ ਦਿੰਦੇ।

(ਰੁੱਖਾਂ ਦੀ ਫਰਿਆਦ ਸਫਾ-44)

ਇਸ ਸੰਗ੍ਰਹਿ ਵਿਚ 'ਸਿਧਾਰਥ', 'ਨਾਨਕ', 'ਈਸਾ', 'ਰਵਿਦਾਸ ਜੀ', 'ਪੰਜ ਤੱਤ', 'ਲਛਮਣ ਰੇਖਾ', 'ਕਾਮ-ਕਰੋਧ-ਮੋਹ' ਆਦਿ ਸ਼ੀਰਸ਼ਕਾਂ ਹੇਠ ਰਚਨਾਵਾਂ ਸੁਸ਼ੋਭਿਤ ਹਨ। ਇਨ੍ਹਾਂ ਵਿਚ ਸੁਖਪਾਲ ਆਪਣੇ ਕਾਵਿ-ਚਿਹਨ ਨੂੰ ਵੱਖਰੇ-ਵੱਖਰੇ ਕੋਣਾਂ ਤੋਂ ਚਿਹਨਤ ਕਰਦਾ ਹੈ ਜਿਸ ਨਾਲ ਉਸ ਦੀਆਂ ਪਰਤਾਂ-ਦਰ-ਪਰਤਾਂ ਰੂਪਮਾਨ ਹੁੰਦੀਆਂ ਹਨ ਪਰੰਤੂ ਇਕ ਚਿਹਨਤ-ਬਿੰਦੂ ਤੋਂ ਦੂਜੇ ਤੱਕ ਦਾ ਸਫ਼ਰ

ਅਤੇ ਉਸ ਸਫ਼ਰ ਨੂੰ ਤੈਅ ਕਰਨ ਲਈ ਭਿੰਨ ਭਿੰਨ ਪ੍ਰਾਪਤ ਰਸਤਿਆਂ ਵਿਚੋਂ ਕਿਹੜਾ ਰਸਤਾ ਅੱਜ ਦੇ ਪ੍ਰਮਾਣੂ ਯੁੱਗ ਜਾਂ ਬਿਜਲਈ ਯੁੱਗ ਵਿਚ ਗੁਣਕਾਰੀ ਹੋ ਸਕਦਾ ਹੈ—ਇਸ ਟੋਹ ਦੀ ਪ੍ਰਾਪਤੀ ਸੁਹਜਵਾਦੀ ਆਦਰਸ਼ਵਾਦ ਦੇ ਰੂਪ ਵਿਚ ਹੀ ਪ੍ਰਾਪਤ ਹੁੰਦੀ ਹੈ।

ਇਸ ਸੰਗ੍ਰਹਿ ਵਿਚ ਕਈ ਰਚਨਾਵਾਂ ਵਾਰਤਾਲਾਪ ਦਾ ਰੂਪ ਵੀ ਗ੍ਰਹਿਣ ਕਰਦੀਆਂ ਹਨ। ਇਸ ਵਾਰਤਾਲਾਪ ਰਾਹੀਂ ਸੁਖਪਾਲ ਕਦੀ ਪਹਾੜ ਨਾਲ, ਕਦੇ ਰਾਂਝੇ ਦਾ ਗੋਰਖ ਨਾਥ ਨਾਲ ਅਤੇ ਕਦੇ ਅਸਿੱਧੇ ਰੂਪ ਵਿਚ ਆਪਨੇ ਆਪ ਨਾਲ ਸੰਵਾਦ ਰਚਾਉਂਦਾ ਹੈ ਭਾਵੇਂ ਕਈ ਵਾਰ ਕਾਵਿ-ਸੰਰਚਨਾ ਦੀ ਪ੍ਰਕਿਰਿਆ ਵਿਚ ਕਾਵਿ-ਤੁਕ, ਵਾਰਤਕ-ਵਾਕ ਵਿਚ ਪ੍ਰੀਵਰਤਿਤ ਹੋ ਜਾਂਦੀ ਹੈ।

ਕਿਹਾ ਜਾ ਸਕਦਾ ਹੈ ਕਿ ਇਸ ਸੰਗ੍ਰਹਿ ਵਿਚ ਭਾਵ-ਪੂਰਤ, ਸੁੰਦਰ, ਸੁਹਜ-ਭਰਪੂਰ ਅਤੇ ਵਿਲੱਖਣ ਮੁਹਾਵਰਾ ਸਿਰਜਣ ਦੇ ਸਮਰੱਥ ਗਦ-ਕਾਵਿ ਰਚਨਾਵਾਂ ਪ੍ਰਾਪਤ ਹਨ ਜਿਨ੍ਹਾਂ ਵਿਚੋਂ ਅਜੋਕੇ ਜੀਵਨ-ਯਥਾਰਥ ਪ੍ਰਤੀ ਸੁਹਜ-ਵਾਦੀ ਆਦਰਸ਼ਵਾਦੀ ਦ੍ਰਿਸ਼ਟੀਕੋਨ ਦੀ ਹੀ ਮੁੱਖ ਸੁਰ ਪ੍ਰਕਾਸ਼ਮਾਨ ਹੁੰਦੀ ਹੈ। ਇਸ ਪ੍ਰਸੰਗ ਵਿਚ ਦੇਖਣਯੋਗ ਤੱਥ ਇਹ ਹੈ ਕਿ ਅੱਜ ਅਮਰੀਕਨ ਸਾਮਰਾਜ ਵਿਸ਼ਵੀਕਰਨ ਦੇ ਪਰਦੇ ਹੇਠ ਵਿਸ਼ਵ ਦੀ ਆਰਥਿਕਤਾ ਉੱਤੇ ਕਾਬਜ਼ ਹੋਣ ਲਈ ਆਪਨੀ ਫੌਜੀ ਸ਼ਕਤੀ ਦੀ ਨਿਰਸੰਕੋਚ ਵਰਤੋਂ ਕਰ ਰਿਹਾ ਹੈ। ਤੀਜੇ ਜਗਤ ਦੇ ਦੇਸ਼ਾਂ ਦੇ ਅੰਦਰੂਨੀ ਹਾਲਾਤ ਵੀ ਨਾਜ਼ੁਕ ਦੌਰ ਵਿਚੋਂ ਲੰਘ ਰਹੇ ਹਨ। ਇਸ ਕਰਕੇ ਅਜੋਕੇ ਚੇਤੰਨ ਅਤੇ ਗਹਿਰ-ਗੰਭੀਰ ਕਵੀ ਲਈ ਇਸ ਪ੍ਰਾਪਤ ਯਥਾਰਥ ਦੇ ਬਹੁ-ਪਰਤੀ ਅਤੇ ਬਹੁ-ਪਾਸਾਰੀ ਬੋਧ ਲਈ ਵਿਗਿਆਨਕ ਵਿਧੀ ਅਪਨਾਉਣ ਦੇ ਨਾਲ ਇਸ ਦੀ ਕਰੂਰਤਾ ਨੂੰ ਬਦਲਣ ਲਈ ਆਪਨੀ ਰਚਨਾ ਰਾਹੀਂ ਯੋਗਦਾਨ ਪਾਉਣਾ ਵੀ ਆਵੱਸ਼ਕ ਕਰਮ ਹੋ ਜਾਂਦਾ ਹੈ। ਭਵਿੱਖ ਵਿਚ ਸੁਖਪਾਲ ਜੀ ਪਾਸੋਂ ਮੈਂ ਅਜਿਹੀਆਂ ਰਚਨਾਵਾਂ ਦੀ ਵੀ ਆਸ ਰੱਖਦਾ ਹਾਂ। -ਗੁਰਨਾਮ ਢਿੱਲੋਂ

## ਰੇਤ ਦੀਆਂ ਕੰਧਾਂ/(ਭੋਲਾ ਸਿੰਘ ਸੰਘੇੜਾ)

'ਰੇਤ ਦੀਆਂ ਕੰਧਾਂ', ਭੋਲਾ ਸਿੰਘ ਸੰਘੇੜਾ ਦਾ ਹੁਣੇ ਆਇਆ ਕਹਾਣੀ ਸੰਗ੍ਰਹਿ ਹੈ। ਇਸ ਵਿਚ ਉਸ ਦੀਆਂ 10 ਕਹਾਣੀਆਂ ਹਨ। ਭੋਲਾ ਸਿੰਘ ਸੰਘੇੜਾ ਸੰਕੋਚ ਨਾਲ ਲਿਖਣ ਵਾਲਾ ਕਥਾਕਾਰ ਹੈ। ਉਸ ਦਾ ਪਹਿਲਾ ਕਹਾਣੀ ਸੰਗ੍ਰਹਿ 'ਜ਼ਹਿਰ ਦਾ ਘੁੱਟ' 1987 ਵਿਚ ਆਇਆ ਸੀ। ਅਤੇ16 ਸਾਲ ਬਾਅਦ ਹੁਣ ਦੂਜਾ ਸੰਗ੍ਰਹਿ ਆਇਆ ਹੈ! ਭੋਲਾ ਸਿੰਘ ਸੰਘੇੜਾ ਇਕ ਮੱਧ ਵਰਗੀ ਕਿਸਾਨੀ ਪਰਿਵਾਰ ਵਿਚ ਜੰਮਿਆ ਤੇ ਆਪਨਾ ਜੀਵਨ ਪੇਂਡੂ ਆਲੇ-ਦੁਆਲੇ ਵਿਚ ਗੁਜ਼ਾਰਿਆ। ਉਸਨੂੰ ਪੇਂਡੂ ਸਭਿਆਚਾਰ, ਅਰਥਚਾਰੇ ਤੇ ਮਾਨਸਿਕਤਾ ਦੀ ਡੂੰਘੀ ਸਮਝ ਹੈ। ਉਸ ਦੀਆਂ ਬਹੁਤੀਆਂ ਕਹਾਣੀਆਂ ਦੇ ਪਾਤਰ ਇਸੇ ਆਲੇ-ਦੁਆਲੇ ਵਿਚੋਂ ਲਏ ਗਏ ਹਨ। ਉਸਦਾ ਸੰਸਾਰ ਦ੍ਰਿਸ਼ਟੀਕੋਣ ਅੱਗੇ ਵਧੂ ਮਾਨਵਵਾਦੀ ਹੈ।

ਉਸਦੀ ਪਹਿਲੀ ਕਹਾਣੀ 'ਉਮਰੋਂ ਲੰਮੇ ਦੁੱਖ' ਇਕ ਕਿਸਾਨ ਇਸਤਰੀ ਦੀ ਹੈ, ਉਸਦੇ ਘਰਵਾਲਾ ਲੋਕਾਂ ਨੂੰ ਬਚਾਉਂਦਾ ਆਪ ਹੜ੍ਹ ਵਿਚ ਰੁੜ੍ਹ ਜਾਂਦਾ ਹੈ। ਉਹ ਹਾਲੇ ਉਮਰ ਪੱਖੋਂ ਜਵਾਨ ਹੀ ਹੁੰਦੀ ਹੈ। ਉਸ ਲਈ ਉਹਦੇ ਲਈ ਰੰਡੇਪਾ ਕੱਟਣਾ ਬਹੁਤ ਮੁਸ਼ਕਲ ਹੁੰਦਾ ਹੈ। ਉਸਦੇ ਪੇਕੇ ਤੇ ਸਹੁਰੇ ਕਿਸਾਨੀ ਦੇ ਆਮ ਰਿਵਾਜ ਅਨੁਸਾਰ ਉਹਨੂੰ ਕਿਸੇ ਹੋਰ ਦੇ ਘਰ ਬਿਠਾਉਣ ਦੀਆਂ ਵਿਚਾਰਾਂ ਕਰਦੇ ਹਨ। ਮੰਦ ਭਾਗੀ ਗੱਲ ਇਹ ਹੈ ਕਿ ਉਸ ਇਸਤਰੀ ਦੇ ਕੋਈ ਪੁੱਤਰ ਨਹੀਂ ਕੇਵਲ ਦੋ ਧੀਆਂ ਹਨ। ਪਰੰਤੂ ਉਹ ਲੰਮੀ ਸੋਚ ਵਿਚਾਰ ਪਿੱਛੋਂ ਜੀਵਨ ਵਿਚ ਇਕੱਲਿਆਂ ਸੰਘਰਸ਼ ਕਰਨ ਤੇ ਧੀਆਂ ਨੂੰ ਪਾਲਣ ਦਾ ਦ੍ਰਿੜ ਸੰਕਲਪ ਕਰਦੀ ਹੈ। ਕਿਸਾਨੀ ਦੇ ਰਿਵਾਜ ਅਨੁਸਾਰ ਉਸਨੂੰ ਕਿਸੇ ਹੋਰ ਦੇ ਘਰ ਬਿਠਾਉਣ ਦਾ ਫੈਸਲਾ ਉਸਦੇ ਪਤੀ ਦੇ ਭੋਗ ਸਮੇਂ ਹੋਣਾ ਹੁੰਦਾ ਹੈ। ਉਥੇ ਦੋਨਾਂ ਧਿਰਾਂ ਦੇ ਰਿਸ਼ਤੇਦਾਰ ਤੇ ਪੰਚਾਇਤਾਂ ਇਕੱਠੀਆਂ ਹੁੰਦੀਆਂ ਹਨ। ਆਮ ਲੋਕ, ਲੋਕਾਂ ਲਈ ਜਾਨ ਦੇਣ ਕਾਰਨ ਉਸਦੇ ਪਤੀ ਦੀ ਉਪਮਾ ਕਰਦੇ ਹਨ। ਪਾਠੀ ਸਿੰਘ ਉਸਦੇ ਪਤੀ ਦੇ ਸਨਮਾਨ ਵਿਚ ਕੁਝ ਕਹਿੰਦਾ ਹੈ। ਇਸ ਤਰ੍ਹਾਂ ਉਸਦੇਂ ਆਪਨੇ ਪਤੀ ਦੇ ਵਾਸਤੇ ਵੀ ਸਤਿਕਾਰ ਜਾਗਦਾ ਹੈ ਤੇ ਉਹ ਆਪਨਾ ਜੀਵਨ ਉਹਦੀ ਯਾਦ ਵਿਚ ਕੱਟਣ ਦਾ ਫੈਸਲਾ



ਕਰਦੀ ਹੈ ਅਤੇ ਸਭ ਦੇ ਸਾਹਮਣੇ ਉਠ ਕੇ ਆਪਨੇ ਪਿਉ ਦੇ ਮਗਰ ਤੁਰ ਪੈਂਦੀ ਹੈ। ਉਸ ਦੀਆਂ ਦੋਨੋਂ ਧੀਆਂ ਵੀ ਉਹਦੇ ਮਗਰ ਤੁਰਦੀਆਂ ਹਨ। ਉਨ੍ਹਾਂ ਦੇ ਹੱਥਾਂ ਵਿਚ ਭੋਗ ਸਮੇਂ ਦਿੱਤੀ ਜਾਣ ਵਾਲੀ ਪੱਗ ਹੁੰਦੀ ਹੈ। ਇਸ ਤਰ੍ਹਾਂ ਲੇਖਕ ਇਸਤਰੀ ਵਿਚ ਨਵੀਂ ਜਾਗਰਤੀ ਤੇ ਦਲੇਰੀ ਦਾ ਵਰਨਣ ਕਰਦਾ ਹੈ।

ਦੂਜੀ ਕਹਾਣੀ 'ਸੰਭਾਲ ਲੈ ਮੈਨੂੰ' ਵਿਚ ਲੇਖਕ ਅਜੋਕੀ ਸਥਿਤੀ ਵਿਚ ਟੁੱਟ ਰਹੀ ਕਿਸਾਨੀ ਆਰਥਿਕਤਾ ਦਾ ਵਰਨਣ ਕਰਦਾ ਹੈ ਜਿਹੜੀ ਕਿਸਾਨਾਂ ਨੂੰ ਸਰੀਰਕ ਤੇ ਮਾਨਸਿਕ ਪੱਖੋਂ ਤੋੜ ਰਹੀ ਹੈ। ਕਹਾਣੀ ਦਾ ਨਾਇਕ ਪੰਜਾਬ ਸਿੰਘ ਕਰਜ਼ਾ ਲੈ ਕੇ ਟਰੈਕਟਰ ਲੈਂਦਾ ਹੈ ਪਰੰਤੂ ਅਸਫਲ ਰਹਿੰਦਾ ਹੈ। ਕਰਜ਼ਾ ਸਿਰ ਚੜ੍ਹ ਜਾਂਦਾ ਹੈ ਤੇ ਮਾਨਸਿਕ ਤੌਰ 'ਤੇ ਟੁੱਟ ਜਾਂਦਾ ਹੈ। ਲੇਖਕ ਨੇ ਨਾਇਕ ਦਾ ਨਾਂ ਪ੍ਰਤੀਕਆਤਮਿਕ,ਪੰਜਾਬ ਸਿੰਘ ਵਰਤਿਆ ਹੈ ਜਿਸ ਦੇ ਅਰਥ ਇਕ ਵਿਅਕਤੀ ਪੰਜਾਬ ਸਿੰਘ ਨਾ ਹੋ ਕੇ ਬਲਕਿ ਇਕ ਪੰਜਾਬ ਦੀ ਸਮੁੱਚੀ ਕਿਸਾਨੀ ਵੀ ਹੋ ਸਕਦੀ ਹੈ। ਲੇਖਕ ਨਿੱਕੇ ਨਿੱਕੇ ਵਿਸਥਾਰਾਂ ਨਾਲ ਆੜ੍ਹਤੀਆਂ ਤੇ ਮੰਡੀ ਦੇ ਹੋਰ ਕਰਿੰਦਿਆਂ ਦੇ ਵਿਵਹਾਰ ਦਾ ਵਰਨਣ ਕਰਦਾ ਹੈ। ਜਿਹੜਾ ਕਿਸਾਨੀ ਵਿਰੋਧੀ ਹੈ। 'ਰੇਤ ਦੀਆਂ ਕੰਧਾਂ' ਜਿਸ ਉਤੇ ਇਸ ਸੰਗ੍ਰਹਿ ਦਾ ਨਾਂ ਰੱਖਿਆ ਗਿਆ ਹੈ। ਹਕੀਕਤ ਵਿਚ ਇਕ ਕਹਾਣੀ ਨਾ ਹੋ ਕੇ ਇਕ ਫੈਂਟਸੀ ਹੈ ਜਿਸ ਵਿਚ ਵਿਚਾਰਾਂ ਦੀ ਇਕਸਾਰਤਾ ਨਹੀਂ। ਵੱਖੋ-ਵੱਖਰੀਆਂ ਸਥਿਤੀਆਂ ਦਾ ਪ੍ਰਤੀਕਆਤਮਿਕ ਵਰਨਣ ਹੈ। ਤੇ ਆਖਰ ਵਿਚ ਭਰਾ ਦੇ ਪ੍ਰਤੀਕ ਰਾਹੀਂ ਗੁਆਂਢੀ ਦੇਸ਼ ਨਾਲ ਇਕ ਹੋਣ ਦੀ ਗੱਲ ਕਰਦਾ ਹੈ। ਹਕੀਕਤ ਵਿਚ ਲੇਖਕ ਦੋ ਦੇਸ਼ਾਂ ਦੀ ਵੰਡ ਨੂੰ ਕੇਵਲ ਭਰਾਵਾਂ ਦੀ ਵੰਡ ਸਮਝਦਾ ਹੈ ਤੇ ਦੋਨਾਂ ਦੇ ਇਕ ਹੋਣ ਦੀ ਆਸ ਕਰਦਾ ਹੈ ਅਤੇ ਦੇਸ਼ਾਂ ਦੀ ਵੰਡ ਨੂੰ ਰੇਤ ਦੀਆਂ ਕੰਧਾਂ ਸਮਝਦਾ ਹੈ ਜਿਹੜੀਆਂ ਕਿਸੇ ਸਮੇਂ ਵੀ ਢਹਿ ਸਕਦੀਆਂ ਹਨ।

ਕਹਾਣੀ 'ਫਾਸਲਾ' ਇਕ ਮੁੰਡੇ ਤੇ ਕੁੜੀ ਦੀ ਹੈ ਜਿਹੜੇ ਕਿਸੇ ਸਮੇਂ ਇੱਕਠੇ ਪੜ੍ਹਦੇ ਸਨ ਤੇ ਇਕ ਦੂਜੇ ਦੇ ਕਾਫੀ ਨੇੜੇ ਸਨ। ਦੋਨੋਂ ਹੀ ਇਕ ਦੂਜੇ ਦੇ ਜੀਵਨ ਸਾਥੀ ਬਣਨ ਬਾਰੇ ਸੋਚਦੇ ਸਨ ਪਰੰਤੂ ਕਥਾ ਦਾ ਨਾਇਕ ਬਲਵੰਤ ਕੈਨੇਡਾ ਚਲਾ ਜਾਂਦਾ ਹੈ ਤੇ ਪੰਦਰਾਂ ਵਰ੍ਹੇ ਉਥੇ ਰਹਿੰਦਾ ਹੈ। ਇਸ ਦੌਰਾਨ ਕਥਾ ਦੀ ਨਾਇਕਾ ਕਾਫੀ ਉਡੀਕ ਪਿਛੋਂ ਕਿਸੇ ਹੋਰ ਥਾਂ ਵਿਆਹੀ ਜਾਂਦੀ ਹੈ ਤੇ ਬੱਚੇ ਦੀ ਮਾਂ ਬਣ ਜਾਂਦੀ ਹੈ। ਨਾਇਕ ਕਾਲਜ ਸਮੇਂ ਵਿਦਿਆਰਥੀ ਲਹਿਰ ਵਿਚ ਵੀ ਹਿੱਸਾ ਲੈਂਦਾ ਰਿਹਾ ਸੀ ਪਰੰਤੂ ਸੂਬੇਦਾਰ ਪਿਉ ਦੇ ਦਬਾਅ ਹੇਠ ਰਣਜੀਤ ਨੂੰ ਛੱਡ ਕੇ ਕੈਨੇਡਾ ਚਲਾ ਗਿਆ ਸੀ। ਹੁਣ ਵਰ੍ਹਿਆਂ ਪਿੱਛੋਂ ਦੇਸ਼ ਪਰਤਣ 'ਤੇ ਉਹਨੂੰ ਰਣਜੀਤ ਦਾ ਮੁੜ ਖਿਆਲ ਆਉਂਦਾ ਹੈ ਤੇ ਉਹਨੂੰ ਮਿਲਣਾ ਚਾਹੁੰਦਾ ਹੈ। ਉਹ ਉਹਨੂੰ ਪਿੰਡ ਦੇ ਰਾਹ ਵਿਚ ਮਿਲ ਜਾਂਦੀ ਹੈ ਤੇ ਸਮਝਦਾ ਹੈ ਕਿ ਉਸ ਦੇ ਦਿਲ ਦੀ ਮੁਰਾਦ ਪੂਰੀ ਹੋ ਗਈ ਹੈ। ਰਣਜੀਤ ਬੱਚੇ ਸਮੇਤ ਨਲਕੇ 'ਤੇ ਖੜ੍ਹੀ ਉਸ ਵੱਲ ਵੇਖਦੀ ਹੈ ਤੇ ਉਹ ਸਮਝਦਾ ਹੈ ਕਿ ਸ਼ਾਇਦ ਉਸ ਨੇ ਪਛਾਣਿਆ ਨਹੀਂ। ਉਹ ਉਸ ਨੂੰ ਦੱਸਦਾ ਹੈ ਕਿ ਉਹ ਬਲਵੰਤ ਗਿੱਲ ਹੈ। ਉੱਤਰ ਵਿਚ ਉਹ ਕਹਿੰਦੀ ਹੈ ਕਿ ਮੈਂ ਤਾਂ ਪੰਦਰਾਂ ਸਾਲ ਪਹਿਲਾਂ ਹੀ ਪਛਾਣ ਲਿਆ ਸੀ। ਮੈਂ ਹੁਣ ਰਣਜੀਤ ਕੌਰ ਸਿੱਧੂ ਹਾਂ। ਲੇਖਕ ਇਸ ਕਹਾਣੀ ਵਿਚ ਪਿਆਰ ਵਿਚ ਪਏ ਫਾਸਲੇ ਦਾ ਜ਼ਿਕਰ ਕਰਦਾ ਹੈ।

'ਛਾਂਗਿਆ ਹੋਇਆ ਰੁੱਖ' ਇਕ ਗਰੀਬ ਕਿਸਾਨ ਪਰਿਵਾਰ ਦੀ ਕਹਾਣੀ ਹੈ ਜਿਹੜਾ ਆਰਥਿਕ ਤੌਰ 'ਤੇ ਟੁੱਟਿਆ ਹੋਇਆ ਹੈ। ਤੇ ਸਮਾਜਿਕ ਰਸਮਾਂ ਰਿਵਾਜਾਂ ਤੋਂ ਤੰਗ ਹੈ ਜਿਹੜੇ ਕਿ ਟੁੱਟੀ ਹੋਈ ਆਰਥਿਕਤਾ 'ਤੇ ਹੋਰ ਬੋਝ ਪਾਉਂਦੇ ਹਨ ਅਤੇ ਇਸ ਤੋਂ ਬਚਣ ਦਾ ਕੋਈ ਰਾਹ ਲੱਭਦੇ ਹਨ। ਵਿਆਹ 'ਤੇ ਜਾਣ ਲਈ ਟੂੰਮਾਂ ਗਹਿਣੇ ਧਰਕੇ ਪੈਸੇ ਲੈਣ ਦੀ ਸੋਚਦੇ ਹਨ। ਤੇ ਫਿਰ ਇਹ ਸੋਚ ਕੇ ਕਿ ਟੂੰਮਾਂ ਨਾ ਹੋਈਆਂ ਤਾਂ ਸਾਰਿਆਂ ਨੂੰ ਪਤਾ ਲਗ ਜਾਵੇਗਾ। ਪਤੀ ਟੂੰਮਾਂ ਚੋਰੀ ਹੋਣ ਦੀ ਗੱਲ ਉਡਾਉਣ ਬਾਰੇ ਕਹਿੰਦਾ ਹੈ ਜਿਸ ਉਤੇ ਦੋਨੋਂ ਹੱਸਦੇ ਹਨ। ਹਕੀਕਤ ਵਿਚ ਇਸ ਕਹਾਣੀ ਵਿਚ ਲੇਖਕ ਦਿਨੋ-ਦਿਨ ਕਿਸਾਨੀ ਦੀ ਨਿਘਰ ਰਹੀ ਦਸ਼ਾ ਦਾ ਵਰਨਨ ਕਰਦਾ ਹੈ। ਜਿਸ ਲਈ ਜਿਉਂਦੇ ਰਹਿਣਾ ਵੀ ਮੁਸ਼ਕਲ ਹੋਇਆ ਹੈ। 'ਆਪਨੀ ਮਿੱਟੀ ਦੇ ਪੁੱਤ' ਕਹਾਣੀ ਵੀ ਇਕ ਗਰੀਬ ਕਿਸਾਨ ਪਰਿਵਾਰ ਦੇ ਮੁੰਡੇ ਦੀ ਹੈ

ਜਿਹੜਾ ਬਹੁਤ ਮੁਸ਼ਕਲ ਨਾਲ ਪੜ੍ਹਾਈ ਕਰਦਾ ਹੈ ਤੇ ਨੌਕਰੀ ਕਰਦਾ ਹੈ। ਗਰੀਬ ਕਿਸਾਨ ਨੂੰ ਉਸਦੇ ਸ਼ਰੀਕ ਹੀ ਨਹੀਂ ਜਿਉਣ ਦਿੰਦੇ। ਕਹਾਣੀ ਦਾ ਨਾਇਕ ਸੁਖਦੇਵ ਆਰਥਿਕ ਸੰਕਟ ਵਿਚੋਂ ਨਿਕਲਣ ਦਾ ਇਕੋ-ਇਕ ਰਾਹ ਵਿਦੇਸ਼ ਜਾਣਾ ਸਮਝਦਾ ਹੈ। ਇਸ ਲਈ ਉਹ ਇਕ ਬੱਜ ਵਾਲੀ ਕੁੜੀ ਨਾਲ ਵਿਆਹ ਕਰਵਾ ਕੇ ਕੈਨੇਡਾ ਜਾਂਦਾ ਹੈ। ਪਿਛੋਂ ਉਹਦੇ ਮਾਂ-ਪਿਓ ਔਖੇ ਹੁੰਦੇ ਹਨ ਜਿਨ੍ਹਾਂ ਨੇ ਉਹਨੂੰ ਬਹੁਤ ਮੁਸ਼ਕਲ ਨਾਲ ਪੜ੍ਹਾਇਆ ਹੁੰਦਾ ਹੈ। ਸੁਖਦੇਵ ਉਨ੍ਹਾਂ ਬਾਰੇ ਕੁਝ ਕਰਨਾ ਚਾਹੁੰਦਾ ਹੈ ਤੇ ਪੈਸੇ ਕਮਾ ਕੇ ਦੇਸ਼ ਵਾਪਸ ਆਉਣ ਦੀ ਇੱਛਾ ਰੱਖਦਾ ਹੈ। ਪਰੰਤੂ ਇਹਦੀ ਘਰਵਾਲੀ ਦੇਸ਼ ਆਉਣ ਤੋਂ ਇਨਕਾਰ ਕਰ ਦਿੰਦੀ ਹੈ ਤੇ ਉਹ ਮਜਬੂਰੀ ਵਸ ਘਰਦਿਆਂ ਨੂੰ ਬੇਆਸਰੇ ਛੱਡ ਕੇ ਜਾਂਦਾ ਹੈ। 'ਦਿਸ਼ਾ' ਇਕ ਸਧਾਰਨ ਬੱਚੇ ਦੀ ਕਹਾਣੀ ਹੈ ਜੋ ਅਨਭੋਲ ਹੁੰਦਾ ਹੈ। ਆਪਣੇ ਪਰਛਾਵੇਂ ਤੋਂ ਅੱਗੇ ਨਿਕਲਣ ਦੀ ਗੱਲ ਸੋਚਦਾ ਹੈ ਪਰੰਤੂ ਦੌੜਦਾ ਸੂਰਜ ਵੱਲ ਪਿੱਠ ਕਰਕੇ ਹੈ। ਇਸ ਲਈ ਪਰਛਾਵਾਂ ਸਦਾ ਉਹਦੇ ਅੱਗੇ ਰਹਿੰਦਾ ਹੈ। ਇਕ ਸਿਆਣਾ ਮਨੁੱਖ ਉਸਦੀ ਇਹ ਗੱਲ ਸੁਣਕੇ ਉਸਨੂੰ ਦੱਸਦਾ ਹੈ ਕਿ ਸੂਰਜ ਵਲ ਪਿੱਠ ਕਰਕੇ ਦੌੜਨ ਦੀ ਥਾਂ ਸੂਰਜ ਵਲ ਮੂੰਹ ਕਰਕੇ ਦੌੜ ਪਰਛਾਵਾਂ ਆਪੇ ਪਿੱਛੇ ਰਹਿ ਜਾਵੇਗਾ।

'ਤਿੜਕੇ ਹੋਏ ਸ਼ੀਸ਼ੇ' ਮਨੁੱਖਤਾ ਵਿਚ ਦਿਨੋ ਦਿਨ ਘਟ ਰਹੀ ਹਮਦਰਦੀ ਦੀ ਕਥਾ ਹੈ। ਜਦੋਂ ਕਿ ਇਕ ਅੰਨ੍ਹਾ ਵਿਅਕਤੀ ਬਿਮਾਰ ਬਜ਼ੁਰਗ ਨੂੰ ਗੱਡੀਓਂ ਲਾਹੁੰਦਾ ਹੈ ਤੇ ਹੱਟੇ ਕੱਟੇ ਵਿਅਕਤੀ ਉਨ੍ਹਾਂ ਦੀ ਕੋਈ ਮਦਦ ਨਹੀਂ ਕਰਦੇ। 'ਅਹਿਸਾਸ' ਇਸ ਸੰਗ੍ਰਹਿ ਦੀ ਆਖਰੀ ਕਹਾਣੀ ਹੈ। ਜਿਸ ਵਿਚ ਦੋ ਪਿਓ-ਪੁੱਤਾਂ ਦਾ ਵਿਚਾਰਧਾਰਕ ਵਖਰੇਵਾਂ ਦਿਖਾਇਆ ਗਿਆ ਹੈ। ਜਦੋਂਕਿ ਪਿਤਾ ਰਵਾਇਤੀ ਨੰਬਰਦਾਰ ਹੈ ਤੇ ਪੁੱਤ ਨਾਇਕ, ਨਰਿੰਜਨ ਸਿੰਘ ਅੱਗੇ ਵਧੂ ਖਿਆਲਾਂ ਦਾ ਹੈ ਉਹ ਕਾਲਜ ਸਮੇਂ ਵਿਦਿਆਰਥੀ ਜਥੇਬੰਦੀ ਵਿਚ ਕੰਮ ਕਰਦਾ ਹੈ। ਵਿਆਹ ਵੀ ਸਾਦਾ ਤੇ ਆਪਣੀ ਮਰਜ਼ੀ ਨਾਲ ਕਰਾਉਂਦਾ ਹੈ। ਇਸ ਉਤੇ ਜਗੀਰੂ ਸੋਚ ਦਾ ਧਾਰਨੀ ਪਿਓ ਬਹੁਤ ਕਲਪਦਾ ਹੈ ਅਤੇ ਉਹਨੂੰ ਘਰ ਨਹੀਂ ਵੜਨ ਦਿੰਦਾ। ਪਰੰਤੂ ਜਦੋਂ ਨਾਇਕ ਦੀ ਘਰਵਾਲੀ ਦੇ ਮੁੰਡਾ ਹੁੰਦਾ ਹੈ ਤਾਂ ਉਸਦਾ ਕਿਸਾਨੀ ਸਦਾਚਾਰ ਜਾਗ ਪੈਂਦਾ ਹੈ ਤੇ ਉਹ ਮੁੰਡੇ ਨੂੰ ਤੇ ਪੋਤੇ ਨੂੰ ਘਰੇ ਲਿਆਉਣਾ ਮੰਨ ਜਾਂਦਾ ਹੈ। ਇਸ ਕਹਾਣੀ ਵਿਚ ਲੇਖਕ ਕਿਸਾਨੀ ਦੇ ਖ਼ੂਨ ਦੀ ਸਾਂਝ ਦੀ ਗੱਲ ਕਰਦਾ ਹੈ। ਜਿਹੜੀਆਂ ਆਪੋ ਵਿਚੀਂ ਜੋੜਦੀਆਂ ਹਨ।

ਕਥਾਕਾਰ ਭੋਲਾ ਸਿੰਘ ਸੰਘੇੜਾ ਆਪਣੀਆਂ ਕਥਾਵਾਂ ਵਿਚ ਮਨੁੱਖੀ ਸਬੰਧਾਂ, ਟੁੱਟ ਰਹੀ ਕਿਸਾਨੀ ਦੀ ਆਰਥਿਕਤਾ ਦਾ ਵਰਨਣ ਕਰਦਾ ਹੈ। ਇਸ ਤਰ੍ਹਾਂ ਉਹ ਪਾਠਕ ਨੂੰ ਸੋਚਣ ਲਈ ਮਜਬੂਰ ਕਰਦਾ ਹੈ। ਲੇਖਕ ਦੀ ਬੋਲੀ ਸਾਦੀ ਤੇ ਸਪੱਸ਼ਟ ਹੈ। ਉਹ ਬਿਆਨ ਬਹੁਤ ਲਮਕਾ ਕੇ ਕਰਦਾ ਹੈ। ਕਹਾਣੀ ਵਿਚ ਬੇਲੋੜਾ ਵਿਸਥਾਰ ਲਿਆਉਂਦਾ ਹੈ ਜਿਸ ਨਾਲ ਕਹਾਣੀ ਦੀ ਬਣਤਰ ਢਿੱਲੀ ਮੰਜੀ ਵਰਗੀ ਹੋ ਜਾਂਦੀ ਹੈ। ਅੱਗੇ ਲਈ ਲੇਖਕ ਨੂੰ ਇਸ ਗੱਲ ਤੋਂ ਚੌਕਸ ਰਹਿਣ ਦੀ ਲੋੜ ਹੈ। ਮੈਂ ਇਸ ਸੰਗ੍ਰਹਿ ਦਾ ਸੁਆਗਤ ਕਰਦਾ ਹਾਂ ਤੇ ਆਸ ਕਰਦਾ ਹਾਂ ਕਿ ਪਾਠਕ ਵੀ ਇਸਦਾ ਸੁਆਗਤ ਕਰਨਗੇ। -ਸੁਰਜੀਤ ਗਿੱਲ

## 'ਕੱਕੀ ਰੇਤ ਦੇ ਵਰਕੇ'/*(ਜਸਵਿੰਦਰ)*

'ਕੱਕੀ ਰੇਤ ਦੇ ਵਰਕੇ' ਜਸਵਿੰਦਰ ਦਾ ਦੂਜਾ ਗ਼ਜ਼ਲ ਸੰਗ੍ਰਹਿ ਹੈ। ਗ਼ਲਤੀਆਂ-ਰਹਿਤ ਸੁੰਦਰ ਛਪਾਈ ਵਾਲੇ ਇਸ ਸੰਗ੍ਰਹਿ ਦੇ 78 ਸਫਿਆਂ ਵਿਚ 49 ਗ਼ਜ਼ਲਾਂ ਅਤੇ ਡਾ: ਜਗਤਾਰ ਤੇ ਪਾਤਰ ਦੇ ਮੁੱਖਬੰਦ ਹਨ। ਜਸਵਿੰਦਰ ਆਪਣੇ ਪਹਿਲੇ ਗ਼ਜ਼ਲ ਸੰਗ੍ਰਹਿ 'ਕਾਲੇ ਹਰਫਾਂ ਦੀ ਲੋਅ' ਨਾਲ ਹੀ ਪੰਜਾਬੀ ਦਾ ਸਥਾਪਤ ਗ਼ਜ਼ਲਗੋ ਹੋ ਗਿਆ ਸੀ। ਉਸ ਦੇ ਵਿਕਲੋਤਰੇ, ਸ਼ਿੱਦਤ ਭਰੇ ਅਹਿਸਾਸ ਵਾਲੇ ਅਤੇ ਪੰਜਾਬੀਅਤ ਦੀ ਖੁਸ਼ਬੋ ਮੱਤੇ ਸ਼ਿਅਰਾਂ ਨੇ ਵੱਡੀ ਗਿਣਤੀ ਵਿਚ ਜ਼ਹੀਨ ਪਾਠਕਾਂ ਨੂੰ ਗ਼ਜ਼ਲ ਨਾਲ ਜੋੜਿਆ ਹੈ। ਉਹ ਪ੍ਰਤਿਭਾਵਾਨ ਦੀਦਾਵਰ ਅਤੇ ਮੌਲਕ ਸ਼ਾਇਰ ਹੈ। ਉਸਦੀ ਹਰ ਗ਼ਜ਼ਲ ਦਾ ਹਰ ਸ਼ਿਅਰ ਤ੍ਰੇਲ ਵਰਗੀ ਤਰੋਤਾਜ਼ਗੀ ਵਰਤਾਉਂਦਾ ਹੈ। ਸ਼ਾਇਰੀ ਉਸ ਵਾਸਤੇ ਰੋਜ਼ੀ ਦਾ ਸਵਾਲ ਨਹੀਂ



ਸਗੋਂ ਜ਼ਿੰਦਗੀ ਦੇ ਕੋਹੜ ਕੱਢ ਕੇ ਉਸ ਨੂੰ ਸੁੰਦਰ ਬਣਾਉਣ ਦਾ ਇਕ ਸਮਰੱਥ ਸ਼ਸਤਰ ਹੈ ਤੇ ਸਾਜ਼ ਵੀ।

ਹਰ ਸ਼ਾਇਰ ਸਮਕਾਲ ਦਾ ਹੀ ਪਰਤੌਅ ਹੁੰਦਾ ਹੈ। ਵੇਲੇ ਦੀ ਦੇਣ ਪਰ ਵੇਲੇ ਦੀ ਲੋੜ ਹੁੰਦਾ ਹੈ। ਸ਼ਾਇਰ ਲੋਅ ਦਾ ਮੁਜੱਸਮਾ ਹੁੰਦਾ ਹੈ। ਹਨੇਰ ਨੂੰ ਨਫਰਤ ਅਤੇ ਦੀਵਿਆਂ ਦੀ ਸਲਾਮਤੀ ਦਾ ਆਰਜ਼ੂਮੰਦ। ਸ਼ਾਇਰ ਸਮਾਜ ਦਾ, ਲੋਕਾਂ ਦਾ ਸੁੱਚਾ ਜਜ਼ਬਾ ਹੁੰਦਾ ਹੈ। ਲੋਕਾਈ ਦੇ ਜਜ਼ਬਾਤ ਉਸ ਦੀ ਕਲਮ ਨਾਲ ਛੂਹ ਕੇ ਬੁਲੰਦ ਸ਼ਿਅਰਾਂ ਦਾ ਦਰਜਾ ਹਾਸਿਲ ਕਰਦੇ ਹਨ। ਉਹ ਲੋਕਾਂ ਦੇ ਦਰਦ ਨੂੰ ਆਵਾਜ਼ ਦਾ ਪਹਿਰਾਵਾ ਦੇਂਦਾ ਹੈ। ਸ਼ਾਇਰ ਬਲ ਰਹੇ ਰੁੱਖਾਂ ਵਾਸਤੇ ਛਹਿਬਰ ਦੀ ਅਰਦਾਸ ਕਰਦਾ ਹੈ। ਦਰਿਆਵਾਂ ਨੂੰ ਖਿੱਚ ਕੇ ਤਪਦੇ ਖੇਤਾਂ ਤੀਕ ਜਾਣ ਦਾ ਰਾਹ ਤਿਆਰ ਕਰਦਾ ਹੈ। ਜੂਝ ਰਹੇ ਲੋਕਾਂ ਦੇ ਸਤਿਕਾਰ ਵਿਚ ਦਸਮੇਸ਼ੀ ਸਲਾਮ ਕਹਿੰਦਾ ਹੈ ਤੇ ਸਾਜ਼ਿਸੀ ਲੋਕਾਂ ਨੂੰ ਜੰਗ ਤੋਂ, ਜ਼ਿੰਦਗੀ ਦੀ ਜੰਗ ਤੋਂ, ਭਗੌੜੇ ਲੋਕਾਂ ਨੂੰ ਫੇਰ ਤੋਂ ਕਿਸੇ ਢਾਬ ਨੂੰ ਮੁਕਤਸਰ ਬਣਾਉਣ ਲਈ ਮਾਈ ਭਾਗੋ ਦੀ ਵੰਗਾਰ ਨੂੰ ਅੱਖਰ ਬਖਸ਼ਦਾ ਹੈ। ਉਹ ਲੋਕਾਂ ਅਤੇ ਜੋਕਾਂ,ਮਹਿਲਾਂ ਅਤੇ ਢੋਕਾਂ ਵਿਚ ਅੰਤਰ ਸਪਸ਼ਟ ਹੀ ਨਹੀਂ ਕਰਦਾ, ਕਾਰਨ ਵੀ ਸਪਸ਼ਟ ਕਰਦਾ ਹੈ। ਉਹ ਬਾਲਾਂ ਦੇ ਹੱਥਾਂ ਤੋਂ ਰੋਟੀ ਚੁੱਕ ਖੜਦੇ ਕਾਵਾਂ ਦੀ ਬਸਤੀ ਦੀ ਦੱਸ ਪਾਉਂਦਾ ਹੈ। ਉਹ ਮਹਿਲੀਂ ਕੁੱਤਿਆਂ ਅੱਗੇ ਪਏ ਬਿਸਕੁਟਾਂ ਦੀ ਤਸਵੀਰ ਵਾਹੁੰਦਾ ਹੈ। ਉਹ ਸਮਾਜ ਦਾ ਛਿੰਦਾ ਪੁੱਤ ਹੁੰਦਾ ਹੈ। ਪਰ ਏਨਾ ਕੁਝ ਕਰਦਿਆਂ ਵੀ ਉਹ ਰੌਲਾ ਨਹੀਂ ਪਾਉਂਦਾ। ਬਾਬਿਆਂ ਦੇ ਸਪੀਕਰਾਂ ਦਾ ਉਹ ਸ਼ਬਦਾਂ ਦੀ ਕਟਾਖਸ਼ੀ ਕਟਾਰ ਨਾਲ ਟਾਕਰਾ ਕਰਦਾ ਹੈ। ਅਛੋਪਲੇ ਹੀ ਉਹ ਚੰਗਿਆਈ ਨੂੰ ਮੁਹੱਬਤ ਅਤੇ ਬੁਰਿਆਈ ਨੂੰ ਨਫਰਤ ਦਾ ਪਾਤਰ ਬਣਾਉਂਦਾ ਹੈ। ਉਸਦੀ ਅਲੋਕਾਰੀ ਉਸਦੀ ਸੂਖਮ ਕਲਾਕਾਰੀ ਵਿਚ ਹੁੰਦੀ ਹੈ ਨਾਕਿ ਬਾਜ਼ੀਗਰੀ ਵਿਚ।

ਜਸਵਿੰਦਰ ਦਾ ਖਮੀਰ ਤੇ ਸਮੁੱਚਤਾ ਸਮਾਜ ਦੀ ਦਾਤ ਹੈ ਅਤੇ ਉਹ ਉਸੇ ਨੂੰ ਵਿਆਜ ਸਮੇਤ ਮੋੜ ਰਿਹਾ ਹੈ। ਉਹ ਭਾਵੇਂ ਵਿਅਕਤੀ ਦੀ ਗੱਲ ਕਰਦਾ ਹੈ ਪਰ ਹਰ ਹਾਲਤ ਵਿਚ ਸਮਾਜ ਦਾ ਇਕ ਹਿੱਸਾ ਹੁੰਦਾ ਹੈ। ਬਹੁਤ ਸਾਰੇ ਸ਼ਿਅਰ ਉਹ ਆਪੇ ਨੂੰ ਸੰਬੋਧਤ ਹੋ ਕੇ ਕਹਿੰਦਾ ਹੈ। ਇਸ ਤਰ੍ਹਾਂ ਉਹ ਤਨ 'ਤੇ ਹੰਢਾਏ ਦਰਦ-ਵੇਗ ਨੂੰ ਜਗ-ਵਰਤਾਰੇ ਲਈ ਸੰਚਾਰਤ ਕਰਦਾ ਹੈ। ਜਸਵਿੰਦਰ ਸਾਡਾ ਪਸੰਦੀਦਾ ਸ਼ਾਇਰ ਇਸ ਕਰਕੇ ਵੀ ਹੈ ਕਿ ਉਹ ਆਪਣੇ ਪੈਰ ਹਮੇਸ਼ਾ ਯਥਾਰਥ ਅਤੇ ਲੋਕ ਚੇਤਨਾ ਦੀ ਧਰਤ ਉਤੇ ਟਿਕਾ ਕੇ ਰੱਖਦਾ ਹੈ। ਉਸ ਨੂੰ ਪਤਾ ਹੈ ਕਿ ਧਰਤ ਬਿਨਾਂ ਨਾ ਖੰਭ ਨਾ ਆਕਾਸ਼ ਹੀ ਕੰਮ ਦੇ ਹਨ।

ਜਸਵਿੰਦਰ ਦੂਰ ਦਾ ਰਾਹੀ ਹੈ। ਬਾਬੇ ਨਾਨਕ ਦੀਆਂ ਉਦਾਸੀਆਂ ਨਾਲ ਲੋਕਾਂ ਦੀਆਂ ਸੁੱਕਦੀਆਂ ਖੁਸ਼ੀਆਂ ਨੂੰ ਪਾਣੀ ਦੇਣ ਵਾਲਾ, ਉਹ ਉਦਾਸੀ 'ਤੇ ਜਾਣ ਲਈ ਕਾਹਲਾ ਹੈ : ਪਰ ਬੁੱਧ ਵਾਂਗ ਨਹੀਂ ਨਾਨਕ ਵਾਂਗ:

**ਦੂਰ ਦੇ ਰਾਹੀਆਂ ਨੂੰ ਕੀ ਭੁੱਖ ਅਤੇ ਕੀ ਨੀਂਦਰਾਂ**
**ਚਲ ਬਈ ਮਰਦਾਨਿਆ ਹੁਣ ਚਲੀਏ ਅਗਲੇ ਗਰਾਂ।**

ਸ਼ਾਇਰ ਉਨ੍ਹਾਂ ਵਿਚਾਰਵਾਨਾਂ ਨੂੰ ਫਿਟਕਾਰ ਪਾਉਂਦਾ ਹੈ ਜੋ ਅਸਲ ਮਸਲੇ ਤੋਂ ਧਿਆਨ ਪਰ੍ਹੇ ਕਰਨ ਲਈ ਅਰਸ਼ਾਂ ਦੀਆਂ ਬਾਤਾਂ ਪਾ ਰਹੇ ਹਨ।

ਕਲਸ਼ਾਂ ਨਾਲ ਰਚਾ ਲਵੀਂ ਫੇਰ ਕਦੇ ਸੰਵਾਦ,
ਪਹਿਲਾਂ ਸੁਣ ਕੁਝ ਭੁਰਦੀਆਂ ਕੰਧਾਂ ਦੀ ਫਰਿਆਦ।

ਏਕਲਵ ਅਤੇ ਦ੍ਰੋਣ ਦੀ ਮਿੱਥ ਨੂੰ ਆਧੁਨਿਕਤਾ ਦੀ ਸੰਚਾਰਤ ਜਗਤ ਉਹ ਇਵੇਂ ਬਣਾਉਂਦਾ ਹੈ:

ਜਦ ਵੀ ਸ਼ਿਸ਼ਤ ਲਗਾ ਕੇ ਛੱਡਾ ਤੀਰ ਹਨੇਰੇ ਉਤੇ,
ਮੇਰਾ ਰਹਿਬਰ ਵਾਰ ਕਰੇ ਅੰਗੂਠੇ ਮੇਰੇ ਉਤੇ।

ਸ਼ਾਇਰ ਆਪਣੇ ਜਿਹੇ ਦਾਨਸ਼ਵਰਾਂ ਲੇਖਕਾਂ ਫਿਲਾਸਫਰਾਂ ਨੂੰ ਕਰਮ ਭੂਮੀ ਵਿਚ ਜਾਣ ਨੂੰ ਕਹਿੰਦਾ ਹੈ:

ਜੇਕਰ ਹੋਵੇ ਮੱਚਿਆ ਪੌਣਾਂ ਵਿਚ ਕੁਹਰਾਮ,
ਹਰਫਾਂ ਨੂੰ ਨਹੀਂ ਸੋਭਦਾ ਸਫਿਆਂ 'ਤੇ ਆਰਾਮ,
ਚੱਲ ਹੁਣ ਮੌਸਮ ਦੇ ਤੇਵਰ ਵੇਖੀਏ,
ਬੰਦ ਕਰ ਇਹ ਪੁਸਤਕਾਂ ਕੁਝ ਪਲ ਲਈ।

ਜਸਵਿੰਦਰ ਆਸਮੁੱਖੀ ਸ਼ਾਇਰ ਹੈ। ਉਹ ਖੜੋਤ ਨੂੰ ਸਦੀਵੀ ਨਹੀਂ ਸਮਝਦਾ।

ਕੁਝ ਵੀ ਹੋ ਸਕਦਾ ਨਾ ਹੋਵੇ ਇਉਂ ਨਹੀਂ ਹਰ ਦਮ ਨਹੀਂ,
ਇਸ ਕਦਰ ਵੀ ਬੇ ਭਰੋਸੇਯੋਗ ਇਹ ਮੌਸਮ ਨਹੀਂ।
ਕਿਸੇ ਜ਼ਮੀਨ ਦੀ ਹਾਲੇ ਤਲਾਸ਼ ਹੈ ਮੈਨੂੰ।
ਹਵਾ ਦੇ ਫ਼ਰਸ਼ 'ਤੇ ਮੈਂ ਕਦ ਕੁ ਤਕ ਖਲੋਣਾ ਹੈ।
ਬਿਰਖ ਦੀ ਜੜ੍ਹ ਨਾ ਨਮੀ ਤਕ ਪਹੁੰਚ ਸਕੀ ਤੇ ਸੁਕ ਗਿਆ।
ਇਸਦਾ ਮਤਲਬ ਇਹ ਨਹੀਂ ਕਿ ਰੇਤ ਹੇਠਾਂ ਜਲ ਨਹੀਂ।

ਸ਼ਾਇਰ ਬੀਤ ਰਹੇ ਰਾਜਨੀਤਕ ਆਰਥਿਕ ਧਾਰਮਿਕ ਧੁੰਦੂਕਾਰਿਆਂ ਤੋਂ ਬਾਗੀ ਹੈ।

ਹੋਰ ਕਿੰਨਾ ਚਿਰ ਅਸੀਂ ਖਾਬਾਂ 'ਚ ਖੰਡਰ ਵੇਖਣੇ ਨੇ,
ਸ਼ੀਸ਼ਿਆਂ ਵਿਚ ਆਪਣੇ ਹੀ ਅਕਸ ਡਰ ਡਰ ਵੇਖਣੇ ਨੇ।

ਜਸਵਿੰਦਰ ਨੂੰ ਪਤਾ ਹੈ ਕਿ ਲੋਕ ਸੰਘਰਸ਼ਾਂ ਨਾਲ ਭਗਤ ਸਰਾਭੇ ਦੇ ਵਾਰਸਾਂ ਨੇ ਹੀ ਖਲੋਣਾਂ ਹੈ; ਧਰਮੀਆਂ ਨਹੀਂ:

ਧੋਕੇ ਮੈਲ ਗੁਨਾਹਾਂ ਦੀ ਪੱਤਣਾਂ ਤੋਂ ਲੋਕੀਂ ਮੁੜ ਜਾਂਦੇ
ਬਾਝ ਮਲਾਹਾਂ ਕੌਣ ਨਿਭਾਵੇ ਦੋਸਤੀਆਂ ਦਰਿਆਵਾਂ ਨਾਲ।

ਉਸ ਦੀ ਲੋਕਾਂ ਉਤੇ ਅਟੁੱਟ ਆਸਥਾ ਹੈ:

ਆਪਣੇ ਸਿਰਾਂ 'ਤੇ ਡੋਲਦੀ ਧਰਤੀ ਸੰਭਾਲਕੇ,
ਕਿੰਨੇ ਅਜੀਬ ਸ਼ੌਕ ਨੇ ਇਹ ਲੋਕ ਪਾਲਦੇ।

ਜਸਵਿੰਦਰ ਦੇ ਕੁਝ ਇਕ ਸ਼ਿਅਰ ਨਹੀਂ ਸਾਰੀ ਹੀ ਪੁਸਤਕ ਪੜ੍ਹਨਯੋਗ ਹੈ। ਇਸ ਪੁਸਤਕ ਤੋਂ ਮੈਨੂੰ ਗ਼ਜ਼ਲ ਦੀਆਂ ਰੌਸ਼ਨ ਜ਼ਹੀਨ ਰਾਹਾਂ ਦੀ ਦਿੱਖ ਹੋਰ ਵੀ ਸਾਫ ਦਿਸੀ ਹੈ।

ਪਰ ਉਸਨੂੰ ਖੜਪੈਂਚ ਫਿਲਾਸਫਰ ਅਲੋਚਕ ਪ੍ਰਸੰਸਕਾਂ ਤੋਂ ਬਚਣਾ ਚਾਹੀਦਾ ਹੈ ਤੇ ਇਹ ਸ਼ਿਅਰ

:

**ਇਸ ਕਦਰ ਸੀ ਹੇਰਵੇ ਮਾਰੀ ਹੋਈ ਝੱਲੀ ਨਦੀ,**
**ਛਾਲ ਮੈਂ ਮਾਰੀ ਪਰ ਮੇਰੇ 'ਚ ਡੁੱਬ ਚੱਲੀ ਨਦੀ।**

ਇਹ ਸ਼ਿਅਰ ਕਿਸੇ ਕੰਮ ਦਾ ਨਹੀਂ:

ਔਰਤ ਜਾਤੀ ਦੀ ਸਹਿਜਮੁੱਖਤਾ ਦਾ ਹਾਸਾ ਉਡਾਉਣ ਤੋਂ ਬਿਨਾਂ ਇਸਦਾ ਹੋਰ ਅਰਥ ਕੋਈ ਨਹੀਂ।

ਜਸਵਿੰਦਰ ਬਾ-ਬਹਿਰ ਸ਼ਾਇਰ ਹੈ। ਉਸਨੇ ਗ਼ਜ਼ਲ ਵਿਧਾਨ ਵਿਚ ਰਹਿੰਦਿਆਂ ਦਿਲ 'ਤੇ ਚਲਦੀ ਆਰੀ ਦਾ ਦਰਦ ਸ਼ਬਦਾਂ ਵਿਚ ਢਾਲਿਆ ਹੈ। ਇਹ ਪੁਸਤਕ ਹਰ ਹੱਥ ਦਾ ਸ਼ਿੰਗਾਰ ਬਣਨ ਦੀ ਉਚਤਾ ਦਾ ਮਿਆਰ ਰੱਖਦੀ ਹੈ। *(-ਸੁਲੱਖਣ ਸਰਹੱਦੀ)*



## ਖਿਆਲ ਆਪੋ ਆਪਣਾ

• ਚਿਰਾਗ ਦਾ ਅੰਕ 46 (ਅਕਤੂਬਰ-ਦਸੰਬਰ 2003) ਮੈਨੂੰ ਬਹੁਤ ਲੇਟ ਮਿਲਿਆ। ਪੜ੍ਹ ਕੇ ਮਹਿਸੂਸ ਹੋਇਆ ਜੇਕਰ ਮੈਂ ਇਹ ਅੰਕ ਪ੍ਰਾਪਤ ਕਰਨ ਦੀ ਘੌਲ਼ ਕਰ ਜਾਂਦਾ ਤਾਂ ਮੈਂ ਇਸ ਵਿਚ ਪ੍ਰਕਾਸ਼ਿਤ ਚੀਨੀ ਕਹਾਣੀ 'ਸੇਲਜ਼ ਗਰਲ' (ਹਾਗ ਤਿੰਗ) ਲਾਲ ਸਿੰਘ ਰਾਹੀਂ ਅਨੁਵਾਦਕ ਕੀਤੀ ਕਹਾਣੀ ਪੜ੍ਹਨ ਤੋਂ ਵਾਂਝਾ ਰਹਿ ਜਾਂਦਾ। ਇਸ ਕਹਾਣੀ ਵਿਚ ਲੇਖਕ ਨੇ ਇਹ ਪ੍ਰਭਾਵ ਦਿੱਤਾ ਹੈ ਕਿ ਸੋਵੀਅਤ ਰੂਸ ਵਿਚ ਆਇਆ ਇਨਕਲਾਬ ਅਤੇ ਉਸ ਪਿੱਛੋਂ ਮਾਓ-ਜ਼ੇ-ਤੁੰਗ ਰਾਹੀਂ ਲਿਆਂਦਾ ਚੀਨੀ ਇਨਕਲਾਬ ਸਮਾਜਵਾਦੀ ਸਮਾਜ ਦੇ ਪਹਿਲੇ ਪੜਾਅ ਸਨ, ਪਰ ਹੁਣ ਜੋ ਕੁਝ ਚੀਨ ਵਿਚ ਵਾਪਰ ਰਿਹਾ ਹੈ ਇਹ ਸਮਾਜਵਾਦੀ ਸਮਾਜ ਦੇ ਵਿਕਾਸ ਦਾ ਉਹ ਪੜਾਅ ਹੈ ਜਿਥੇ ਵਿਅਕਤੀ ਦੀਆਂ ਨਿੱਜੀ ਭਾਵਨਾਵਾਂ (ਸਿਹਤਮੰਦ ਭਾਵਨਾਵਾਂ) ਅਤੇ ਯੋਗਤਾਵਾਂ ਵਿਕਸਤ ਕਰਨ ਦੇ ਅਵਸਰ ਪ੍ਰਾਪਤ ਹਨ। ਸਮਾਜ ਬੁਨਿਆਦੀ ਤੌਰ 'ਤੇ ਮਨੁੱਖ ਦੀ ਸ਼ਖ਼ਸੀਅਤ ਦੇ ਵਿਕਾਸ ਖਾਤਰ ਸਿਰਜਿਆ ਮਨੁੱਖੀ ਢਾਂਚਾ ਹੈ। ਜਿਹੜੀਆਂ ਸਮਾਜਿਕ ਕੀਮਤਾਂ, ਮਨੁੱਖੀ ਵਿਕਾਸ ਲਈ ਬਾਧਕ ਸਾਬਤ ਹੁੰਦੀਆਂ ਹਨ, ਉਨ੍ਹਾਂ ਵਿਚ ਅਵੱਸ਼ ਪਰਿਵਰਤਨ ਹੋਣਾ ਚਾਹੀਦਾ ਹੈ। ਮਾਰਕਸਵਾਦ ਕੋਈ ਕੱਟੜ ਫਲਸਫ਼ਾ ਨਹੀਂ ਸਗੋਂ ਸਮਾਜ ਨੂੰ ਸਮਝਣ ਅਤੇ ਬਦਲਣ ਵਾਸਤੇ ਵਿਗਿਆਨਕ ਵਿਚਾਰਧਾਰਾ ਹੈ। ਖੜੋਤ ਵਿਚ ਸਮਾਜ ਮਨੁੱਖ ਵਿਕਾਸ ਲਈ ਹਮੇਸ਼ਾ ਹੀ ਬਾਧਕ ਸਾਬਤ ਹੁੰਦਾ ਰਿਹਾ ਹੈ। ਇਸ ਕਹਾਣੀ ਵਿਚ ਬੜੀ ਖ਼ੂਬਸੂਰਤੀ ਨਾਲ ਕਲਾਤਮਿਕ ਢੰਗ ਨਾਲ ਇਹ ਗੱਲ ਦੱਸੀ ਗਈ ਹੈ ਕਿ ਰਾਜਨੀਤਕ ਅਹੁਦਿਆਂ ਨਾਲੋਂ ਸ਼ਖ਼ਸੀਅਤ ਦਾ ਵਿਕਾਸ ਜ਼ਿਆਦਾ ਮਹੱਤਵਪੂਰਨ ਹੈ। ਆਪਣੇ ਵਿਵਹਾਰ ਕਾਰਨ ਸੇਲਜ਼ ਗਰਲ ਗਾਹਕਾਂ ਦੀਆਂ ਵੋਟਾਂ ਨਾਲ ਸਟੋਰ ਦੀ ਸਭ ਤੋਂ ਵਧੀਆ ਸੰਚਾਲਕ ਚੁਣੀ ਜਾਂਦੀ ਹੈ। ਨੰ: 163 ਤੋਂ ਉਹ ਨੰ: ਇਕ ਬਣ ਜਾਂਦੀ ਹੈ। ਪਹਿਲੀ ਸੰਚਾਲਕਾ ਨੂੰ ਈਰਖਾ ਹੁੰਦੀ ਹੈ। ਉਹ ਉਸ ਦੇ ਨੁਕਸ ਲੱਭਣ ਲਈ ਉਸ ਦੀ ਗੁਪਤ ਤੌਰ 'ਤੇ ਪੜਤਾਲ ਕਰਦੀ ਹੈ। ਉਸ ਵਿਚ ਉਸ ਨੂੰ ਕਈ ਨੁਕਸ ਦਿਖਾਈ ਦਿੰਦੇ ਹਨ। ਅਖੀਰ ਵਿਚ ਉਸ ਪ੍ਰਤੀ ਉਸ ਦਾ ਨਜ਼ਰੀਆ ਬਦਲ ਜਾਂਦਾ ਹੈ। ਸੇਲਜ਼ ਗਰਲ ਸਟੋਰ ਦੀ ਸੰਚਾਲਕਾ ਬਣਨ ਦੀ ਬਜਾਇ ਐਕਟ੍ਰੈਸ ਬਣਨ ਨੂੰ ਤਰਜ਼ੀਹ ਦਿੰਦੀ ਹੈ।

ਸੇਲਜ਼ ਗਰਲ ਦੀਆਂ ਇਹ ਸਤਰਾਂ ਕਿੰਨੀਆਂ ਅਰਥ ਭਰਪੂਰ ਹਨ "ਪਰ ਜੇ ਕਦੀ ਮੈਨੂੰ ਆਦਰਸ਼ ਵਰਕਰ ਤੇ ਅਭਿਨਤਰੀ ਦੋਨਾਂ ਵਿਚੋਂ ਇਕ ਦੀ ਚੋਣ ਕਰਨੀ ਪਵੇ ਤਾਂ ਅਭਿਨੇਤਰੀ ਬਣਨਾ ਜ਼ਿਆਦਾ ਪਸੰਦ ਕਰਾਂਗੀ।"

"ਮੈਂ" ਪਾਤਰ ਦਾ ਪ੍ਰਤੀਕਰਮ ਨੋਟ ਕਰਨ ਵਾਲਾ ਹੈ: ਮੈਂ ਉਸ ਨੂੰ ਗਲਤ ਸਮਝਿਆ ਸੀ ਆਪਣੀ ਕਠੋਰ ਮਨੋਵਿਰਤੀ ਅਤੇ ਸੰਕੀਰਨ ਵਿਚਾਰਾਂ ਨੂੰ ਚੇਤੇ ਕਰਕੇ ਬਹੁਤ ਸ਼ਰਮਸਾਰ ਹੋ ਗਈ।

ਡਾ: ਸੁਰਜੀਤ ਬਰਾੜ ਦੀ ਕਹਾਣੀ ਵੀ ਪ੍ਰਸੰਸਾਯੋਗ ਹੈ। ਇਸ ਵਾਰ ਮੈਂ ਚਿਰਾਗ ਵਿਚ ਪ੍ਰਕਾਸ਼ਿਤ ਕਵਿਤਾਵਾਂ ਦਾ ਵੀ ਆਨੰਦ ਮਾਣਿਆ। ਤੁਹਾਡੀ ਪੁਸਤਕ 'ਕਵਿਤਾ ਦੀ ਤਲਾਸ਼' ਬਾਰੇ ਡਾ: ਸੁਰਿਦਰ ਸ਼ਾਂਤ ਦਾ ਲੇਖ ਪੜ੍ਹ ਕੇ ਮੇਰੀ ਜਾਣਕਾਰੀ ਵਿਚ ਵਾਧਾ ਹੋਇਆ ਕਿ ਤੁਸੀਂ ਕਿਸ ਕਿਸਮ ਦੇ ਪ੍ਰਤੀਬੱਧ ਕਵੀ ਹੋ-ਅਜਿਹੀ ਕਵਿਤਾ ਸੰਘਰਸ਼ ਲਈ ਪ੍ਰੇਰਨਾ ਸਰੋਤ ਬਣਦੀ ਰਹੇਗੀ। - **ਇੰਦਰ ਸਿੰਘ ਖਾਮੋਸ਼, ਪਟਿਆਲਾ।**

• ਚਿਰਾਗ਼ ਦੇ ਨਵੇਂ ਅੰਕਾਂ 'ਚ ਛਪੀ ਸੰਪਾਦਕੀ ਰਾਹੀਂ ਪਤੇ ਦੀਆਂ ਗੱਲਾਂ ਕੀਤੀਆਂ ਹਨ। ਖ਼ਾਸ ਕਰ ਰੀਵਿਊਕਾਰੀ ਬਾਰੇ। ਤੁਹਾਡੀ ਇਹ ਗੱਲ ਦਰੁਸਤ ਹੈ ਕਿ ਕਿਤਾਬਾਂ ਦੀ ਛਪਣ ਗਿਣਤੀ ਦੇ ਹਿਸਾਬ ਨਾਲ ਰੀਵਿਊਕਾਰੀ ਲਈ ਵੱਖਰਾ ਪਰਚਾ ਹੋਣਾ ਚਾਹੀਦਾ ਹੈ। ਪਰ ਜੇ ਅਜਿਹਾ ਪਰਚਾ ਹੋਂਦ ਵਿਚ ਆਉਂਦਾ ਹੈ ਤਾਂ ਉਸ ਵਿਚ ਵੀ ਰਵਾਇਤੀ ਕਿਸਮ ਦੇ ਰੀਵਿਊਕਾਰਾਂ ਦਾ ਬਾਈਕਾਟ ਕਰਿਆ ਜਾਵੇ। ਨਵੇਂ ਲੇਖਕਾਂ ਲਈ ਤੁਸੀਂ ਚੰਗੇ ਵਿਚਾਰ ਪੇਸ਼ ਕੀਤੇ ਹਨ। ਨਵੇਂ ਲੇਖਕਾਂ ਦੀਆਂ ਚੰਗੀਆਂ ਰਚਨਾਵਾਂ ਦਾ ਸਵਾਗਤ ਚੰਗੇ ਸੰਪਾਦਕ ਦੀ ਨਿਸ਼ਾਨੀ ਹੁੰਦਾ ਹੈ। ਡਾ. ਰੰਧਾਵਾ ਜੀ ਨੇ ਸਮਕਾਲੀ ਪੰਜਾਬੀ ਕਹਾਣੀ ਬਾਰੇ ਬਹੁਤ ਹੀ ਖੋਜ ਭਰਪੂਰ ਲਿਖਿਐ। ਲਾਲ ਸਿੰਘ ਜੀ ਨੇ ਸੇਲਜ਼ ਗਰਲ ਦਾ ਅਨੁਵਾਦ ਕਰ ਕੇ ਸਾਡੇ ਤੱਕ ਵਧੀਆ ਕਹਾਣੀ ਪਹੁੰਚਦੀ ਕੀਤੀ ਹੈ। **-ਅਨੇਮਨ ਸਿੰਘ**

# ਇਕ ਚਿੱਠੀ ਸ਼ਰੀਫ਼ ਕੁਰੈਸ਼ੀ ਦੀ

**ਮੁਹਤਰਮ ਵੀਰ ਹੁੰਦਲ ਜੀ,** ਗੁਜਰਾਤ 8.10.03

ਬਹੁਤ-ਬਹੁਤ ਦੁਆ ਸਲਾਮ। ਮਹੀਨਾਵਾਰ 'ਲਹਿਰਾਂ' ਲਾਹੌਰ ਨਾਲ ਬਹੁਤ ਪੁਰਾਣੀ ਸਾਕਾਚਾਰੀ ਏ। ਮੈਂ ਪੇਸ਼ੇ ਦੇ ਲਿਹਾਜ਼ ਨਾਲ ਤਹਿਸੀਲਦਾਰ ਹਾਂ ਤੇ ਤਬੀਅਤ ਦੇ ਲਿਹਾਜ਼ ਨਾਲ ਪੰਜਾਬੀ ਜ਼ੁਬਾਨ ਤੇ ਅਦਬ ਦਾ ਇਕ ਨਿੱਕਾ ਜਿਹਾ ਸੇਵਕ। ਲਿਖਦਾ ਬਹੁਤ ਘੱਟ ਹਾਂ। ਏਸੇ ਕਰਕੇ ਮੇਰੀ ਪੰਜਾਬੀ ਨਜ਼ਮਾਂ ਦੀ ਪਹਿਲੀ ਕਿਤਾਬ 1977 ਵਿਚ ਆਈ ਤੇ ਦੂਜੀ ਕਿਤਾਬ 2003 ਵਿਚ ਆਈ। ਮੈਂ 1975 ਵਿਚ ਐਮ. ਏ. ਪੰਜਾਬੀ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਫਸਟ ਡਵੀਜ਼ਨ ਨਾਲ ਕੀਤੀ ਸੀ।

ਤੁਹਾਡੇ ਨਾਲ ਤੁਆਰਫ਼ (ਜਾਣ ਪਛਾਣ) ਤੇ ਅਦਬ ਇਹਤਰਾਮ ਦਾ ਰਿਸ਼ਤਾ ਨਿਭਣ ਵਿਚ 'ਲਹਿਰਾਂ' ਫਰਵਰੀ 2003 ਨੇ ਬਹੁਤ ਕੰਮ ਕੀਤਾ। ਉਸ ਦੇ ਸਫ਼ਾ 14 'ਤੇ ਛਪੀ ਤੁਹਾਡੀ ਨਜ਼ਮ 'ਕਿੰਝ ਲੰਘਾਈ ਏ" ਏਨੀ ਪਸੰਦ ਆਈ ਕਿ ਤੁਹਾਨੂੰ ਖ਼ਤ ਲਿਖਣਾ ਪਿਆ। ਤੁਹਾਡੀ ਨਜ਼ਮ ਦੇ ਇਲਾਵਾ ਵਜ੍ਹਾ ਹੋਰ ਵੀ ਸੀ। ਉਹ ਸੀ ਲਫਜ਼ 'ਕਪੂਰਥਲਾ'। ਏਸ ਲਫ਼ਜ ਤੋਂ ਮੈਂ ਬਹੁਤ ਜਜ਼ਬਾਤੀ ਹੋ ਜਾਨਾ ਵਾਂ। ਮੇਰੇ ਵਾਲਦੈਨ ਕਪੂਰਥਲਾ ਤੋਂ ਹਿਜ਼ਰਤ ਕਰਕੇ ਪਾਕਿਸਤਾਨ ਆਏ ਤੇ ਉਸ ਸਮੇਂ ਗੁਜਰਾਤ ਜ਼ਿਮਾਦਾਰਾ ਕਾਲਜ ਵਿਚ ਮੇਰੇ ਤਾਇਆ ਜੀ ਪ੍ਰੋ: ਤਾਜ 0001 ਪ੍ਰਿੰਸੀਪਲ ਸਨ। ਏਸੇ ਕਰਕੇ ਖਾਨਦਾਨ ਦੇ ਜਿੰਨੇ ਲੋਕ ਪਾਕਿਸਤਾਨ ਜ਼ਿੰਦਾ ਅੱਪੜੇ, ਉਹ ਉਨ੍ਹਾਂ ਦੀ ਵਜ੍ਹਾ ਨਾਲ ਗੁਜਰਾਤ ਈ ਆ ਵੱਸੇ। ਮੈਂ ਗੁਜਰਾਤ ਵਿਚ 7 ਜਨਵਰੀ 1948 ਨੂੰ ਪੈਦਾ ਹੋਇਆ। ਬਾਅਦ ਵਿਚ ਸਾਡੇ ਤਾਇਆ ਜੀ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਵਾਈਸ ਚਾਂਸਲਰ ਵੀ ਰਹੇ ਤੇ 1961 ਵਿਚ ਦਿਲ ਦਾ ਦੌਰਾ ਪੈਣ ਮਗਰੋਂ ਇਨਤਕਾਲ ਕਰ ਗਏ। ਵੀਰ ਹੁੰਦਲ ਜੀ, ਜਿਸ ਸ਼ਹਿਰ ਵਿਚ ਮੇਰੇ ਪਿਓ ਦਾਦੇ, ਪੜਦਾਦੇ ਰਹੇ, ਜਿਨ੍ਹਾਂ ਘਰਾਂ ਵਿਚ ਰਹੇ, ਜਿਨ੍ਹਾਂ ਗਲੀਆਂ ਵਿਚ ਫਿਰੇ, ਉਨ੍ਹਾਂ ਦੀ ਖੈਰ ਖ਼ਬਰ ਪਤਾ ਕਰਨ ਨੂੰ ਬੜਾ ਦਿਲ ਕਰਦਾ ਏ। ਸਾਡੇ ਤੋਂ ਇਕ ਨਸਲ ਅਤੇ ਜਿਹੜੀ ਨਸਲ ਏ ਤੇ ਜਿਹੜੀ ਉਨ੍ਹਾਂ ਜਗ੍ਹਾ ਨੂੰ ਜਾਣਦੀ ਏ, ਹੁਣ ਤੇ ਉਹ ਵੀ ਚਲਾਣਾ ਕਰੀ ਜਾਂਦੇ ਨੇ ਪਏ, ਜੇ ਕਦੀ ਨੇੜ ਭਵਿੱਖ (ਮਸਤਕਬਿਲ ਕਰੀਬ) ਵਿਚ ਇਨ੍ਹਾਂ ਨਾਲ ਇਨਸਾਨ ਦੀ ਮੁਹੱਬਤ ਨੇ ਰੰਗ ਲਿਆਂਦਾ ਤੇ ਆਵਾਜਾਈ ਸ਼ੁਰੂ ਹੋ ਗਈ ਤੇ ਖੈਰ ਰੱਬ ਸੱਚਾ, ਉਹ ਗਲੀਆਂ, ਉਹ ਘਰ ਵਿਖਾਲ ਦੇਵੇ। ਮੇਰੇ ਪੜਦਾਦਾ ਜੀ ਦਾ ਨਾਂ ਜਾਨ ਮੁਹੰਮਦ ਸੀ ਉਹ ਸਰਕਾਰੀ ਠੇਕੇਦਾਰ ਸਨ ਤੇ ਮਹਾਰਾਜਾ ਜਗਤਜੀਤ ਸਿੰਘ ਦੇ ਦਰਬਾਰ ਵਿਚ ਉਨ੍ਹਾਂ ਦੀ ਕੁਰਸੀ ਸੀ। ਉਨ੍ਹਾਂ ਦੇ ਪੰਜ ਪੁੱਤਰ ਸਨ।

ਮੁਹੱਲਾ ਆਰਫ਼ ਵਾਲਾ ਵਿਚ ਸਾਡੇ ਮਕਾਨ ਤੇ ਹਵੇਲੀਆਂ ਸਨ ਤੇ ਇਕ ਹਵੇਲੀ ਵਿਚ ਫੀਰਜ਼ੋਦੀਨ ਅਕਾਉਂਟੈਂਟ ਜਨਰਲ ਰਿਆਸਤ ਕਪੂਰਥਲਾ ਕਿਰਾਏਦਾਰ ਸਨ, ਤੇ ਇਕ ਮਕਾਨ ਹਫ਼ੀਜ਼ ਜਲੰਧਰੀ (ਲੇਖਕ ਕੌਮੀ ਤਰਾਨਾ ਪਾਕਿਸਤਾਨ) ਨੇ ਜਲੰਧਰ ਤੋਂ ਕਪੂਰਥਲਾ ਆ ਕੇ ਕਿਰਾਏ 'ਤੇ ਸਾਡੇ ਬਜ਼ੁਰਗਾਂ ਕੋਲੋਂ ਲਿਆ ਹੋਇਆ ਸੀ। ਕਿਸੇ ਬਜ਼ੁਰਗ ਕੋਲੋਂ ਸਾਡੇ ਖਾਨਦਾਨ ਨੂੰ ਪਛਾਨਣ ਦਾ ਇਕ ਬਹੁਤ ਵੱਡਾ ਜ਼ਰੀਆ ਇਕ ਦੁੱਖ ਵਾਲਾ ਵਾਕਿਆ ਹੈ। ਸਾਡੇ ਮੁਹੱਲੇ ਆਰਫ ਵਾਲਾ ਵਿਚ ਇਕ ਬੰਦਾ 'ਦਿੱਤਾ' ਘੁਮਿਆਰ ਸੀ। ਉਹਨੂੰ ਉਸ ਦੇ ਨਾਲਾਇਕ ਪੁੱਤਰ ਨੇ ਕਤਲ ਕਰ ਦਿੱਤਾ ਤੇ 15/20 ਸਾਲ ਦੀ ਸਜ਼ਾ ਕੱਟ ਕੇ ਆਇਆ ਸੀ। ਸਾਡਾ ਤੇ ਸਾਡੇ ਘਰਾਂ ਦਾ ਉਹ ਗਵਾਂਢੀ ਸੀ। ਤੇ ਦੂਜੇ ਤੀਜੇ ਦਿਨ ਹੀ ਉਸਨੇ ਆਪਣੇ ਦੋਸਤਾਂ ਨਾਲ ਮਿਲ ਕੇ ਸਾਡੇ ਘਰ ਡਾਕਾ ਮਾਰ ਦਿੱਤਾ। ਏਸੇ ਡਾਕੇ ਵਿਚ ਮੇਰੇ ਪੜਦਾਦਾ ਜੀ ਜ਼ਖ਼ਮੀ ਹੋਏ ਤੇ ਉਨ੍ਹਾਂ ਦਾ ਪੁੱਤਰ ਉਰਫ਼ ਬੱਕੂ ਪਹਿਲਵਾਨ ਸ਼ਹੀਦ ਹੋਇਆ ਤੇ ਦਿੱਤੇ ਘੁਮਿਆਰ ਦੇ ਮੁੰਡੇ ਦੇ ਤਿੰਨ ਸਾਥੀ ਡਾਕੂ ਮਾਰੇ ਗਏ। ਤਿੰਨਾਂ ਡਾਕੂਆਂ ਨੂੰ ਹੱਥੋ-ਹੱਥ ਲੜਾਈ ਵਿਚ ਮਾਰਨ ਦੇ ਬਾਅਦ ਬੱਕੂ ਪਹਿਲਵਾਨ ਜਦੋਂ ਚੌਥੇ ਨੂੰ ਜ਼ਿੰਦਾ ਫੜਨ ਲਈ ਘਰੋਂ ਬਾਹਰ ਗਲੀ ਵਿਚ ਗਿਆ ਤੇ 'ਬਾਕੀ' ਨੇ ਵਾਪਸ ਆ ਕੇ ਉਸ ਨੂੰ ਮਾਰ ਦਿੱਤਾ। ਇਹ ਹਾਦਸਾ 2.2.1922 ਨੂੰ ਹੋਇਆ ਸੀ। ਮੇਰਾ ਖਿਆਲ ਇਹ ਖ਼ਤ ਖਤਮ ਕਰਦਿਆਂ, ਪਤਾ ਨਹੀਂ ਤੁਹਾਡਾ ਤਿਮਾਹੀ ਚਿਰਾਗ ਉਰਦੂ ਵਾਲਾ ਏ ਜਾਂ ਪੰਜਾਬੀ ਵਾਲਾ। ਜੇ ਪੰਜਾਬੀ ਦਾ ਹੋਇਆ ਤਾਂ ਫੇਰ ਮੈਂ ਆਪਣੀ ਕੋਈ ਨਜ਼ਮ ਵਗੈਰਾ ਘੱਲ ਦਿਆਂ ਕਰਾਂਗਾ। ਮੇਰੀ ਦੂਜੀ ਕਿਤਾਬ ਦਾ ਭੂਮਿਕਾ ਮੁਨੀਰ ਨਿਆਜ਼ਮੀ ਤੇ ਅੰਮ੍ਰਿਤਾ ਪ੍ਰੀਤਮ ਹੋਰਾਂ ਲਿਖਿਆ ਸੀ ਤੇ ਮਨਸੂਰ ਖੱਦਰ ਪੋਸ਼ ਇਨਾਮ ਜੇਤੂ ਹੈ। ਹੋ ਸਕੇ ਤਾਂ ਖ਼ਤ ਦਾ ਜਵਾਬ ਦੇਣਾ। ਮਿਹਰਬਾਨੀ ਹੋਵੇਗੀ, ਕਿਤਾਬ ਵਿਚੋਂ ਤਿੰਨ ਨਜ਼ਮਾਂ ਘੱਲ ਰਿਹਾ ਹਾਂ।

**ਆਪ ਦਾ ਸ਼ਫ਼ੀਕ ਕੁਰੈਸ਼ੀ**

**ਪਿੰਡ ਤੇ ਡਾਕ: ਰਾਜੜ ਖੁਰਦ, ਤਹਿਸੀਲ ਸਰਾਏ ਆਲਮਗੀਰ, ਜ਼ਿਲ੍ਹਾ ਗੁਜਰਾਤ (ਪਾਕਿਸਤਾਨ)**



# ਪੰਜਾਬ ਲੋਕ-ਬੋਲੀ-ਮੇਲਾ 2004

ਗਲੋਬਲਾਈਜ਼ੇਸ਼ਨ ਦੇ ਚੜ੍ਹਦੇ ਹੜ੍ਹ ਵਿਚ ਬੰਦੇ ਦੀਆਂ ਬਹੁਤ ਸਾਰੀਆਂ ਖੱਟੀਆਂ-ਕਮਾਈਆਂ ਡੁੱਬਦੀਆਂ ਜਾਂਦੀਆਂ ਹਨ। ਰਿਆਸਤਾਂ ਦੀ ਆਜ਼ਾਦੀ ਤੋਂ ਲੈ ਕੇ ਬੋਲੀਆਂ ਦੀ ਹਦ ਤਕ ਸੱਭ ਕੁਝ ਇਹਦੀ ਮਾਰ ਹੇਠ ਹੈ। ਲੋਕੀਂ ਸਿਰ ਜੋੜ ਕੇ ਮਤੇ ਪਏ ਪਕਾਉਂਦੇ ਨੇ। ਜਥੇਬੰਦੀਆਂ ਜੁੜ ਕੇ ਇਸ ਮਾਰੂ ਹੜ੍ਹ ਨੂੰ ਠੱਲ੍ਹਣ ਦਾ ਆਹਰ ਪਈਆਂ ਕਰਦੀਆਂ ਹਨ। ਹੋਰ ਕੁਝ ਸਰਦਾ ਬਣਦਾ ਨਾ ਹੋਵੇ ਤਾਂ ਜਲੂਸ ਕੱਢ ਕੇ ਰੋਸ ਕਰਦੀਆਂ ਹਨ।

ਸਾਡੀ ਰਹਿਤਲ (ਸਭਿਆਚਾਰ) ਅਤੇ ਸਾਡੀ ਬੋਲੀ ਨੂੰ ਸੰਸਾਰੀਕਰਨ ਹੜੱਪ ਕਰ ਲੈਣ ਲਈ, ਪਾਸੇ ਪਰਤ ਰਹੀ ਹੈ। ਪਰ ਅਸਾਂ ਹੁਣ ਤਾਈਂ ਇਹਨੂੰ ਡੱਕਣ ਲਈ ਉਚੇਚੇ ਤੌਰ 'ਤੇ ਕੋਈ ਖੇਚਲ ਨਹੀਂ ਕੀਤੀ। ਖ਼ਬਰੇ ਇਸ ਕਾਰਨ ਕਿ ਸਾਡੀ ਮਾਂ ਬੋਲੀ ਤੇ ਸਾਡੇ ਵਿਚਕਾਰ ਪਾੜਾ ਬਸਤੀਵਾਦੀਆਂ ਨੇ ਸ਼ੁਰੂ ਤੋਂ ਹੀ ਪਾ ਦਿੱਤਾ ਸੀ। ਸਾਡੀਆਂ ਮਾਂ-ਬੋਲੀਆਂ ਨੂੰ ਨਿੰਦ ਕੇ ਓਬੜ ਬੋਲੀਆਂ ਨੂੰ ਪ੍ਰਧਾਨ ਕਰ ਦਿੱਤਾ ਸੀ। ਪੜ੍ਹਾਈ, ਸਿੱਖਿਆ ਅਤੇ ਆਮ ਕਾਰ-ਵਿਹਾਰ ਤੋਂ ਇਹਨੂੰ ਵਾਂਝੇ ਕਰਕੇ ਇਹਦੇ ਵਿਕਾਸ ਦਾ ਰਾਹ ਰੋਕ ਦਿੱਤਾ ਸੀ। ਏਸੇ ਕਾਰਨ ਅਸੀਂ ਅਜੇ ਤੀਕ ਮੁਢਲੇ ਤੇ ਬਹੁਤ ਸਿੱਧ-ਪੱਧਰੇ ਸਵਾਲਾਂ ਦੇ ਜਵਾਬ ਵੀ ਨਹੀਂ ਲੱਭ ਸਕੇ। ਕੀ ਆਪਣੀ ਮਾਂ-ਬੋਲੀ ਨਾਲ ਜੁੜ ਕੇ ਅਸੀਂ ਉਜੱਡ ਤੇ ਗੰਵਾਰ ਹੋ ਜਾਵਾਂਗੇ? ਕੀ ਨਵੇਂ ਸਮਾਜ ਦੀਆਂ ਲੋੜਾਂ ਥੁੜਾਂ ਸਾਹਮਣੇ ਸਾਡੀ ਬੋਲੀ ਸਾਵੀਂ ਨਹੀਂ ਆ ਸਕਦੀ ਹੈ? ਪੰਜਾਬ ਦੀਆਂ ਬੋਲੀਆਂ ਇਕੋ ਰੁੱਖ ਦੇ ਪੱਤਰ ਹਨ ਜਾਂ ਵੱਖ-ਵੱਖ ਜ਼ੁਬਾਨਾਂ? ਸਾਡੀਆਂ ਬੋਲੀਆਂ ਕਿਵੇਂ ਲਿਖੀਆਂ, ਕਿਵੇਂ ਪੜ੍ਹਾਈਆਂ ਤੇ ਸਿਖਾਈਆਂ ਜਾ ਸਕਦੀਆਂ ਹਨ?

ਇਹ ਸਵਾਲ ਉਹ ਖੱਪੇ ਹਨ, ਜਿਹਨਾਂ ਵਿਚਕਾਰ ਸਿਆਸੀ ਕਾਵਾਂ ਆਲ੍ਹਣੇ ਪਾ ਲਏ ਹਨ। ਤੇ ਇਹਨਾਂ ਨੂੰ ਪੂਰਨ ਮੇਲਣ ਦਾ ਯਤਨ ਕਰਨ ਵਾਲਿਆਂ ਨੂੰ ਉੱਡ ਉੱਡ ਕੇ ਠੂੰਗੇ ਮਾਰਨੇ ਪੈਂਦੇ ਹਨ ਤੇ ਝੂਠ-ਮੂਠ ਦਾ ਚੀਕ-ਚਿਹਾੜਾ ਪਾਉਂਦੇ, ਵੰਨ-ਸੁਵੰਨੀਆਂ ਦਲੀਲਾਂ ਦਿੰਦੇ ਹਨ।

ਕੁਵੇਲ ਤਾਂ ਹੋ ਗਈ ਹੈ, ਪਰ ਸ਼ਾਇਦ ਅਜੇ ਉਕਾ ਹੀ ਵਿਸਰੀ ਨਹੀਂ। ਏਸ ਮਾਣ ਨਾਲ ਅਸੀਂ ਏਸ ਮੇਲੇ ਦਾ ਆਹਰ ਪਏ ਕਰਦੇ ਹਾਂ ਤਾਂ ਕਿ ਮਿੱਤਰਾਂ ਨੂੰ ਰਲ ਕੇ ਬਿਠਾਵਣ, ਗੱਲ ਕੱਥ ਅਤੇ ਗਿਲੇ-ਗੁਜ਼ਾਰੀਆਂ ਕਰਨ ਦਾ, ਮੌਕਾ ਮਿਲੇ। ਪੰਜਾਬ ਦੀ ਰੰਗ-ਬਰੰਗੀ ਰਹਿਤਲ (ਸਭਿਆਚਾਰ) ਕਲਾਵਾਂ, ਬੋਲੀਆਂ ਨੂੰ ਮਾਨਣ ਦਾ ਸਰਬੰਧ ਹੋਵੇ ਅਤੇ ਅਜੇਹੇ ਮੇਲੇ ਸਜਾਵਣ ਦੀ ਰੀਤ ਪਵੇ, ਜਿਸ ਨਾਲ ਸਾਡੀ ਨਵੀਂ ਰਹਿਤਲ ਦਾ ਮੂੰਹ ਮੁਹਾਂਦਰਾ ਮਿਥਿਆ ਜਾਵੇ।

ਪੰਜਾਬ ਲੋਕ-ਬੋਲੀ ਮੇਲਾ 2004 ਜੋ ਕੁਝ ਮੂੰਹ-ਮੁਹਾਂਦਰਾ ਅਸਾਂ ਸੱਜਣਾਂ ਨਾਲ ਰਲ ਕੇ ਹੁਣ ਤਾਈਂ ਸੋਚਿਆ, ਬਣਾਇਆ ਹੈ, ਉਹ ਤੁਹਾਡੇ ਨਾਲ ਸਾਂਝਾ ਪਏ ਕਰਨੇ ਹਾਂ, ਪਰ ਅਜੇ ਬਹੁਤ ਸਾਰੇ ਵਾਧਿਆਂ ਘਾਟਿਆਂ ਦੀ ਥਾਂ ਮੌਜੂਦ ਹੈ। ਤੁਹਾਡੀਆਂ ਸਲਾਹਵਾਂ ਨੂੰ ਅਸੀਂ ਜੀ ਆਇਆਂ ਆਖਸਾਂ।

ਮੇਲਾ 2004 ਦਾ ਇਕ ਮੁਢਲਾ ਟੀਚਾ ਤਾਂ ਇਹ ਹੈ ਜੋ ਕੁੱਲ ਪੰਜਾਬ ਦੇ ਲਿਖਾਰੀਆਂ, ਸੂਝਵਾਨਾਂ, ਕਲਾਕਾਰਾਂ ਅਤੇ ਬੋਲੀ ਤੇ ਰਹਿਤਲ-ਸੇਵਕਾਂ ਨੂੰ ਇਕ ਥਾਂ ਇਕੱਠਾ ਕੀਤਾ ਜਾਵੇ ਤੇ ਅਜੋਕੇ ਪੰਜਾਬ, ਪੰਜਾਬੀ ਰਹਿਤਲ ਏਥੋਂ ਦੀਆਂ ਮਾਂ-ਬੋਲੀਆਂ ਦੇ ਮਸਲਿਆਂ ਉੱਤੇ ਭਰਵੀਂ ਗੱਲਬਾਤ ਹੋਵੇ। ਜ਼ਰੂਰੀ ਨਹੀਂ ਕਿ ਹਰ ਗੱਲ ਦਾ ਦਸਤੀ ਕੋਈ ਸਿੱਟਾ ਵੀ ਨਿਕਲ ਆਵੇ। ਸਾਡੀ ਜਾਚੇ ਵੱਡੀ ਗੱਲ ਤਾਂ ਇਹ ਹੋਸੀ ਜੋ ਪੰਜਾਬ ਵਿਚ ਹਰ ਵਰ੍ਹੇ ਥਾਂਉਂ-ਥਾਂਈਂ ਅਜੇਹੇ ਪਿੜ ਬੱਝਣ ਅਤੇ ਉਹਨਾਂ ਉਤੇ ਹੋਰਨਾਂ ਮਸਲਿਆਂ ਬਾਰੇ ਗੱਲ ਕਰਨ ਦੀ ਰੀਤ ਟੁਰੇ।

ਮੇਲਾ 2004 ਵਿਚ ਅਸਾਂ ਇਹ ਕੋਸ਼ਿਸ਼ ਵੀ ਪਏ ਕਰਦੇ ਹਾਂ ਜੋ ਸਾਡੀਆਂ ਮਰਦੀਆਂ ਜਾਂਦੀਆਂ ਕਲਾਵਾਂ ਦੀ ਇਕ ਝਾਕੀ ਵਿਖਾਵਣ ਦਾ ਆਹਰ ਹੋਵੇ। ਏਸ ਲਈ ਅਸਾਂ ਰਹਿਤਲ ਰਾਸਧਾਰੀਆਂ ਅਤੇ

ਪੁਤਲੀ ਤਮਾਸ਼ਾ ਕਰਨ ਵਾਲਿਆਂ ਨੂੰ ਵੀ ਮੇਲੇ ਵਿਚ ਸੱਦਿਆ ਹੈ। ਨਾਲ ਹੀ ਅਜੋਕੇ ਰਾਸ-ਖੇਡਣ ਵਾਲਿਆਂ, ਸ਼ਾਇਰਾਂ ਅਤੇ ਕਹਾਣੀਕਾਰਾਂ ਨੂੰ ਵੀ ਆਪਣੀਆਂ ਰਚਨਾਵਾਂ ਲੋਕਾਈ ਨਾਲ ਸਾਂਝਾ ਕਰਨ ਦਾ ਮੌਕਾ ਮਿਲਸੀ। ਲੋਕ-ਗਾਇਕਾਂ ਦੇ ਬਿਨਾਂ ਤਾਂ ਕੋਈ ਮੇਲਾ, ਮੇਲਾ ਅਖਵਾਉਂਦਾ ਹੀ ਨਹੀਂ।

ਮੇਲੇ ਦੇ ਪਿੜ ਵਿਚ ਦਸਤਕਾਰੀਆਂ ਅਤੇ ਦੂਜੀਆਂ ਖਾਵਣ, ਪੀਵਣ ਅਤੇ ਹੰਢਾਵਣ ਵਰਤਾਵਣ ਵਾਲੀਆਂ ਚੀਜ਼ਾਂ ਵਸਤਾਂ ਦੀਆਂ ਹੱਟੀਆਂ ਲਗਣਗੀਆਂ। ਇਕ ਥਾਂ ਜਥੇਬੰਦੀਆਂ ਦੇ ਸਟਾਲਾਂ ਲਈ ਵੀ ਹੋਸੀ, ਜਿਥੇ ਇਹ ਆਪਣੇ ਨਜ਼ਰੀਏ ਦਾ ਪਰਚਾਰ ਕਰ ਸਕਣਗੀਆਂ। ਇਕ ਹੋਰ ਪਿੜ ਘੱਟ-ਖਿਲੌਰ (exhibition) ਲਈ ਵੀ ਹੋਸੀ ਜਿਥੋਂ ਮੂਰਤਕਾਰ ਆਪਣੇ ਕੰਮ ਦੀ ਨੁਮਾਇਸ ਲਾਵਣਗੇ। ਇਹ ਮੇਲਾ ਅਸਾਂ ਚੋਖੀ ਚੰਗੀ ਸੋਚ ਵਿਚਾਰ ਮਗਰੋਂ ਦੀਪਾਲਪੁਰ ਜ਼ਿਲਾ ਔਕਾੜਾ ਵਿਚ ਕਰਨ ਦਾ ਫ਼ੈਸਲਾ ਕੀਤਾ ਹੈ। ਸਾਡੀ ਜਾਚੇ ਅਜੇਹੇ ਇਕੱਠਾਂ ਨੂੰ ਵੱਡੇ ਸ਼ਹਿਰਾਂ ਦੇ ਲਿਸ਼ਕਦੇ ਹੋਟਲ ਵਿਚ ਤਾੜ ਦੇਵਣ ਵਿਚ ਕੋਈ ਸਿਆਣਫ ਨਹੀਂ।

ਇਹ ਮੇਲਾ ਪੂਰੇ ਇਕ ਹਫ਼ਤੇ ਤਾਈਂ ਲੱਗਿਆ ਰਹਿਸੀ। ਹੱਟੀਆਂ ਘੱਟ-ਖਿਲੌਰਾ ਅਤੇ ਤਮਾਸ਼ੇ ਤਾਂ ਮੰਗਲਵਾਰ 17 ਫਰਵਰੀ ਨੂੰ ਸਜ ਜਾਸਣਗੇ ਤੇ ਆਲੇ ਦੁਆਲੇ ਦੇ ਪਿੰਡਾਂ ਸ਼ਹਿਰਾਂ ਤੋਂ ਲੋਕੀ ਆਵਸਣ।

ਹੋਰ ਥਾਵਾਂ ਤੋਂ ਪ੍ਰਾਹੁਣੇ ਜੁੰਮਾਂ ਫਰਵਰੀ 20 ਦਿਨੇ ਢੁਕਸਣਗੇ ਤੇ ਗਾਵਣ, ਰਾਸ, ਮੁਸ਼ਾਇਰਾ, ਕਹਾਣੀ ਦਰਬਾਰ ਗੱਲ-ਕੱਥ ਮੁਹਾੜ ਦੇ ਸੈਸ਼ਨ ਸ਼ੁਰੂ ਹੋ ਜਾਸਣ ਤੇ ਐਤਵਾਰ 22 ਫਰਵਰੀ ਦੁਪਹਿਰੀਂ ਮੇਲਾ ਮੁੱਕਸੀ। ਅਸਾਂ ਪੂਰੇ ਪੰਜਾਬ ਤੋਂ ਕੋਈ 500 ਜੀਆਂ ਨੂੰ ਤਿੰਨ ਵਿਹੜੇ ਦੀਪਾਲਪੁਰ ਵਿਚ ਠਹਿਰਾਵਣ ਅਤੇ ਉਹਨਾਂ ਦੇ ਰੋਟੀ ਟੁੱਕਰ ਦਾ ਪ੍ਰਬੰਧ ਕਰਨ ਵਿਚ ਜੁਟੇ ਹੋਏ ਹਾਂ। ਅਸਾਡੀ ਖਾਹਿਸ਼ ਹੈ ਜੋ ਪੰਜਾਬ ਦੇ ਹਰ ਜ਼ਿਲੇ ਤੋਂ ਘੱਟੋ-ਘੱਟ ਇਕ ਢਾਣੀ ਮੇਲੇ ਵਿਚ ਜ਼ਰੂਰ ਆਵੇ।

ਪ੍ਰੋਗਰਾਮ : ਮੰਗਲ ਤੋਂ ਐਤਵਾਰ 17-22 ਫਰਵਰੀ 2004 ਹੱਟੀਆਂ, ਘੱਟ-ਖਿਲੌਰਾ, ਗਾਵਣ, ਖੇਡਾਂ ਤੇ ਤਮਾਸ਼ੇ, ਸਵੇਰੇ 11 ਵਜੇ ਤੋਂ ਰਾਤੀ 11 ਵਜੇ ਤੀਕ।

ਜੁੰਮਾ: 20 ਫਰਵਰੀ 2004: ਪਰਾਹੁਣੇ ਢੁਕਸਣ ਸਵੇਰ ਤੋਂ ਸ਼ਾਮਾਂ ਤੀਕਰ।

ਗਾਵਣ: ਸ਼ਾਮੀਂ ਛੇ ਵਜੇ ਤੋਂ ਰਾਤੀਂ 10 ਵਜੇ ਤੋੜੀਂ ਦੋ ਪਿੜਾਂ ਵਿਚ ਨਾਲੋ ਨਾਲ ਲੋਕ-ਗੀਤ ਹੋਸਣ।

ਰਾਸ: ਰਾਤੀਂ 10 ਵਜੇ ਤੋਂ 11 ਵਜੇ ਤੀਕਰ ਦੋ ਪਿੜਾਂ ਵਿਚ ਰਹਿਤਲ ਰਾਸ ਖੇਡੀ ਵੈਸੀ।

ਹਫ਼ਤਾ 21 ਫਰਵਰੀ 2004: ਗਾਲ ਮੁਹਾੜ : ਸਵੇਰੇ 10 ਵਜੇ ਤੋਂ ਸ਼ਾਮੀ 5 ਵਜੇ ਤੋੜੀਂ ਦੋ ਪਿੜ ਨਾਲੋਂ ਨਾਲ ਬਹਿਸਣ। ਹਰ ਇਕ ਵਿਚ ਤਿੰਨ ਬੈਠਕਾਂ ਹੋਸਣ।

ਮੁਸ਼ਾਹਿਰਾ ਤੇ ਕਹਾਣੀ-ਦਰਬਾਰ : ਸ਼ਾਮੀਂ ਛੇ ਵਜੇ ਤੋਂ ਰਾਤੀਂ 10 ਵਜੇ ਤੀਕ। ਇਕ ਪਿੜ ਵਿਚ ਮੁਸ਼ਾਹਿਰਾ ਤੇ ਦੂਜੇ ਵਿਚ ਕਹਾਣੀ-ਦਰਬਾਰ

ਐਤਵਾਰ 22 ਫਰਵਰੀ 2004 : ਸਵੇਰੇ 10 ਵਜੇ ਤੋਂ 11.30 ਵਜੇ ਤਾਈਂ ਇਹ ਇਕ ਪਿੜ ਵਿਚ ਸੱਜਣਾਂ ਦੀਆਂ ਸਲਾਹਵਾਂ ਇਕੱਠੀਆਂ ਕਰਨ ਲਈ ਤੇ ਦੂਜੇ ਮਤੇ ਪਕਾਵਣ ਲਈ ਹੋਸੀ। ਮੇਲਾ 12 ਵਜੇ ਮੁਕਸੀ।

ਖ਼ਤ ਪੱਤਰ ਲਈ ਸਿਰਨਾਵਾਂ: ਪੰਜਾਬ ਲੋਕ-ਸੁਜਾਗ, 100 ਟੀਪੂ ਬਲਾਕ ਨਿਊ ਗਾਰਡਨ ਟਾਊਨ, ਲਾਹੌਰ ਪਾਕਿਸਤਾਨ) ਫੋਨ: +9242-583 0985

ਸਾਡੀ ਵੈਬ-ਸਾਈਟ :— w.w.w.lokpunjab.org/mela

ਸਾਂਝਾ ਈ-ਮੇਲ :mela @lokpunjab.org •



## ਵਾਘਿਓਂ ਪਾਰ

ਤਿੰਨ ਨਜ਼ਮਾਂ/ਸ਼ਫੀਕ ਕੁਰੈਸ਼ੀ (ਪਾਕਿਸਤਾਨ)

**1. ਹੱਟੀ**

ਸੋਨੇ ਰੰਗੀ ਸ਼ਾਮ ਦਾ ਸੀ
ਜਾਂ ਚਾਂਦੀ ਰੰਗੀ ਸਵੇਰ ਦਾ,
ਡੂੰਘੀ ਕਾਲੀ ਰਾਤ ਦਾ ਜਾਂ
ਅੰਨ੍ਹੇ ਅੰਨ ਹਨੇਰ ਦਾ।
ਕਿਹੜਾ ਭਾਰਾ ਵੇਲਾ ਸੀ ਜਦ
ਮੇਰੇ ਸਾਹਮਣੇ ਆਈ ਸੀ
ਹੋਣੀ ਨੂੰ ਮੈਂ ਵੇਖ ਨਾ ਸਕਿਆ
ਮੈਨੂੰ ਸਮਝ ਨਾ ਆਈ ਸੀ

**2. ਸਾਂਝ**

ਅਸੀਂ ਸਾਂ ਤਿਰਹਾਏ ਅਜ਼ਲ ਦੇ
ਸਾਨੂੰ ਪਿਆਰ ਸਮੁੰਦਰਾਂ ਅੰਦਰੋਂ
ਲੱਭ ਸਕੀ ਨਾ ਲੱਪ
ਕਿਸੇ ਬੇਦਰਦੀ ਕੋਈ ਰਿਸ਼ਤਾ
ਕਿਤੇ ਖੱਬਿਓਂ ਦਿੱਤਾ ਕੱਪ।
ਅੱਜ ਲਹੂ ਤੇ ਮਾਸ ਦੀ ਸਾਂਝ ਨੂੰ
ਡੰਗ ਗਿਆ ਹੈ ਜ਼ਹਿਰੀ ਸੱਪ

**3. ਦੁੱਖ ਦਾ ਸਾਥ**

ਕਦੀ ਵੀ ਸਾਡਾ ਚੱਲ ਨਹੀ ਸਕਿਆ
ਦੁੱਖਾਂ ਉਤੇ ਜ਼ੋਰ
ਲੋਕਾਂ ਦੇ ਦੁੱਖ ਹੋਰ ਤਰ੍ਹਾਂ ਦੇ
ਸਾਡੇ ਦੁੱਖ ਨੇ ਹੋਰ।
ਲੋਕੀ ਹਾਸਾ ਹੱਸਣ
ਤੇ ਉਹ ਹਾਸਾ
ਹਾਸਾ ਲੱਗੇ
ਸਾਡਾ ਹਾਸਾ, ਹਾਸੇ ਦਾ ਕੋਈ
ਪੁੱਠਾ ਪਾਸਾ ਲੱਗੇ
ਇਕੋ ਹੀ ਆਸ 'ਤੇ ਜ਼ਿੰਦਾ ਹਾਂ ਕਿ
ਦੁੱਖ ਸਦਾ ਨਹੀਂ ਸਹਿਣਾ
ਧਰਤੀ ਉਤੇ ਮਾਰ ਪਥੱਲਾ
ਬੈਠ ਅਸਾਂ ਨਹੀਂ ਰਹਿਣਾ

ਪਿੰਡ-ਰਾਜੜ ਖੁਰਦ
ਤਹਿ.-ਸਰਾਏ ਆਲਮਗੀਰ
ਜ਼ਿਲਾ-ਗੁਜਰਾਤ (ਪਾਕਿਸਤਾਨ)

## ਹਿੰਦੀ ਕਵਿਤਾ ਹੇਮੰਤ ਕੁਕਰੇਤੀ

**ਬਾਬੇ ਦਾ ਪੰਜਾਬੀ ਹੋਟਲ**

ਬਿਜਲੀ ਦੀ ਤੇਜ਼ ਅੱਖ ਨਾਲ
ਮਾਲਕ ਨੇ ਗਾਹਕ ਤੋਂ ਪੈਸੇ ਲੈ ਕੇ ਗਿਣੇ
ਤੇ ਮੈਨੂੰ ਵੀ ਭਾਂਪ ਲਿਆ।

ਖਾਣਾ ਪੱਕਣ ਦੀਆਂ ਆਵਾਜ਼ਾਂ ਉੱਠ
ਰਹੀਆਂ ਸਨ
ਜਿਸ ਦੀ ਮਹਿਕ ਨੂੰ ਮੁੜਕੇ, ਭੁੱਖ ਤੇ
ਥਕਾਵਟ ਦੀ ਗੰਧ
ਦਬਾਉਣਾ ਚਾਹੁੰਦੀ ਸੀ।
ਮੈਲ ਜੰਮੀ ਪਲੇਟ ਵਿਚੋਂ ਸੌਫ਼ ਖਾਣ ਦੀ
ਇੱਛਾ ਨਹੀਂ ਹੋਈ,
ਪਾਣੀ ਦਾ ਗਲਾਸ ਕਦੀ
ਸਟੀਲ ਦਾ ਰਿਹਾ ਹੋਵੇਗਾ
ਪਰ ਹੁਣ ਉਸ ਨੇ ਮੇਰੀ
ਤੇਹ ਨੂੰ ਮਾਰ ਕੇ ਰੱਖ ਦਿੱਤਾ ਸੀ।

ਨਿਪਾਲੀ ਛੋਕਰੇ ਨੇ ਆ ਕੇ ਨਾ
ਜਾਣੇ ਕੀ ਕੀ ਨਾਂ ਲਿਖਾਏ
ਥੱਕਿਆ ਹੋਇਆ ਮੇਰਾ ਦਿਮਾਗ
ਦਹੀਂ ਵਾਂਗੂੰ ਜੰਮ ਗਿਆ ਸੀ।
ਬੁੱਲ੍ਹ ਬਹੀ ਰੋਟੀ ਵਾਂਗੂੰ ਫਟ ਰਹੇ ਸੀ
ਸ਼ੁਕਰ ਹੈ ਕਿ ਇਹ ਦੋਵੇਂ ਚੀਜ਼ਾਂ ਯਾਦ ਨਹੀਂ
ਰਹੀਆਂ।
ਸਬਜ਼ੀ ਨਹੀਂ ਚਾਹੀਦੀ
ਉਸ ਨੇ ਇੰਝ ਕਿਹਾ, ਜਿਵੇਂ ਮਾਸਟਰ ਜੀ
ਸਬਕ ਭੁੱਲ ਜਾਣ
'ਤੇ ਡਾਂਟਦੇ ਨੇ।

ਕੰਧ ਦੀ ਘੜੀ ਰਾਤ ਦੇ ਬਾਰਾਂ ਵਜਾਉਣਾ
ਚਾਹੁੰਦੀ ਸੀ
ਬਾਹਰ ਕੋਹਰਾ ਹਨੇਰੇ ਨੂੰ ਹਰਾਉਣ 'ਤੇ ਲੱਗਿਆ

ਹੋਇਆ ਸੀ
ਬਿਰਖ ਕਿਸੇ ਵੱਲ ਦੇ ਵੀ ਨਹੀਂ ਸੀ
ਕਿਸੇ ਦਾ ਪੱਖ ਲੈ ਕੇ ਦੂਸਰੇ ਨਾਲ ਪੰਗਾ ਕਿਉਂ
ਲੈਣ?
ਕੁਝ ਇਸ ਤਰ੍ਹਾਂ ਸੋਚਦੇ ਹੋਏ
ਉਹ ਤਾਰਿਆਂ ਨੂੰ ਤੱਕੀ ਜਾ ਰਹੇ ਸੀ।
ਮੇਜ਼ ਨੂੰ ਵੇਖਿਆ
ਸ਼ਰਾਬ ਦਾ ਪੁਰਾਣਾ ਪਿਆ ਦਾਗ਼
ਤੇ ਖਾਣ ਦੇ ਦੂਸਰੇ ਸਾਰੇ ਰੰਗ
ਉਥੇ ਜੋ ਦ੍ਰਿਸ਼ ਬਣਾ ਰਹੇ ਸੀ
ਉਸ ਵਿਚ ਮੇਰੇ ਛਲਕੇ
ਚਾਹ ਦੇ ਕੱਪ ਨੇ ਵੀ
ਕੁਝ ਹੋਰ ਹੀ ਰੰਗਤ ਦਾ
ਵਾਧਾ ਕਰ ਦਿੱਤਾ ਸੀ।

ਇਕ ਵਿਦਵਾਨ ਦੀ ਗੱਲ ਯਾਦ ਆਈ
ਕਿ ਆਦਮੀਆਂ ਦੇ
ਚਿਹਰੇ ਸਬਜ਼ੀਆਂ ਵਾਂਗ ਹੁੰਦੇ ਨੇ
ਉਨ੍ਹਾਂ ਦੀਆਂ ਹੋਰ ਗੱਲਾਂ ਵਾਂਗ
ਇਹ ਗੱਲ ਵੀ ਗਲਤ ਲੱਗੀ
ਉਥੇ ਲੋਕੀਂ ਚਿਹਰੇ ਦੀ ਥਾਂ
ਜ਼ਖ਼ਮ ਪਹਿਨ ਕੇ ਆਏ ਸੀ !
ਠੀਕ ਸਾਹਮਣੇ ਦਾ ਸ਼ੀਸ਼ਾ
ਮੇਰੇ ਚਿਹਰੇ ਨੂੰ ਠੀਕ-ਠਾਕ
ਹੀ ਵਿਖਾ ਰਿਹਾ ਸੀ
ਬਾਹਰ ਦੁਕਾਨ ਵਿਚ ਸੁੱਤਾ ਕੁੱਤਾ
ਆਪਣੀ ਕੱਚੀ ਨੀਂਦ ਵਿਚਕਾਰ
ਦੋ ਸੁਪਨੇ ਵੇਖ ਚੁੱਕਾ ਸੀ
ਅਚਾਨਕ ਉੱਠਿਆ ਤੇ ਭੌਂਕਣ ਲੱਗਾ
ਆਪਣੀ ਗੁਰਰਾਹਟ ਕਿਸੇ ਆਦਮੀ ਦੇ
ਮੂੰਹ ਤੋਂ ਸੁਣ ਕੇ
ਉਸ ਨੂੰ ਜਦੋਂ ਤਸੱਲੀ ਹੋ ਗਈ ਕਿ
ਉਸੇ ਹੀ ਦੁਨੀਆ ਵਿਚ ਹੈ
ਤਾਂ ਉਹ ਪੂਛ ਹਿਲਾਉਣ ਲੱਗਾ

ਘੱਟ ਪੈਸੇ ਲੈਣ ਵਾਲੀ ਬੁੱਢੀ
ਵੇਸਵਾ ਨੂੰ ਛੱਡ ਕੇ
ਉਥੇ ਕੋਈ ਘਰੇਲੂ ਔਰਤ ਨਹੀਂ ਸੀ
ਉਸ ਨਾਲ ਸਿਰ ਜੋੜੀ
ਇੱਕ ਬੁੱਢਾ ਕੁਝ ਕਹਿ ਰਿਹਾ ਸੀ
ਜਿਵੇਂ ਬੱਚੇ ਆਪਣੀ ਮਾਂ ਨੂੰ
ਆਪਣੀ ਸ਼ਰਾਰਤ ਬਾਰੇ ਦੱਸਦੇ ਨੇ
ਰੱਜ ਕੇ ਪੀਤੀ ਹੋਏ ਆਦਮੀ ਨੂੰ

ਰੋਣ ਦੀ ਲੋੜ ਪਈ
ਉਸ ਦੇ ਹਟਕੋਰੇ ਭਰਨ ਤੋਂ
ਕਈਆਂ ਨੂੰ ਲੱਗਿਆ
ਕਿ ਰੋਣ ਦੀ ਆਵਾਜ਼
ਉਨ੍ਹਾਂ ਦੇ ਹੀ ਕੰਠ ਵਿਚੋਂ ਨਿਕਲੀ ਹੈ।

ਰਾਤ ਦੀ ਕਾਲੀ ਲਾਸ਼ ਹਨੇਰੇ ਦੀ
ਬਰਫ਼ 'ਤੇ ਰੱਖੀ ਜਾ ਰਹੀ ਸੀ
ਠੰਡਾ ਖਾਣਾ ਗਲੇ ਵਿਚ ਅੜ ਰਿਹਾ ਸੀ
ਪਾਣੀ ਪੇਟ ਵਿਚ ਜਾਣ ਦੀ ਥਾਂ
ਨਾ ਜਾਣੇ ਕਿਸ ਅੰਨ੍ਹੇ ਖੂਹ ਵਿਚ ਜਾ ਰਿਹਾ ਸੀ

ਖਾਣੇ ਵਿਚ ਡਿੱਗਾ ਵਾਲ ਕੱਢ ਕੇ
ਗਲਾਸ ਦੇ ਇਕ ਪਾਸੇ ਰੱਖਿਆ
ਪੈਸੇ ਦਿੰਦੇ ਹੋਏ ਵੇਖਿਆ
ਉਥੇ ਅਜੇ ਵੀ ਲੋਕੀਂ ਆ ਰਹੇ ਸਨ
ਉਨ੍ਹਾਂ ਦੇ ਸਰੀਰ ਵਿਚ
ਬੇਘਰੇ ਹੋਣ ਦੀ ਖੁਸ਼ਬੂ ਫੈਲ ਰਹੀ ਸੀ

ਉਨ੍ਹਾਂ ਨੂੰ ਭੁੱਖ ਨਹੀਂ ਸੀ
ਉਨ੍ਹਾਂ ਤੇ ਵਕਤ ਕੱਟਣਾ ਵੀ
ਉਨ੍ਹਾਂ ਘਰ ਦੀ ਥਾਂ ਕਿਤੇ
ਹੋਰ ਥਾਂ ਜਾਣਾ ਸੀ।

•



## ਪੁਸਤਕ ਪ੍ਰਾਪਤੀ

1. *ਮੈਂ ਅਜੇ ਹੋਣਾ ਹੈ (ਕਵਿਤਾ) ਵਿਸ਼ਾਲ-ਪੰਨੇ 112 ਮੁੱਲ 100/-, ਰੂਪੀ ਪ੍ਰਕਾਸ਼ਨ ਅੰਮ੍ਰਿਤਸਰ*
2. *ਮੇਰਾ ਕੋਈ ਅਨੁਪਾਤ ਨਹੀਂ (ਕਵਿਤਾ) ਗੁਰਦਿਆਲ ਪੱਲ੍ਹਾ, ਪੰਨੇ 80 ਮੁੱਲ 40, ਕੁਕਨਸ ਪ੍ਰਕਾਸ਼ਨ ਜਲੰਧਰ*
3. *ਬਾਕੀ ਦਾ ਦਰਦ (ਕਹਾਣੀਆਂ) : ਪ੍ਰੋ: ਦਵਿੰਦਰ ਮੰਡ, ਪੰਨੇ 96, ਮੁੱਲ 50/-, ਕੁਕਨਸ ਪ੍ਰਕਾਸ਼ਨ, ਜਲੰਧਰ*
4. *ਬਾਗ਼ੀ ਕੋਹੀਂ ਦੀਵਾ (ਕਵਿਤਾ) ਹਰਵਿੰਦਰ ਭੰਡਾਲ, ਪੰਨੇ 76, ਮੁੱਲ 40/-, ਕੁਕਨਸ ਪ੍ਰਕਾਸ਼ਨ ਜਲੰਧਰ*
5. *ਗਿਆਨ ਗੰਗਾ (ਕਥਨਾਵਲੀ) ਅਮਰਜੀਤ ਬਰਾੜ ਪੰਨੇ 80 ਮੁੱਲ 40/- ਕੁਕਨਸ ਪ੍ਰਕਾਸ਼ਨ, ਜਲੰਧਰ*
6. *ਦੁਰਘਟਨਾ (ਨਾਵਲ) ਐਲੀ ਵਾਈਜ਼ਲ ਪੰਨੇ 112 ਮੁੱਲ 35/-, ਕੁਕਨਸ ਪ੍ਰਕਾਸ਼ਨ, ਜਲੰਧਰ।*
7. *ਕੁੱਤਾ ਆਦਮੀ (ਰੂਸੀ ਨਾਵਲ) ਮਿਖਾਈਲ ਬਲਗਾਕੋਵ, ਪੰਨੇ 94, ਮੁੱਲ 50/-, ਚੇਤਨਾ ਪ੍ਰਕਾਸ਼ਨ, ਲੁਧਿਆਣਾ*
8. *ਇਕ ਜੰਗਲ ਮੇਰੇ ਅੰਦਰ (ਕਵਿਤਾ) ਡਾ: ਰਵਿੰਦਰ, ਪੰਨੇ 104 ਮੁੱਲ 100/-. ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, ਲੁਧਿਆਣਾ*
9. *ਅੱਧੇ ਪਾਗਲ (ਵਾਰਤਕ) ਪ੍ਰੋ: ਆਸ਼ਕ ਰਹੀਲ ਪੰਨੇ 94, ਮੁੱਲ 60/- ਗੁਲਸ਼ਨੇ ਅਦਬ ਲਾਹੌਰ (ਪਾਕਿਸਤਾਨ)*
10. *ਅੱਧੀ ਹੋਂਦ ਦੀ ਮਾਲਕ (ਵਾਰਤਕ ਲੇਖ) ਡਾ. ਸ਼ਾਮ ਸੁੰਦਰ ਦੀਪਤੀ ਪੰਨੇ 96-ਮੁੱਲ 50/- ਪ੍ਰੇਰਨਾ ਪ੍ਰਕਾਸ਼ਨ, ਅੰਮ੍ਰਿਤਸਰ*
11. *ਪਹੁ ਫੁਟਾਲਾ (ਨਾਵਲ) ਐਲੀ ਵਾਈਜ਼ਲ ਪੰਨੇ 96 ਮੁੱਲ 35/- ਕੁਕਨਸ ਪ੍ਰਕਾਸ਼ਨ, ਜਲੰਧਰ।*
12. *ਗੀਵੀਓਕਾਰੀ (ਆਲੋਚਨਾ) ਡਾ. ਤੇਜਵੰਤ ਮਾਨ, ਪੰਨੇ 136 ਮੁੱਲ 100/- ਪੰਜਾਬੀ ਸਾਹਿਤ ਸਭਾ ਸੰਗਰੂਰ*
13. *ਸਿਖਰ ਦੁਪਹਿਰਾ (ਕਹਾਣੀਆਂ) ਜਸਵੀਰ ਸਿੰਘ ਰਾਣਾ ਪੰਨੇ 120 ਮੁੱਲ 40/-, ਕੁਕਨਸ ਪ੍ਰਕਾਸ਼ਨ ਜਲੰਧਰ*
14. *ਮੇਰੀ ਕਹਾਣੀ (ਸਵੈ-ਜੀਵਨੀ) ਕਮਲਾ ਦਾਸ ਪੰਨੇ 144, ਮੁੱਲ 70/-, ਲੋਕ ਗੀਤ ਪ੍ਰਕਾਸ਼ਨ,ਚੰਡੀਗੜ੍ਹ*
15. *ਏਨੀ ਮੇਰੀ ਬਾਤ (ਸਵੈ-ਜੀਵਨੀ) ਬੰਤ ਸਿੰਘ ਪੰਧੇਰ ਪੰਨੇ 150 ਮੁੱਲ 60/-, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ*
16. *ਗੰਢਾਂ (ਸੰਪਾਦਤ ਕਹਾਣੀਆਂ) ਸੰਪਾਦਕ ਪ੍ਰੇਮ ਪ੍ਰਕਾਸ਼, ਪੰਨੇ 288, ਮੁੱਲ 125/-, ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ*
17. *ਇਕ ਇੱਟ ਵਾਲੀ ਹਵੇਲੀ (51 ਕਹਾਣੀਆਂ) ਗੁਲਜ਼ਾਰ ਸਿੰਘ ਸੰਧੂ, ਪੰਨੇ 224 ਮੁੱਲ 90, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ*
18. *ਉਪਨਿਸ਼ਦ ਵਿਦਿਆ (ਵਾਰਤਕ) ਲੇਖਕ ਆਰ. ਡੀ. ਨਿਰਾਕਾਰੀ, - ਪੰਨੇ 188, ਮੁੱਲ 75/-, ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ*
19. *ਰਿਗਵੇਦ : ਰਿਸ਼ੀ ਸੰਵਾਦ (ਵਾਰਤਕ) ਆਰ. ਡੀ. ਨਿਰੰਕਾਰੀ, ਪੰਨੇ 224 ਮੁੱਲ 80/-, ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ*
20. *ਰਿਸ਼ੀ ਦਰਸ਼ਨ (ਵਾਰਤਕ) ਆਰ. ਡੀ. ਨਿਰਾਕਾਰੀ ਪੰਨੇ 224, ਮੁੱਲ 80/- ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ।*
21. *ਚੋਣਵੀਆਂ ਕਹਾਣੀਆਂ ਗੁਲਜ਼ਾਰ ਸਿੰਘ ਸੰਧੂ ਪੰਨੇ 128, ਮੁੱਲ 30/-, ਕੁਕਨਸ ਪ੍ਰਕਾਸ਼ਨ. ਜਲੰਧਰ*
22. *ਆਪਾਂ ਕੀ ਲੈਣਾ (ਵਿਅੰਗ) ਬਲਦੇਵ ਆਜ਼ਾਦ ਪੰਨੇ 96, ਮੁੱਲ 40/-, ਕੁਕਨਸ ਪ੍ਰਕਾਸ਼ਨ ਜਲੰਧਰ*
23. *ਰੇਤ ਦਾ ਦਰਵਾਜ਼ਾ (ਫ੍ਰੈਂਚ ਨਾਵਲ) ਤਾਹਿਰ ਬਿਨ ਜੈਲੋਨ ਪੰਨੇ 120, ਮੁੱਲ 30/-ਰੁ:, ਕੁਕਨਸ ਪ੍ਰਕਾਸ਼ਨ, ਜਲੰਧਰ*

**Chiragh Quarterly** **January March-2004**
**Registered with the Registrar of News-Papers of India No- PUN-PUN O 2276/AL/TC94**

